@Qpatrika @qaumipatrika punjabi instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Punjabi National Daily** **Qaumi Patrika** **NO.1**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 13 November 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 13 ਨਵੰਬਰ 2024, 29 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 3, qpatrika@gmail.com ਫੋਨ : 9971359517 www.qaumipatrika.org

## ਬਿਹਾਰ 'ਚ ਉਪ ਚੋਣਾਂ ਮੁਲਤਵੀ ਕਰਾਉਣ ਦੀ ਮੰਗ ਵਾਲੀ ਪਟੀਸ਼ਨ ਸੁਪਰੀਮ ਕੋਰਟ 'ਚ ਖਾਰਜ

ਨਵੀਂ ਦਿੱਲੀ, 12 ਨਵੰਬਰ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ ਵੱਲੋਂ ਬਿਹਾਰ ਵਿਧਾਨ ਸਭਾ ਲਈ ਹੋਣ ਵਾਲੀਆਂ ਉਪ ਚੋਣਾਂ ਮੁਲਤਵੀ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਸੁਪਰੀਮ ਕੋਰਟ ਦੇ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੁਯਨ ਦੀ ਬੈਂਚ ਨੇ ਕਿਹਾ ਕਿ ਤੈਅ ਹੋ ਚੁੱਕੀਆਂ ਉਪ ਚੋਣਾਂ 'ਚ ਦਖਲ ਦੇਣ ਲਈ ਹੁਣ ਬਹੁਤ ਦੇਰ ਹੋ ਚੁੱਕੀ ਹੈ। ਬਿਹਾਰ ਵਿਚ 13 ਨਵੰਬਰ ਨੂੰ ਚਾਰ ਸੀਟਾਂ 'ਤੇ ਵੋਟਾਂ ਪੈਣੀਆਂ ਹਨ। ਇਨ੍ਹਾਂ ਵਿਚ ਰਾਮਗੜ੍ਹ, ਤਰਾਰੀ, ਬੇਲਾਗੰਜ ਤੇ ਇਮਾਮਗੰਜ ਦੀਆਂ ਸੀਟਾਂ ਸ਼ਾਮਲ ਹਨ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਉੱਤਰ ਪ੍ਰਦੇਸ਼, ਪੰਜਾਬ ਅਤੇ ਕੇਰਲ ਵਿਚ ਧਾਰਮਿਕ ਸਮਾਗਮਾਂ ਦਾ ਹਵਾਲਾ ਦੇ ਕੇ ਚੋਣਾਂ ਦੀਆਂ ਤਰੀਕਾਂ ਨੂੰ ਮੁਲਤਵੀ ਕੀਤਾ ਗਿਆ ਹੈ। ਹਾਲਾਂਕਿ ਬਿਹਾਰ ਵਿਚ ਛੱਠ ਪੂਜਾ ਦੇ ਬਾਵਜੂਦ ਅਜਿਹਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਸੁਪਰੀਮ ਕੋਰਟ ਨੇ ਕਿਹਾ ਕਿ ਹੋਰ ਸਿਆਸੀ ਪਾਰਟੀਆਂ ਨੂੰ ਕੋਈ ਸਮੱਸਿਆ ਨਹੀਂ ਹੈ। ਸਿਰਫ ਤੁਹਾਡੀ ਪਾਰਟੀ ਨੂੰ ਸਮੱਸਿਆ ਹੈ। ਤੁਸੀਂ ਇਕ ਨਵੀਂ ਸਿਆਸੀ ਪਾਰਟੀ ਹੋ। ਤੁਹਾਨੂੰ ਇਸ ਗੁੰਝਲਦਾਰ ਸਮੱਸਿਆ ਨੂੰ ਜਾਣਨਾ ਹੋਵੇਗਾ।



# ਸੀਜੇਆਈ ਸੰਜੀਵ ਖੰਨਾ ਨੇ ਪਹਿਲੇ ਹੀ ਦਿਨ ਬਣਾਇਆ ਰਿਕਾਰਡ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 12 ਨਵੰਬਰ। ਜਸਟਿਸ ਸੰਜੀਵ ਖੰਨਾ ਨੇ ਭਾਰਤ ਦੇ 51ਵੇਂ ਚੀਫ ਜਸਟਿਸ (ਸੀਜੇਆਈ) ਵਜੋਂ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ 45 ਮਾਮਲਿਆਂ ਦੀ ਸੁਣਵਾਈ ਕੀਤੀ। ਉਨ੍ਹਾਂ ਨੇ ਵਕੀਲਾਂ ਅਤੇ ਬਾਰ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਰਾਸਟਰਪਤੀ ਭਵਨ ਵਿਚ ਹੋਏ ਇਕ ਸੰਖੇਪ ਸਮਾਗਮ ਵਿਚ ਰਾਸਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਸਹੁੰ ਚੁਕਾਉਣ ਤੋਂ ਬਾਅਦ ਸੀਜੇਆਈ ਖੰਨਾ ਦੁਪਹਿਰ ਨੂੰ ਸੁਪਰੀਮ ਕੋਰਟ ਵਿਚ ਚੀਫ ਜਸਟਿਸ ਦੇ ਕੋਰਟ ਰੂਮ ਵਿਚ ਦਾਖਲ ਹੋਏ। ਸਾਬਕਾ ਅਟਾਰਨੀ ਜਨਰਲ ਅਤੇ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਸਮੇਤ ਬਾਰ ਦੇ ਸੀਨੀਅਰ ਵਕੀਲਾਂ ਵੱਲੋਂ ਉਨ੍ਹਾਂ ਦਾ ਸਾਨਦਾਰ ਸਵਾਗਤ ਕੀਤਾ ਗਿਆ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਸੁੱਕਰਵਾਰ ਨੂੰ ਦਿਨ ਦੀ ਕਾਰਵਾਈ ਦੀ ਸੁਰੂਆਤ 'ਚ ਕਿਹਾ, "ਮੈਂ ਚੀਫ ਜਸਟਿਸ ਦੇ ਤੌਰ 'ਤੇ ਤੁਹਾਡੇ ਸਫਲ ਕਾਰਜਕਾਲ ਦੀ ਕਾਮਨਾ ਕਰਦਾ ਹਾਂ।" ਅਦਾਲਤ ਨੂੰ ਦਿੱਲੀ ਹਾਈ ਕੋਰਟ ਤੋਂ ਇਕ ਹੋਰ ਚੀਫ ਜਸਟਿਸ ਮਿਲੇਗਾ। ਕੋਰਟ ਰੂਮ ਵਿਚ ਮੌਜੂਦ ਹੋਰ ਵਕੀਲਾਂ ਨੇ ਵੀ ਚੀਫ ਜਸਟਿਸ ਨੂੰ ਵਧਾਈ ਦਿੱਤੀ। ਦੁਪਹਿਰ ਤੋਂ ਬਾਅਦ ਜਸਟਿਸ ਸੰਜੇ ਕੁਮਾਰ ਨਾਲ ਕੋਰਟ ਰੂਮ ਨੰਬਰ ਇਕ ਵਿਚ ਇਕੱਠੇ ਹੋਏ ਵਕੀਲਾਂ ਨੂੰ ਜਸਟਿਸ ਖੰਨਾ ਨੇ ਧੰਨਵਾਦ ਕਿਹਾ। ਜਦੋਂ ਇਕ ਮੈਂਬਰ ਨੇ ਇਕ ਦਿਨ ਵਿਚ ਸੁਣਵਾਈ ਲਈ ਸੂਚੀਬੱਧ ਕੇਸਾਂ ਦੀ ਲੜੀ ਬਾਰੇ ਇੱਕ ਮੁੱਦਾ ਉਠਾਇਆ ਤਾਂ ਸੀਜੇਆਈ ਨੇ ਕਿਹਾ ਕਿ ਇਹ ਉਨ੍ਹਾਂ ਦੇ ਧਿਆਨ ਵਿਚ ਹੈ ਅਤੇ ਉਹ ਇਸ 'ਤੇ ਵਿਚਾਰ ਕਰਨਗੇ। ਚੀਫ ਜਸਟਿਸ ਦੁਪਹਿਰ 2.30 ਵਜੇ ਤੱਕ ਅਦਾਲਤ ਦੇ ਕਮਰੇ ਵਿਚ ਰਹੇ ਅਤੇ 45 ਸੂਚੀਬੱਧ ਕੇਸਾਂ ਦੀ ਸੁਣਵਾਈ ਕੀਤੀ, ਜਿਨ੍ਹਾਂ ਵਿਚ ਜਿ਼ਆਦਾਤਰ ਵਪਾਰਕ ਮੁਕੱਦਮੇ ਸਨ। ਵਿਚੋਲਗੀ ਫੈਸਲੇ ਖਿਲਾਫ ਪੱਛਮੀ ਬੰਗਾਲ ਸਰਕਾਰ ਦੁਆਰਾ ਦਾਇਰ ਕੀਤੀ ਪਟੀਸਨ 'ਤੇ ਚੀਫ ਜਸਟਿਸ ਨੇ ਕਿਹਾ ਕਿ ਨਾਗਰਿਕਾਂ ਨੂੰ ਗੁੰਮਰਾਹ ਨਹੀਂ ਕੀਤਾ ਜਾ ਸਕਦਾ। ਚੀਫ ਜਸਟਿਸ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਸਾਲਸੀ ਦੇ ਫੈਸਲੇ ਦੇ ਖਿਲਾਫ ਰਾਜ ਸਰਕਾਰ ਦੀ ਅਪੀਲ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਵਿਚ ਰਾਜ ਸਰਕਾਰ ਨੂੰ ਮਾਰੀਸਸ ਸਥਿਤ ਇਕ ਕੰਪਨੀ ਨੂੰ ਵਾਅਦਾ ਕੀਤੇ ਟੈਕਸ ਪ੍ਰੋਤਸਾਹਨ ਤਹਿਤ ਭੁਗਤਾਨ ਕਰਨ ਲਈ ਕਿਹਾ ਗਿਆ ਸੀ। ਇਸ ਤੋਂ ਪਹਿਲਾਂ ਜਸਟਿਸ ਖੰਨਾ ਨੇ ਰਾਸਟਰਪਤੀ ਭਵਨ ਵਿਚ "ਗੌਡ ਦੇ ਨਾਂ ਵਿਚ" ਅੰਗਰੇਜੀ ਵਿਚ ਸਹੁੰ ਚੁੱਕੀ। 14 ਮਈ, 1960 ਨੂੰ ਜਨਮੇ ਜਸਟਿਸ ਖੰਨਾ ਛੇ ਮਹੀਨਿਆਂ ਤੋਂ ਥੋੜ੍ਹੇ ਸਮੇਂ ਲਈ ਭਾਰਤ ਦੇ ਚੀਫ ਜਸਟਿਸ ਵਜੋਂ ਸੇਵਾ ਨਿਭਾਉਣਗੇ ਅਤੇ 13 ਮਈ, 2025 ਨੂੰ 65 ਸਾਲ ਦੀ ਉਮਰ ਪੂਰੀ ਕਰਨ ਤੋਂ ਬਾਅਦ ਸੇਵਾਮੁਕਤ ਹੋ ਜਾਣਗੇ। ਉਨ੍ਹਾਂ ਜਸਟਿਸ ਡੀ. ਵਾਈ. ਚੰਦਰਚੂੜ ਜੋ ਐਤਵਾਰ ਨੂੰ ਸੇਵਾਮੁਕਤ ਹੋਏ, ਉਨ੍ਹਾਂ ਦਾ ਸਥਾਨ ਲਿਆ ਹੈ ਜਿਹੜੇ ਐਤਵਾਰ ਨੂੰ ਸੇਵਾਮੁਕਤ ਹੋ ਗਏ। ਸਹੁੰ ਚੁੱਕ ਸਮਾਗਮ ਵਿਚ ਜਸਟਿਸ ਚੰਦਰਚੂੜ ਤੋਂ ਇਲਾਵਾ ਉਪ ਰਾਸਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ, ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਅਤੇ ਸਾਬਕਾ ਚੀਫ ਜਸਟਿਸ ਜੇ. ਐੱਸ. ਖੇਹਰ ਵੀ ਹਾਜਰ ਸਨ।



## ਰਾਹੁਲ ਗਾਂਧੀ ਦੇ ਜਹਾਜ 'ਚ ਤਕਨੀਕੀ ਖਰਾਬੀ, ਉਡਾਣ ਭਰਦੇ ਵਾਪਸ ਏਅਰਪੋਰਟ 'ਤੇ ਪਰਤਿਆ

ਬੁਲਢਾਣਾ 12 ਨਵੰਬਰ। ਕਾਂਗਰਸ ਆਗੂ ਰਾਹੁਲ ਗਾਂਧੀ ਦੇ ਜਹਾਜ ਵਿੱਚ ਤਕਨੀਕੀ ਖਰਾਬੀ ਕਾਰਨ ਮੰਗਲਵਾਰ ਨੂੰ ਬੁਲਢਾਣਾ ਜਿ਼ਲ੍ਹੇ ਦੇ ਚਿਖਲੀ ਵਿੱਚ ਹੋਣ ਵਾਲੀ ਉਹਨਾਂ ਦੀ ਚੋਣ ਰੈਲੀ ਰੱਦ ਕਰ ਦਿੱਤੀ ਗਈ। ਰਾਹੁਲ ਗਾਂਧੀ ਨੇ ਮਹਾਰਾਸਟਰ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਉਮੀਦਵਾਰ ਰਾਹੁਲ ਬੋਂਦਰੇ ਦੇ ਸਮਰਥਨ ਵਿੱਚ ਦੁਪਹਿਰ 12.30 ਵਜੇ ਚਿਖਲੀ ਵਿੱਚ ਇੱਕ ਜਨਸਭਾ ਨੂੰ ਸੰਬੋਧਨ ਕਰਨਾ ਸੀ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਇੱਕ ਵੀਡੀਓ ਜਾਰੀ ਕਰਕੇ ਰੈਲੀ ਨੂੰ ਰੱਦ ਕਰਨ ਦੇ ਕਾਰਨ ਦੀ ਜਾਣਕਾਰੀ



ਦਿੱਤੀ। ਉਹਨਾਂ ਕਿਹਾ, "ਮੈਂ ਅੱਜ ਚੀਖਲੀ ਆਉਣਾ ਸੀ ਪਰ ਮੇਰੇ ਜਹਾਜ ਵਿੱਚ ਤਕਨੀਕੀ ਖਰਾਬੀ ਕਾਰਨ ਮੈਂ ਇੱਥੇ ਨਹੀਂ ਆ ਸਕਿਆ। ਇਸ ਲਈ ਮੈਂ ਮੁਆਫੀ ਚਾਹੁੰਦਾ ਹਾਂ। ਮੈਂ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਨਾ ਸੀ ਅਤੇ ਸੋਇਆਬੀਨ ਉਤਪਾਦਕ ਕਿਸਾਨਾਂ ਨਾਲ ਗੱਲਬਾਤ ਕਰਨੀ ਸੀ। ਸੋਇਆਬੀਨ ਅਤੇ ਕਪਾਹ ਦੇ ਕਿਸਾਨ ਵੱਡੀਆਂ ਮੁਸਕਲਾਂ ਦਾ ਸਾਹਮਣਾ ਕਰ ਰਹੇ ਹਨ।" ਰਾਹੁਲ ਗਾਂਧੀ ਨੇ ਕਿਹਾ, "ਮੈਂ ਜਾਣਦਾ ਹਾਂ ਕਿ ਭਾਜਪਾ ਸਰਕਾਰ ਸੋਇਆਬੀਨ ਅਤੇ ਕਪਾਹ ਦੇ ਕਿਸਾਨਾਂ ਨੂੰ ਉਚਿਤ ਭਾਅ ਨਹੀਂ ਦਿੰਦੀ। ਜਿਵੇਂ ਹੀ ਵਿਰੋਧੀ ਗਠਜੋੜ 'ਇੰਡੀਆ' ਸੱਤਾ 'ਚ ਆਵੇਗਾ, ਤਾਂ ਅਸੀਂ ਤੁਹਾਡੀਆਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਕੋਸਿ਼ਸ ਕਰਾਂਗੇ।" ਪਾਰਟੀ ਸੂਤਰਾਂ ਨੇ ਦੱਸਿਆ ਕਿ ਜਹਾਜ 'ਚ ਤਕਨੀਕੀ ਖਰਾਬੀ ਕਾਰਨ ਗਾਂਧੀ ਦਾ ਜਹਾਜ ਟੇਕ ਆਫ ਨਹੀਂ ਕਰ ਸਕਿਆ। ਕਾਂਗਰਸੀ ਆਗੂ ਵੱਲੋਂ ਅੱਜ ਗੋਂਡੀਆ ਜਿ਼ਲ੍ਹੇ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਨ ਦੀ ਸੰਭਾਵਨਾ ਹੈ।

## ਸ਼੍ਰੀਲੰਕਾ ਦੀ ਜਲ ਸੈਨਾ ਨੇ ਤਾਮਿਲਨਾਡੂ ਦੇ 12 ਮਛੇਰਿਆਂ ਨੂੰ ਕੀਤਾ ਗ੍ਰਿਫਤਾਰ

ਚੇਨਈ 12 ਨਵੰਬਰ। ਤਾਮਿਲਨਾਡੂ ਦੇ ਨਾਗਾਪੱਟੀਨਮ ਜਿ਼ਲ੍ਹੇ 12 ਮਛੇਰਿਆਂ ਨੂੰ ਸੋਮਵਾਰ ਨੂੰ ਸ੍ਰੀਲੰਕਾ ਦੀ ਜਲ ਸੈਨਾ ਨੇ ਕਥਿਤ ਤੌਰ 'ਤੇ ਸ੍ਰੀਲੰਕਾ ਦੇ ਜਲ ਖੇਤਰ ਵਿਚ ਘੁਸਪੈਠ ਕਰਕੇ ਮੱਛੀਆਂ ਫੜਨ ਦੇ ਦੋਸ ਵਿਚ ਗ੍ਰਿਫਤਾਰ ਕਰ ਲਿਆ। ਮੱਛੀ ਪਾਲਣ ਵਿਭਾਗ ਦੇ ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਦੇ ਵਿਰੋਧ ਵਿਚ ਮਛੇਰਿਆਂ ਨੇ ਰਾਮੇਸਵਰਮ ਦੇ ਪੰਬਨ ਵਿਖੇ ਪ੍ਰਦਰਸਨ ਕੀਤਾ ਅਤੇ ਸ਼੍ਰੀਲੰਕਾ ਦੀ ਜਲ ਸੈਨਾ ਵੱਲੋਂ ਫੜੇ ਗਏ ਨਾਗਾਪੱਟੀਨਮ ਦੇ ਮਛੇਰਿਆਂ ਅਤੇ ਰਾਜ ਦੇ ਹੋਰ ਲੋਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਦੇ ਤੁਰੰਤ ਦਖਲ ਦੀ ਮੰਗ ਕੀਤੀ। ਉਨ੍ਹਾਂ ਤਾਮਿਲਨਾਡੂ ਦੇ ਮਛੇਰਿਆਂ ਦੀਆਂ ਲਗਾਤਾਰ ਗ੍ਰਿਫਤਾਰੀਆਂ ਅਤੇ ਉਨ੍ਹਾਂ ਦੀਆਂ ਮੱਛੀਆਂ ਫੜਨ ਵਾਲੀਆਂ ਕਿਸਤੀਆਂ ਨੂੰ ਜਬਤ ਕਰਨ ਦੀਆਂ ਘਟਨਾਵਾਂ 'ਤੇ ਵੀ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ। ਵੱਡੀ ਗਿਣਤੀ ਵਿੱਚ ਮਛੇਰਿਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਵਿਰੋਧ ਕਾਰਨ ਪੰਬਨ ਵਿੱਚ ਆਵਾਜਾਈ ਪ੍ਰਭਾਵਿਤ ਹੋਈ।

## '84 ਦੰਗਾ ਮਾਮਲਾ: ਟਾਈਟਲਰ ਨੂੰ ਹਾਈ ਕੋਰਟ ਤੋਂ ਝਟਕਾ

ਨਵੀਂ ਦਿੱਲੀ, 12 ਨਵੰਬਰ। ਦਿੱਲੀ ਹਾਈ ਕੋਰਟ ਨੇ ਸੋਮਵਾਰ ਸਪੱਸਟ ਕੀਤਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇਕ ਮਾਮਲੇ 'ਚ ਕਾਂਗਰਸੀ ਆਗੂ ਜਗਦੀਸ ਟਾਈਟਲਰ ਖਿਲਾਫ ਕਤਲ ਦੇ ਮੁਕੱਦਮੇ ਦੀ ਸੁਣਵਾਈ ਜਾਰੀ ਰਹੇਗੀ। ਜਸਟਿਸ ਮਨੋਜ ਕੁਮਾਰ ਓਹਰੀ ਨੇ ਇਹ ਫੈਸਲਾ ਟਾਈਟਲਰ ਦੀ ਉਸ ਪਟੀਸਨ 'ਤੇ ਸੁਣਵਾਈ ਦੌਰਾਨ ਦਿੱਤਾ ਜਿਸ 'ਚ ਉਸ ਨੇ ਦਿੱਲੀ ਦੀ ਅਦਾਲਤ 'ਚ ਆਪਣੇ ਵਿਰੁੱਧ ਚੱਲ ਰਹੇ ਮੁਕੱਦਮੇ 'ਤੇ ਰੋਕ ਲਾਉਣ ਦੀ ਬੇਨਤੀ ਕੀਤੀ ਸੀ। ਅਦਾਲਤ ਮਾਮਲੇ ਦੀ ਅਗਲੀ ਸੁਣਵਾਈ 29 ਨਵੰਬਰ ਨੂੰ ਕਰੇਗੀ। ਜਸਟਿਸ ਓਹਰੀ ਨੇ ਕਿਹਾ ਕਿ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਮੁਕੱਦਮਾ ਜਾਰੀ ਰਹੇਗਾ। ਇਹ ਮੌਜੂਦਾ ਕਾਰਵਾਈ ਦੇ ਨਤੀਜਿਆਂ ਅਧੀਨ ਹੋਵੇਗਾ। ਟਾਈਟਲਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਇਸਤਗਾਸਾ ਪੱਖ ਦੇ ਗਵਾਹ ਦੇ ਬਿਆਨ ਦਰਜ ਕਰਨ ਲਈ ਕੇਸ ਨੂੰ ਮੰਗਲਵਾਰ ਹੇਠਲੀ ਅਦਾਲਤ 'ਚ ਸੂਚੀਬੱਧ ਕੀਤਾ ਗਿਆ ਹੈ। ਸਬੰਧਤ ਅਦਾਲਤ ਨੂੰ ਟਾਈਟਲਰ ਵਿਰੁੱਧ ਕਤਲ ਤੇ ਹੋਰ ਦੋਸਾਂ ਸਬੰਧੀ ਹਾਈ ਕੋਰਟ ਦੇ ਹੁਕਮਾਂ ਤੱਕ ਮੁਕੱਦਮੇ ਦੀ ਸੁਣਵਾਈ ਨੂੰ ਰੋਕਣ ਦੇ ਨਿਰਦੇਸ ਦਿੱਤੇ ਜਾਣ। ਅਪਰਾਧਾਂ ਲਈ ਦੋਸ ਤੈਅ ਕਰਨ ਨੂੰ ਚੁਣੌਤੀ ਦੇਣ ਵਾਲੀ ਪਟੀਸਨ 'ਤੇ ਫੈਸਲਾ ਆਉਣ ਤੱਕ ਕੇਸ ਦੀ ਸੁਣਵਾਈ ਨਹੀਂ ਕੀਤੀ ਜਾਣੀ ਚਾਹੀਦੀ।



# ਭ੍ਰਿਸ਼ਟ ਨੇਤਾਵਾਂ ਨੂੰ ਉਲਟਾ ਲਟਕਾ ਦੇਵਾਂਗੇ, ਕੋਲੇ ਦੀ ਤਸਕਰੀ ਰੋਕਾਂਗੇ : ਅਮਿਤ ਸ਼ਾਹ

**ਏਜੰਸੀਆਂ**

ਨੈਸ਼ਨਲ ਡੈਕਸ 12 ਨਵੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਮੰਗਲਵਾਰ ਨੂੰ ਝਾਰਖੰਡ ਵਿਚ ਕਥਿਤ ਭ੍ਰਿਸਟਾਚਾਰ ਅਤੇ ਕੋਲੇ ਦੀ ਤਸਕਰੀ ਲਈ ਜੇਐੱਮਐੱਮ ਦੀ ਅਗਵਾਈ ਵਾਲੇ ਗਠਜੋੜ ਦੀ ਆਲੋਚਨਾ ਕੀਤੀ ਅਤੇ ਰਾਜ ਦੇ ਵੋਟਰਾਂ ਨੂੰ ਭਾਜਪਾ ਦੇ ਹੱਥ ਮਜਬੂਤ ਕਰਨ ਦੀ ਅਪੀਲ ਕੀਤੀ ਤਾਂ ਕਿ 'ਭ੍ਰਿਸਟ ਨੇਤਾਵਾਂ ਨੂੰ ਉਲਟਾ ਲਟਕਾਇਆ ਜਾ ਸਕੇ।' ਸਾਹ ਨੇ ਇਹ ਵੀ ਐਲਾਨ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਰਾਜ 'ਚ ਹਰ ਘੁਸਪੈਠੀਏ ਦੀ ਪਛਾਣ ਕਰੇਗੀ ਅਤੇ ਉਸ ਨੂੰ ਦੌੜਾ ਦਿੱਤਾ। ਉਨ੍ਹਾਂ ਨੇ ਰਾਜ ਦੇ ਕੋਲਾ ਖਨਨ ਖੇਤਰ ਝਰੀਆ 'ਚ ਭਾਜਪਾ ਦੀ ਇਕ ਰੈਲੀ 'ਚ ਕਿਹਾ, "ਝਾਰਖੰਡ 'ਚ ਭਾਜਪਾ ਦੇ ਸੱਤਾ 'ਚ ਆਉਣ 'ਤੇ ਕੋਲੇ ਦੀ ਤਸਕਰੀ ਰੋਕੀ ਜਾਵੇਗੀ...ਵਪਾਰੀਆਂ ਨੂੰ ਹੁਣ ਡਰਨ ਦੀ ਲੋੜ ਨਹੀਂ ਹੈ।" ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ ਰਾਜ 'ਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਜਨਤਾ ਦਾ ਪੈਸਾ ਲੁੱਟਣ ਵਾਲੇ ਝਾਰਖੰਡ ਦੇ ਭ੍ਰਿਸ਼ਟ ਨੇਤਾਵਾਂ ਨੂੰ ਬਖਸ਼ਿਆ ਨਹੀਂ ਜਾਵੇਗਾ।" ਸ਼ਾਹ ਨੇ ਦਾਅਵਾ ਕੀਤਾ, "ਅਸੀਂ ਭ੍ਰਿਸ਼ਟ ਨੇਤਾਵਾਂ ਨੂੰ ਸਿੱਧਾ ਕਰਨ ਲਈ ਉਨ੍ਹਾਂ ਨੂੰ ਉਲਟਾ ਲਟਕਾ ਦੇਵਾਂਗੇ।" ਕੇਂਦਰੀ ਮੰਤਰੀ ਨੇ ਦਾਅਵਾ ਕੀਤਾ, "ਹੇਮੰਤ ਬਾਬੂ ਘੁਸਪੈਠੀਆਂ ਲਈ ਲਾਲ ਕਾਲੀਨ (ਰੈੱਡ ਕਾਰਪੇਟ) ਵਿਛਾ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਨ। ਅਸੀਂ ਝਾਰਖੰਡ 'ਚ ਭਾਜਪਾ ਦੇ ਸੱਤਾ 'ਚ ਆਉਣ 'ਤੇ ਉਨ੍ਹਾਂ ਦੀ ਪਛਾਣ ਕਰਾਂਗੇ ਅਤੇ ਉਨ੍ਹਾਂ ਦੇ ਰਾਜ ਤੋਂ ਬਾਹਰ ਦੌੜਾ ਦੇਵਾਂਗੇ।" ਉਨ੍ਹਾਂ ਨੇ ਦੋਸ਼ ਲਗਾਇਆ ਕਿ ਘੁਸਪੈਠੀਏ ਆਦਿਵਾਸੀ ਔਰਤਾਂ ਨਾਲ ਵਿਆਹ ਕਰ ਰਹੇ ਹਨ ਅਤੇ ਉਨ੍ਹਾਂ ਦੀ ਜਮੀਨ ਹੜੱਪ ਰਹੇ ਹਨ। ਸ਼ਾਹ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਤੁਹਾਡਾ ਇਕ ਵੋਟ ਝਾਰਖੰਡ ਦੀ ਕਿਸਮਤ ਤੈਅ ਕਰੇਗਾ। ਇਹ ਵੀ ਤੈਅ ਕਰੇਗਾ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਔਰਤਾਂ 'ਲਖਪਤੀ' ਬਣਨਗੀਆਂ ਜਾਂ ਝਾਰਖੰਡ ਦੇ ਭ੍ਰਿਸ਼ਟ ਨੇਤਾ ਆਪਣੀਆਂ ਤਿਜੋਰੀਆਂ ਭਰਨਗੇ।" ਸ਼ਾਹ ਨੇ ਦਾਅਵਾ ਕੀਤਾ, "ਮੋਦੀ ਦੀ ਗਾਰੰਟੀ 'ਪੱਥਰ ਦੀ ਲਕੀਰ' ਹੈ। ਝਾਰਖੰਡ 'ਚ ਭਾਜਪਾ ਦੇ ਸੱਤਾ 'ਚ ਆਉਣ 'ਤੇ ਔਰਤਾਂ ਦਾ ਸੰਪਤੀ ਰਜਿਸਟਰੇਸ਼ਨ ਇਕ ਰੁਪਏ 'ਚ ਕੀਤਾ ਜਾਵੇਗਾ।" ਭਾਜਪਾ ਆਗੂ ਨੇ ਕਾਂਗਰਸ ਨੇਤਾ ਸੋਨੀਆ ਗਾਂਧੀ 'ਤੇ ਵੀ ਤੰਜ ਕੱਸਿਆ ਅਤੇ ਵੋਟਰਾਂ ਨੂੰ ਭਾਜਪਾ ਦੇ ਪ੍ਰਤੀਕ ਚਿੰਨ੍ਹ 'ਕਮਲ' ਲਈ ਇੰਨੀ ਜੋਰ ਨਾਲ ਬਟਨ ਦਬਾਉਣ ਦੀ ਅਪੀਲ ਕੀਤੀ ਕਿ ਉਸ ਦਾ 'ਕਰੰਟ ਇਟਲੀ 'ਚ ਮਹਿਸੂਸ' ਹੋਵੇ।



# ਸੰਜੌਲੀ ਮਸਜਿਦ ਮਾਮਲੇ 'ਚ ਸੁਣਵਾਈ ਟਲੀ, ਸਥਾਨਕ ਲੋਕਾਂ ਨੇ ਦਾਇਰ ਕੀਤੀ ਪਟੀਸ਼ਨ

**ਨਵਦੀਪ ਸਿੰਘ ਸਾਹਨੀ**

ਸਿਮਲਾ 12 ਨਵੰਬਰ। ਇਥੋਂ ਦੀ ਇਕ ਸਥਾਨਕ ਅਦਾਲਤ ਨੇ ਸੋਮਵਾਰ ਨੂੰ ਸੰਜੌਲੀ ਮਸਜਿਦ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਕਿਉਂਕਿ ਸਥਾਨਕ ਵਾਸੀਆਂ ਨੇ ਇਕ ਅਰਜੀ ਦਾਇਰ ਕਰਕੇ ਇਸ ਮਾਮਲੇ 'ਚ ਉਨ੍ਹਾਂ ਨੂੰ ਪੱਖਕਾਰ ਬਣਾਏ ਜਾਣ ਦੀ ਅਪੀਲ ਕੀਤੀ ਹੈ। ਸਿ਼ਮਲਾ ਦੇ ਵਧੀਕ ਜਿ਼ਲ੍ਹਾ ਜੱਜ (ਏਡੀਜੇ) ਦੀ ਅਦਾਲਤ ਨੇ 'ਆਲ ਹਿਮਾਚਲ ਮੁਸਲਿਮ ਆਰਗੇਨਾਈਜੇਸਨ' (ਏ.ਐਚ.ਐਮ.ਓ.) ਵੱਲੋਂ ਦਾਇਰ ਅਪੀਲ ਦੀ ਬਰਕਰਾਰਤਾ 'ਤੇ ਫੈਸਲਾ ਕਰ ਨਲਈ ਸੁਣਵਾਈ ਟਾਲ ਦਿੱਤੀ, ਜਿਸ 'ਚ ਨਗਰ ਕਮਿਸ਼ਨਰ ਦੀ ਅਦਾਲਤ ਦੇ 5 ਅਕਤੂਬਰ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਹੈ। ਨਗਰ ਕਮਿਸਨਰ ਦੀ ਅਦਾਲਤ ਨੇ 2 ਮਹੀਨਿਆਂ ਅੰਦਰ ਮਸਜਿਦ ਦੀਆਂ ਤਿੰਨ ਅਣਅਧਿਕਾਰਤ ਮੰਜਿ਼ਲਾਂ ਨੂੰ ਢਾਹੁਣ ਦੀ ਇਜਾਜਤ ਦੇ ਦਿੱਤੀ ਸੀ। ਏਡੀਜੇ ਕੋਰਟ ਨੇ ਏਐੱਚਐੱਮਓ ਦੀ ਅਪੀਲ ਅਤੇ ਸਥਾਨਕ ਨਿਵਾਸੀਆਂ ਦੁਆਰਾ ਦਾਇਰ ਪਟੀਸਨ 'ਤੇ ਫੈਸਲਾ ਕਰਨ ਲਈ ਅਗਲੀ ਸੁਣਵਾਈ 14 ਨਵੰਬਰ ਨੂੰ ਤੈਅ ਕੀਤੀ ਹੈ। ਸਿ਼ਮਲਾ ਸਥਿਤ ਸੰਜੌਲੀ ਮਸਜਿਦ ਦੇ ਚੇਅਰਮੈਨ ਲਤੀਫ ਮੁਹੰਮਦ ਅਤੇ ਮੁਸਲਿਮ ਭਾਈਚਾਰੇ ਦੇ ਹੋਰ ਲੋਕਾਂ ਨੇ 12 ਸਤੰਬਰ 2024 ਨੂੰ ਮਸਜਿਦ ਦੀਆਂ ਤਿੰਨ ਅਣਅਧਿਕਾਰਤ ਮੰਜਿ਼ਲਾਂ ਨੂੰ ਢਾਹੁਣ ਦੀ ਪੇਸਕਸ ਕੀਤੀ ਸੀ ਅਤੇ ਨਗਰ ਨਿਗਮ ਕਮਿਸਨਰ ਤੋਂ ਇਜਾਜਤ ਮੰਗੀ ਸੀ। ਨਗਰ ਨਿਗਮ ਕਮਿਸਨਰ ਦੀ ਅਦਾਲਤ ਨੇ 5 ਅਕਤੂਬਰ 2024 ਨੂੰ ਅਣਅਧਿਕਾਰਤ ਫਰਸਾਂ ਨੂੰ ਢਾਹੁਣ ਦੀ ਇਜਾਜਤ ਦੇ ਦਿੱਤੀ ਸੀ ਅਤੇ ਢਾਹੁਣ ਦਾ ਕੰਮ ਪੂਰਾ ਕਰਨ ਲਈ 2 ਮਹੀਨਿਆਂ ਦਾ ਸਮਾਂ ਦਿੱਤਾ ਸੀ। ਇਸ ਤੋਂ ਬਾਅਦ ਏ.ਐੱਚ.ਐੱਮ.ਓ. ਨੇ ਹੁਕਮਾਂ ਵਿਰੁੱਧ ਅਪੀਲ ਦਾਇਰ ਕੀਤੀ। ਸਿ਼ਮਲਾ ਦੇ ਸੰਜੌਲੀ ਇਲਾਕੇ 'ਚ 11 ਸਤੰਬਰ ਨੂੰ ਇਕ ਮਸਜਿਦ ਦੇ ਇਕ ਹਿੱਸੇ ਨੂੰ ਢਾਹੁਣ ਦੀ ਮੰਗ ਨੂੰ ਲੈ ਕੇ ਹੋਏ ਪ੍ਰਦਰਸਨ ਦੌਰਾਨ 10 ਲੋਕ ਜਖਮੀ ਹੋ ਗਏ ਸਨ।



## ਝਾਰਖੰਡ ਤੇ ਪੱਛਮੀ ਬੰਗਾਲ 'ਚ 17 ਥਾਵਾਂ 'ਤੇ ਈ. ਡੀ. ਨੇ ਮਾਰੇ ਛਾਪੇ

ਰਾਂਚੀ 12 ਨਵੰਬਰ। ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਬੰਗਲਾਦੇਸੀ ਨਾਗਰਿਕਾਂ ਦੀ ਕਥਿਤ ਗੈਰ-ਕਾਨੂੰਨੀ ਘੁਸਪੈਠ ਨਾਲ ਸਬੰਧਤ ਮਨੀ ਲਾਂਡਰਿੰਗ ਜਾਂਚ ਦੇ ਸਿਲਸਿਲੇ ਵਿਚ ਮੰਗਲਵਾਰ ਪੱਛਮੀ ਬੰਗਾਲ ਤੇ ਝਾਰਖੰਡ 'ਚ ਕਈ ਥਾਵਾਂ 'ਤੇ ਛਾਪੇ ਮਾਰੇ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੰਘੀ ਜਾਂਚ ਏਜੰਸੀ ਦੇ ਝਾਰਖੰਡ ਦਫਤਰ ਦੇ ਅਧਿਕਾਰੀ ਰਾਜ ਵਿੱਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਵੋਟਿੰਗ ਤੋਂ ਇੱਕ ਦਿਨ ਪਹਿਲਾਂ, ਦੋ ਗੁਆਂਢੀ ਰਾਜਾਂ ਵਿੱਚ ਕੁੱਲ 17 ਥਾਵਾਂ 'ਤੇ ਤਲਾਸੀ ਲੈ ਰਹੇ ਹਨ। ਮੀਡੀਆ 'ਚ ਆਈਆਂ ਤਸਵੀਰਾਂ 'ਚ ਸੀ. ਆਰ. ਪੀ. ਐੱਫ. ਦੇ ਜਵਾਨ ਰਾਂਚੀ ਵਿਚ ਬਰਿਆਟੂ ਰੋਡ 'ਤੇ ਸਥਿਤ ਇਕ ਹੋਟਲ ਤੇ ਸਹਿਰ ਦੇ ਇਕ ਰਿਜਾਰਟ ਦੇ ਬਾਹਰ ਤਾਇਨਾਤ ਦਿਸੇ। ਈ.ਡੀ. ਦੀਆਂ ਟੀਮਾਂ ਅੰਦਰ ਦਸਤਾਵੇਜ, ਬਹੀ-ਖਾਤਿਆਂ ਅਤੇ ਵਿੱਤੀ ਰਿਕਾਰਡ ਦੀ ਜਾਂਚ ਕਰ ਰਹੀਆਂ ਸਨ। ਏਜੰਸੀ ਨੇ ਆਪਣੇ ਅਧਿਕਾਰਤ 'ਐਕਸ' ਅਕਾਊਂਟ 'ਤੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਛਾਪੇਮਾਰੀ ਦੌਰਾਨ ਜਾਅਲੀ ਆਧਾਰ ਕਾਰਡ, ਜਾਅਲੀ ਪਾਸਪੋਰਟ, ਗੈਰ-ਕਾਨੂੰਨੀ ਹਥਿਆਰ, ਰੀਅਲ ਅਸਟੇਟ ਦੇ ਦਸਤਾਵੇਜ, ਨਕਦੀ, ਗਹਿਣੇ ਤੇ ਧੋਖਾਦੇਹੀ ਲਈ ਵਰਤੇ ਗਏ ਦਸਤਾਵੇਜ ਜਬਤ ਕੀਤੇ ਗਏ। ਪ੍ਰਿੰਟਿੰਗ ਮਸੀਨਾਂ ਅਤੇ ਖਾਲੀ ਪ੍ਰਫਾਰਮੇ ਵੀ ਬਰਾਮਦ ਹੋਏ।

# ਸਿੱਧੂ ਤੋਂ ਬਾਅਦ ਚੰਨੀ ਨੇ ਵੀ ਬਣਾਈ ਵਿਧਾਨ ਸਭਾ ਉਪ ਚੋਣਾਂ ਤੋਂ ਦੂਰੀ, ਕੀ ਠੀਕ ਹੈ ਕਾਂਗਰਸ ਦਾ ਮਾਹੌਲ?

**ਤੇਜਿੰਦਰ ਕੌਰ ਬੱਬਰ**

ਲੁਧਿਆਣਾ 12 ਨਵੰਬਰ। ਕਾਂਗਰਸ ਦੇ ਆਗੂ ਭਾਵੇਂ ਹੀ ਕਿੰਨੇ ਦਾਅਵੇ ਕਿਉਂ ਨਾ ਕਰ ਲੈਣ, ਪਰ ਮੌਜੂਦਾ ਸਥਿਤੀ ਤੋਂ ਇਹੀ ਜਾਪਦਾ ਹੈ ਕਿ ਪਾਰਟੀ ਦੇ ਅੰਦਰ ਸਭ ਠੀਕ ਨਹੀਂ ਚੱਲ ਰਿਹਾ ਹੈ, ਜਿਸ ਦਾ ਸਬੂਤ ਇਨ੍ਹਾਂ ਦਿਨਾਂ 'ਚ ਪੰਜਾਬ ਦੀਆਂ 4 ਸੀਟਾਂ 'ਤੇ ਹੋ ਰਹੀਆਂ ਵਿਧਾਨ ਸਭਾ ਉਪ ਚੋਣਾਂ ਦੌਰਾਨ ਨੂੰ ਦੇਖਣ ਨੂੰ ਮਿਲ ਰਿਹਾ ਹੈ। ਇਹ ਉਪ ਚੋਣਾਂ ਵਿਧਾਇਕਾਂ ਦੇ ਅਸਤੀਫਾ ਦੇ ਕੇ ਐੱਮ.ਪੀ. ਬਣਨ ਦੀ ਵਜ੍ਹਾ ਨਾਲ ਹੋ ਰਹੀਆਂ ਹਨ, ਜਿਨ੍ਹਾਂ 'ਚ ਕਾਂਗਰਸ ਵੱਲੋਂ ਗਿੱਦੜਬਾਹਾ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਡੇਰਾ ਬਾਬਾ ਨਾਨਕ ਤੋਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਨੂੰ ਟਿਕਟ ਦਿੱਤੀ ਗਈ ਹੈ, ਜਦਕਿ ਚੱਬੇਵਾਲ ਤੋਂ ਨਵੇਂ ਚਿਹਰੇ ਰਣਜੀਤ ਕੁਮਾਰ ਅਤੇ ਬਰਨਾਲਾ ਤੋਂ ਹਰਦੀਪ ਢਿੱਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਜਿਥੋਂ ਤੱਕ ਇਨ੍ਹਾਂ ਉਮੀਦਵਾਰਾਂ ਲਈ ਪ੍ਰਚਾਰ ਕਰਨ ਦਾ ਸਵਾਲ ਹੈ, ਉਸ ਲਈ ਰਾਜਾ ਵੜਿੰਗ ਤਾਂ ਭਾਜਪਾ ਦੇ ਮਨਪ੍ਰੀਤ ਬਾਦਲ ਅਤੇ 'ਆਮ ਆਦਮੀ ਪਾਰਟੀ' ਦੇ ਡਿੰਪੀ ਢਿੱਲੋਂ ਦੇ ਨਾਲ ਸਖਤ ਮੁਕਾਬਲੇ ਕਾਰਨ ਗਿੱਦੜਬਾਹਾ 'ਚ ਫਸ ਕੇ ਰਹਿ ਗਏ ਹਨ। ਇਹ ਕਮੀ ਪੂਰੀ ਕਰਨ ਦੀ ਕੋਸ਼ਿਸ਼ ਨੇਤਾ ਵਿਪੱਖ ਪ੍ਰਤਾਪ ਸਿੰਘ ਬਾਜਵਾ ਕਰ ਰਹੇ ਹਨ, ਜੋ ਚੱਬੇਵਾਲ ਅਤੇ ਬਰਨਾਲਾ ਤੋਂ ਬਾਅਦ ਹੁਣ ਗਿੱਦੜਬਾਹਾ ਪੁੱਜੇ ਹਨ। ਜੇਕਰ ਪੰਜਾਬ ਕਾਂਗਰਸ ਦੇ ਹੋਰ ਵੱਡੇ ਨੇਤਾਵਾਂ ਦੀ ਗੱਲ ਕਰੀਏ ਤਾਂ ਨਵਜੋਤ ਸਿੱਧੂ ਨੇ ਪੰਜਾਬ 'ਚ ਮੌਜੂਦ ਰਹਿਣ ਦੇ ਬਾਵਜੂਦ ਲੰਮੇ ਸਮੇਂ ਤੋਂ ਸਿਆਸੀ ਗਤੀਵਿਧੀਆਂ ਤੋਂ ਦੂਰੀ ਬਣਾਈ ਹੋਈ ਹੈ। ਹੁਣ ਇਸ ਲਿਸਟ 'ਚ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਨਾਂ ਵੀ ਸ਼ਾਮਲ ਹੋ ਗਿਆ ਹੈ, ਜੋ ਪਿਛਲੇ ਕੁਝ ਦਿਨਾਂ ਦੌਰਾਨ ਫਿਲੌਰ, ਨਕੋਦਰ 'ਚ ਤਾਂ ਨਜ਼ਰ ਆਏ ਹਨ ਪਰ ਹੁਣ ਤੱਕ ਇਕ ਵਾਰ ਵੀ ਵਿਧਾਨ ਸਭਾ ਉਪ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰਾਂ ਲਈ ਪ੍ਰਚਾਰ ਕਰਨ ਨਹੀਂ ਗਏ। ਇਨ੍ਹਾਂ 'ਚੋਂ ਚੱਬੇਵਾਲ ਉਨ੍ਹਾਂ ਦੇ ਲੋਕ ਸਭਾ ਖੇਤਰ ਜਲੰਧਰ ਦੇ ਬਿਲਕੁਲ ਨੇੜੇ ਹੈ। ਸੋ ਇਸ ਦੇ ਆਧਾਰ 'ਤੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕਾਂਗਰਸ ਦੇ ਅੰਦਰ ਸਭ ਠੀਕ ਨਹੀਂ ਚੱਲ ਰਿਹਾ ਹੈ। ਪੰਜਾਬ ਦੀਆਂ 4 ਸੀਟਾਂ 'ਤੇ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਲਈ ਮੋਰਚਾ ਸੰਭਾਲਿਆ ਹੋਇਆ ਸੀ ਅਤੇ ਹੁਣ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਵੀ ਐਂਟਰੀ ਹੋ ਗਈ ਹੈ, ਜਿਨ੍ਹਾਂ ਵੱਲੋਂ ਸਰਪੰਚਾਂ ਦੇ ਸਹੁੰ ਚੁੱਕ ਸਮਾਰੋਹ ਦੇ ਬਹਾਨੇ ਪੰਜਾਬ 'ਚ ਆਪਣੀ ਸਿਆਸੀ ਮੌਜੂਦਗੀ ਦਰਜ ਕਰਵਾਈ ਹੈ, ਜਿਸ ਦੇ ਅਗਲੇ ਹੀ ਦਿਨ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਚੱਬੇਵਾਲ ਤੇ ਡੇਰਾ ਬਾਬਾ ਨਾਨਕ 'ਚ 'ਆਪ' ਉਮੀਦਵਾਰਾਂ ਦੇ ਹੱਕ 'ਚ ਰੈਲੀਆਂ ਨੂੰ ਸੰਬੋਧਤ ਕੀਤਾ ਗਿਆ ਹੈ। ਇਸੇ ਤਰ੍ਹਾਂ ਕੇਜਰੀਵਾਲ ਦਾ ਆਉਣ ਵਾਲੇ ਦਿਨਾਂ 'ਚ ਗਿੱਦੜਬਾਹਾ ਅਤੇ ਬਰਨਾਲਾ 'ਚ ਜਾਣ ਦਾ ਪ੍ਰੋਗਰਾਮ ਹੈ, ਜਿਸ ਦੇ ਮੱਦੇਨਜ਼ਰ ਪੰਜਾਬ 'ਚ ਕਾਂਗਰਸ ਦੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਲਈ ਕੇਂਦਰੀ ਲੀਡਰਸ਼ਿਪ ਦੀ ਕਮੀ ਮਹਿਸੂਸ ਹੋਣ ਲੱਗੀ ਹੈ ਕਿਉਂਕਿ ਰਾਜਾ ਵੜਿੰਗ ਗਿੱਦੜਬਾਹਾ ਤੋਂ ਬਾਹਰ ਨਹੀਂ ਨਿਕਲ ਪਾ ਰਹੇ ਹਨ ਅਤੇ ਸਿਰਫ ਪ੍ਰਤਾਪ ਬਾਜਪਾ ਹੀ ਸਟੇਟ ਲੀਡਰਸ਼ਿਪ ਵੱਲੋਂ ਜ਼ਿੰਮੇਦਾਰੀ ਨਿਭਾਅ ਰਹੇ ਹਨ। ਪੰਜਾਬ 'ਚ ਚਰਨਜੀਤ ਚੰਨੀ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਅਤੇ ਰਜਿੰਦਰ ਕੌਰ ਭੱਠਲ ਵੀ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਹਨ। ਇਨ੍ਹਾਂ 'ਚੋਂ ਭੱਠਲ ਦਾ ਬੇਟਾ ਬਰਨਾਲਾ 'ਚ ਕਾਂਗਰਸ ਦੇ ਉਮੀਦਵਾਰ ਲਈ ਕੰਮ ਕਰ ਰਿਹਾ ਹੈ, ਜਦੋਂਕਿ ਕੈਪਟਨ ਭਾਜਪਾ 'ਚ ਸ਼ਾਮਲ ਹੋ ਗਏ ਹਨ ਅਤੇ ਸਿਹਤ ਠੀਕ ਨਾ ਹੋਣ ਦੀ ਵਜ੍ਹਾ ਨਾਲ ਕਈ ਮਹੀਨਿਆਂ ਤੋਂ ਬਾਅਦ ਕੁਝ ਦਿਨ ਪਹਿਲਾਂ ਖੰਨਾ ਦੀ ਅਨਾਜ ਮੰਡੀ 'ਚ ਨਜ਼ਰ ਆਏ ਸੀ ਪਰ ਵਿਧਾਨ ਸਭਾ ਉਪ ਚੋਣਾਂ ਦੌਰਾਨ ਭਾਜਪਾ ਨੂੰ ਉਨ੍ਹਾਂ ਦਾ ਇੰਤਜਾਰ ਹੈ।




## ਕਰਨਾਟਕ ਦੀ ਸਿਆਸਤ 'ਚ 'ਕਾਲੀਆ' ਨੂੰ ਲੈ ਕੇ ਘਮਾਸਾਨ

ਰਾਮਨਗਰ 12 ਨਵੰਬਰ। ਕਰਨਾਟਕ ਦੇ ਮੰਤਰੀ ਬੀ. ਜੈੱਡ. ਜਮੀਰ ਅਹਿਮਦ ਖਾਨ ਨੇ ਕੇਂਦਰੀ ਮੰਤਰੀ ਐੱਚ. ਡੀ. ਕੁਮਾਰਸਵਾਮੀ ਨੂੰ 'ਕਾਲੀਆ' ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ। ਜਨਤਾ ਦਲ (ਸੈਕੁਲਰ) ਨੇ ਕਾਂਗਰਸ ਸਰਕਾਰ ਨੂੰ ਇਸ ਟਿੱਪਣੀ ਲਈ ਜਮੀਰ ਨੂੰ ਮੰਤਰੀ ਮੰਡਲ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ। ਖਾਨ ਨੇ ਐਤਵਾਰ ਨੂੰ ਰਾਮਨਗਰ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਚੰਨਾਪਟਨਾ ਤੋਂ ਕਾਂਗਰਸ ਉਮੀਦਵਾਰ ਸੀ. ਪੀ. ਯੋਗੀਸ਼ਵਰ ਕੋਲ ਇਸ ਤੋਂ ਪਹਿਲਾਂ ਭਾਜਪਾ 'ਚ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਮੰਤਰੀ ਨੇ ਕਿਹਾ, "ਸਾਡੀ ਪਾਰਟੀ (ਕਾਂਗਰਸ) 'ਚ ਕੁਝ ਮਤਭੇਦਾਂ ਦੇ ਕਾਰਨ ਉਨ੍ਹਾਂ ਨੇ ਆਜਾਦ ਉਮੀਦਵਾਰ ਦੇ ਰੂਪ 'ਚ ਚੋਣ ਲੜੀ ਸੀ। ਉਹ ਜਦ (ਐੱਸ) 'ਚ ਸ਼ਾਮਲ ਹੋਣ ਲਈ ਤਿਆਰ ਨਹੀਂ ਸਨ ਕਿਉਂਕਿ 'ਕਾਲੀਆ ਕੁਮਾਰਸਵਾਮੀ' ਭਾਜਪਾ ਨਾਲੋਂ ਜਿ਼ਆਦਾ ਖਤਰਨਾਕ ਸਨ। ਹੁਣ ਉਹ (ਯੋਗੀਸ਼ਵਰ) ਘਰ ਵਾਪਸ (ਕਾਂਗਰਸ 'ਚ) ਆ ਗਏ ਹਨ।

# ਸਕੂਲ 'ਚ ਸੈਲਫੀ ਲੈਣ ਤੋਂ ਰੋਕਿਆ ਤਾਂ 12ਵੀਂ ਦੇ ਵਿਦਿਆਰਥੀ ਨੇ ਚੁੱਕਿਆ ਖੌਫਨਾਕ ਕਦਮ

ਖਰਗੋਨ 12 ਨਵੰਬਰ। ਮੱਧ ਪ੍ਰਦੇਸ ਦੇ ਖਰਗੋਨ ਵਿਚ 12ਵੀਂ ਜਮਾਤ ਦੇ ਇਕ ਵਿਦਿਆਰਥੀ ਨੇ ਇਤਿਹਾਸਕ ਸਥਾਨ ਜਾਮ ਗੇਟ ਤੋਂ ਛਾਲ ਮਾਰ ਕੇ ਖੁਦਕੁਸੀ ਕਰ ਲਈ। ਸਕੂਲ ਪ੍ਰਬੰਧਕਾਂ ਨੇ ਕੈਂਪਸ 'ਚ ਮੋਬਾਇਲ ਫੋਨ ਦੀ ਵਰਤੋਂ ਅਤੇ ਸੈਲਫੀ ਲੈਣ ਦੀ ਕੋਸਿ?ਸ 'ਤੇ ਇਤਰਾਜ ਜਤਾਇਆ ਸੀ। ਪੁਲਸ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਮੰਡਲੇਸਵਰ ਇਲਾਕੇ ਦੇ ਗੁਲਵਾੜ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ 'ਚ ਪੜ੍ਹਦੇ ਅਤੇ ਸਰਕਾਰੀ ਹੋਸਟਲ 'ਚ ਰਹਿਣ ਵਾਲੇ 17 ਸਾਲਾ ਆਦਿਵਾਸੀ ਵਿਦਿਆਰਥੀ ਰਾਜ ਓਸਾਰੀ ਨੇ ਵੀਰਵਾਰ ਦੁਪਹਿਰ ਨੂੰ ਖੁਦਕੁਸੀ ਕਰ ਲਈ। ਉਸ ਦੇ ਰਿਸਤੇਦਾਰਾਂ ਅਤੇ ਇਕ ਗਾਰਡ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸਿ?ਸ ਕੀਤੀ ਪਰ ਉਹ ਉਸ ਨੂੰ ਰੋਕ ਨਹੀਂ ਸਕੇ। ਖਰਗੋਨ ਜਿ?ਲ੍ਹੇ ਦੇ ਪੁਲਸ ਸੁਪਰਡੈਂਟ ਧਰਮਰਾਜ ਮੀਨਾ ਨੇ ਦੱਸਿਆ,"ਰਾਜ ਨੇ ਜਾਮ ਗੇਟ ਤੋਂ ਛਾਲ ਮਾਰ ਦਿੱਤੀ। ਜਦੋਂ ਉਹ ਛਾਲ ਮਾਰਨ ਦੀ ਕੋਸਿ?ਸ ਕਰ ਰਿਹਾ ਸੀ ਤਾਂ ਮੌਕੇ 'ਤੇ ਤਾਇਨਾਤ ਉਸ ਦੇ ਰਿਸਤੇਦਾਰਾਂ ਅਤੇ ਸੁਰੱਖਿਆ ਗਾਰਡ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਪਰ ਉਸ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਅਤੇ ਇਹ ਕਦਮ ਚੁੱਕ ਲਿਆ।" ਅਧਿਕਾਰੀ ਨੇ ਦੱਸਿਆ ਕਿ ਉਸ ਨੂੰ ਮੰਡਲੇਸਵਰ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਮੰਡਲੇਸਵਰ ਖੇਤਰ ਦੇ ਕੱਕੜ ਖੋਦਰੀ ਪਿੰਡ ਦਾ ਰਹਿਣ ਵਾਲਾ ਸੀ। ਮ੍ਰਿਤਕ ਦੇ ਚਾਚਾ ਜਿਤੇਂਦਰ ਓਸਾਰੀ ਨੇ



ਪੁਲਸ ਨੂੰ ਦਿੱਤੇ ਬਿਆਨ 'ਚ ਦੱਸਿਆ ਕਿ ਹੋਸਟਲ ਸੁਪਰਡੈਂਟ ਪ੍ਰਕਾਸ਼ ਗਿਰਵਾਲ ਨੇ ਉਸ ਨੂੰ ਫੋਨ ਕਰ ਕੇ ਸਕੂਲ 'ਚ ਰਾਜ ਵਲੋਂ ਮੋਬਾਇਲ ਫੋਨ ਦਾ ਇਸਤੇਮਾਲ ਕਰਨ ਦੀ ਸ਼ਿਕਾਇਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਕੇ.ਸੀ. ਸਾਂਡ ਨੇ ਬੁੱਧਵਾਰ ਨੂੰ ਸਕੂਲ 'ਚ ਰਾਜ ਦੇ ਸੈਲਫੀ ਲੈਣ 'ਤੇ ਇਤਰਾਜ ਜਤਾਇਆ ਸੀ। ਇਸ 'ਤੇ ਰਾਜ ਨੇ ਖੁਦਕੁਸ਼ੀ ਕਰਨ ਜਾਂ ਸਕੂਲ ਤੋਂ ਦੌੜ ਜਾਣ ਦੀ ਧਮਕੀ ਦਿੱਤੀ। ਪ੍ਰਿੰਸੀਪਲ ਨੇ ਇਸ ਤੋਂ ਬਾਅਦ ਹੋਸਟਲ ਸੁਪਰਡੈਂਟ ਤੋਂ ਰਾਜ ਦੇ ਪਰਿਵਾਰ ਵਾਲਿਆਂ ਨੂੰ ਬੁਲਾ ਕੇ ਮਾਮਲਾ ਸੁਲਝਾਉਣ ਲਈ ਕਿਹਾ ਪਰ ਜਦੋਂ ਉਸ ਦੇ ਰਿਸ਼ਤੇਦਾਰ ਕ੍ਰਿਸ਼ਨਾ ਅਤੇ ਉਸ ਦਾ ਬੇਟਾ ਗਣੇਸ਼ ਉਸ ਨੂੰ ਮਿਲਣ ਸਕੂਲ ਆਏ ਤਾਂ ਰਾਜ ਦੌੜ ਗਿਆ। ਉਹ ਸਾਰੇ ਉਸ ਨੂੰ ਲੱਭਣ ਗਏ ਪਰ ਉਹ ਨਹੀਂ ਮਿਲਿਆ। ਰਾਜ ਬਾਅਦ 'ਚ ਸਕੂਲ ਆਇਆ ਅਤੇ ਹੋਸਟਲ ਸੁਪਰਡੈਂਟ ਨੇ ਤੁਰੰਤ ਉਸ ਦੇ ਪਰਿਵਾਰ ਵਾਲਿਆਂ ਨੂੰ ਇਸ ਦੀ ਸੂਚਨਾ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਉਹ ਰਾਤ 9.30 ਵਜੇ ਮੁੜ ਹੋਸਟਲ ਪਹੁੰਚੇ ਪਰ ਰਾਜ ਹੋਸਟਲ ਦੀ ਚਾਰਦੀਵਾਰੀ ਟੱਪ ਕੇ ਦੌੜ ਗਿਆ। ਉਨ੍ਹਾਂ ਦੱਸਿਆ ਕਿ ਉਹ ਦੇਰ ਰਾਤ ਫਿਰ ਸਕੂਲ ਆਇਆ ਅਤੇ ਵੀਰਵਾਰ ਸਵੇਰੇ ਨਾਸ਼ਤਾ ਕਰਨ ਤੋਂ ਬਾਅਦ ਹੋਸਟਲ ਤੋਂ ਦੌੜ ਗਿਆ। ਪ੍ਰਿੰਸੀਪਲ ਨੇ ਸਟਾਫ ਨੂੰ ਉਸ ਨੂੰ ਫੜਨ ਲਈ ਕਿਹਾ ਪਰ ਉਹ ਅਜਿਹਾ ਨਹੀਂ ਕਰ ਸਕੇ। ਹਾਦਸੇ ਵਾਲੀ ਜਗ੍ਹਾ ਤੋਂ ਉਸ ਦਾ ਮੋਬਾਇਲ ਫੋਨ ਵੀ ਬਰਾਮਦ ਕੀਤਾ ਗਿਆ ਹੈ। ਐੱਸ.ਪੀ. ਨੇ ਕਿਹਾ ਕਿ ਅਜੇ ਤੱਕ ਜਾਂਚ ਦੇ ਆਧਾਰ 'ਤੇ ਸੰਭਾਵਨਾ ਹੈ ਕਿ ਉਸ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਝਿੜਕ ਤੋਂ ਡਰ ਕਾਰਨ ਇਹ ਕਦਮ ਚੁੱਕਿਆ ਹੋਵੇ। ਉਨ੍ਹਾਂ ਦੱਸਿਆ ਕਿ ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ, ਕਿਉਂਕਿ ਘਟਨਾ ਦੇ ਪਿੱਛੇ ਕੋਈ ਹੋਰ ਮਕਸਦ ਵੀ ਹੋ ਸਕਦਾ ਹੈ।

## ਹਾਏ ਰੱਬਾ ! ਮਾਪਿਆਂ ਦੇ ਇਕਲੌਤੇ ਪੁੱਤ ਦੀ ਦਰਦਨਾਕ ਮੌਤ

ਫਾਜਿਲਕਾ 12 ਨਵੰਬਰ। ਫਾਜ਼ਿ?ਲਕਾ ਦੇ ਪਿੰਡ ਪੇਂਚਾਵਾਲੀ 'ਚ ਬਿਜਲੀ ਮਹਿਕਮੇ ਦੇ ਇਕ ਕਰਮਚਾਰੀ ਦੀ ਬਿਜਲੀ ਠੀਕ ਕਰਨ ਦੌਰਾਨ ਕਰੰਟ ਲੱਗਣ ਨਾਲ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ। ਹਾਦਸੇ ਦਾ ਸ਼ਿਕਾਰ ਹੋਇਆ ਉਕਤ ਨੌਜਵਾਨ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਦੱਸਿਆ ਜਾ ਰਿਹਾ ਹੈ ਕਿ ਇਕ ਵਾਹਨ ਨਾਲ ਟਕਰਾਉਣ ਕਾਰਨ ਬਿਜਲੀ ਦਾ ਖੰਭਾ ਟੁੱਟ ਗਿਆ ਅਤੇ ਉਸ ਦੀ ਥਾਂ 'ਤੇ ਨਵਾਂ ਖੰਭਾ ਲਗਾਇਆ ਜਾ ਰਿਹਾ ਸੀ ਅਤੇ ਬਿਜਲੀ ਦੀ ਤਾਰ ਵਿਛਾਈ ਜਾ ਰਹੀ ਸੀ। ਹਾਈਵੋਲਟੇਜ ਤਾਰਾਂ ਦੇ ਚੱਲ ਰਹੇ ਕੰਮ ਦੌਰਾਨ ਨੌਜਵਾਨ ਨੂੰ ਅਚਾਨਕ ਕਰੰਟ ਲੱਗ ਗਿਆ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ

# 2 ਮੋਟਰਸਾਈਕਲ ਸਵਾਰਾਂ ਨੂੰ ਅਣਪਛਾਤੇ ਟਰੱਕ ਚਾਲਕ ਨੇ ਮਾਰੀ ਟੱਕਰ, 1 ਦੀ ਮੌਤ

ਲੁਧਿਆਣਾ 12 ਨਵੰਬਰ। ਥਾਣਾ ਲਾਡੋਵਾਲ ਦੇ ਅਧੀਨ ਆਉਂਦੇ ਪਿੰਡ ਕਾਦੀਆਂ ਮੋੜ ਕੋਲ 2 ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਇਕ ਅਣਪਛਾਤੇ ਟਰੱਕ ਚਾਲਕ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਮੋਟਰਸਾਈਕਲ ਸਵਾਰ ਇਕ ਨੌਜਵਾਨ ਦੀ ਇਲਾਜ ਦੌਰਾਨ ਹਸਪਤਾਲ 'ਚ ਮੌਤ ਹੋ ਗਈ। ਜਾਂਚ ਅਧਿਕਾਰੀ ਥਾਣੇਦਾਰ ਦਲਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਸੁਨੀਲ ਕੁਮਾਰ ਪੁੱਤਰ ਹੰਸ ਰਾਜ ਵਾਸੀ ਪਿੰਡ ਬੱਗਾ ਖੁਰਦ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ 5 ਨਵੰਬਰ ਨੂੰ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਚਚੇਰੇ ਭਰਾ ਸੁਖਬੀਰ ਸਿੰਘ ਨਾਲ ਆਪਣੇ ਘਰ ਬੱਗਾ ਖੁਰਦ ਵੱਲ ਆ ਰਿਹਾ ਸੀ। ਇਸ ਦੌਰਾਨ ਪਿੰਡ




ਕਾਦੀਆਂ ਦੇ ਮੋੜ ਦੇ ਸਾਹਮਣਿਓਂ ਇਕ ਟਰੱਕ ਚਾਲਕ ਜਾ ਰਿਹਾ ਸੀ, ਜਿਸ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਬਾਅਦ ਦੋਵੇਂ ਨੌਜਵਾਨ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਥੇ ਇਕ ਨੌਜਵਾਨ ਸੁਖਬੀਰ ਸਿੰਘ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਸੀ. ਐੱਮ. ਸੀ. ਹਸਪਾਤਲ ਵਿਚ ਰੈਫਰ ਕਰ ਦਿੱਤਾ ਗਿਆ, ਜਿਥੇ ਇਲਾਜ ਦੌਰਾਨ ਸੁਖਬੀਰ ਸਿੰਘ ਦੀ ਮੌਤ ਹੋ ਗਈ। ਇਸ ਤੋਂ ਬਾਅਦ ਪੁਲਸ ਨੇ ਸੁਨੀਲ ਕੁਮਾਰ ਦੀ ਸ਼ਿਕਾਇਤ 'ਤੇ ਅਣਪਛਾਤੇ ਟਰੱਕ ਚਾਲਕ ਖਿਲਾਫ ਗੈਰ-ਇਰਾਦਤਨ ਕਤਲ ਦਾ ਕੇਸ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ।

# ਚਿਕਨ ਖਾਣ ਵਾਲੇ ਸਾਵਧਾਨ, ਹੋਸ਼ ਉਡਾ ਦੇਵੇਗੀ

ਲੁਧਿਆਣਾ 12 ਨਵੰਬਰ। ਸਥਾਨਕ ਸ਼ਹਿਰ ਦੇ ਅੰਦਰੂਨੀ ਅਤੇ ਬਾਹਰਲੇ ਇਲਾਕਿਆਂ 'ਚ ਬਹੁਤ ਸਾਰੇ ਪੋਲਟਰੀ ਫਾਰਮ ਹਨ, ਜਿੱਥੇ ਮੁਰਗੀਆਂ-ਮੁਰਗੇ ਪਾਲੇ ਜਾਂਦੇ ਹਨ। ਕਈ ਮੁਰਗੇ ਜਵਾਨ ਹੋਣ ਤੋਂ ਪਹਿਲਾਂ ਕਈ ਬੀਮਾਰੀਆਂ ਦਾ ਸ਼ਿਕਾਰ ਹੋਣ ਕਰਕੇ ਮਰ ਜਾਂਦੇ ਹਨ। ਉਨ੍ਹਾਂ ਨੂੰ ਨਾ ਦਫਨਾਇਆ ਜਾਂਦਾ ਹੈ, ਨਾ ਹੀ ਨਸ਼ਟ ਕੀਤਾ ਜਾਂਦਾ ਹੈ, ਸਗੋਂ ਉਨ੍ਹਾਂ ਦੀਆਂ ਲਾਸ਼ਾਂ ਸ਼ਹਿਰ ਦੀਆਂ ਕਈ ਮੀਟ ਮਾਰਕੀਟਾਂ 'ਚ ਪਹੁੰਚਾ ਦਿੱਤੀਆਂ ਜਾਂਦੀਆਂ ਹਨ। ਜਿਹੜੇ ਦੁਕਾਨਦਾਰ ਇਹ ਲਾਸ਼ਾਂ ਖਰੀਦ ਲੈਂਦੇ ਹਨ, ਉਹ ਫਿਰ ਗਾਹਕਾਂ ਨੂੰ ਮੂਰਖ ਬਣਾ ਕੇ ਤਾਜ਼ੇ ਬਰਾਇਲਰ ਦੱਸ ਕੇ ਸਸਤੇ ਭਾਅ 'ਤੇ ਵੇਚ ਕੇ ਬੀਮਾਰੀਆਂ ਨੂੰ ਸੱਦਾ ਦਿੰਦੇ ਹਨ। ਯਾਦ ਰਹੇ ਕਿ ਲਾਸ਼ਾਂ ਦੀ ਸਭ ਤੋਂ ਵੱਡੀ ਖੇਪ ਸਥਾਨਕ ਸਿਕੰਦਰੀ ਰੋਡ, ਖੁੱਡ ਮੁਹੱਲਾ ਵਿਚ ਵਾਕਿਆ ਮੀਟ ਮਾਰਕੀਟ 'ਚ ਭੇਜੀ ਜਾਂਦੀ ਹੈ। ਇਸ ਮੀਟ ਮਾਰਕੀਟ ਵਿਚ ਮੀਟ ਦੀਆਂ ਲਗਭਗ 16 ਦੁਕਾਨਾਂ ਹਨ, ਜਿਨ੍ਹਾਂ 'ਚ 3



ਦੁਕਾਨਾਂ 'ਤੇ ਇਹ ਲਾਸ਼ਾਂ ਸ਼ਰੇਆਮ ਵਿਕਦੀਆਂ ਹਨ। ਉਨ੍ਹਾਂ ਦੁਕਾਨਾਂ ਦੀ ਇਹ ਨਿਸ਼ਾਨੀ ਹੈ ਕਿ ਉਨ੍ਹਾਂ ਦੇ ਬਾਹਰ ਅੰਦਰ ਬਦਬੂ ਦੀ ਨੁਮਾਇਸ਼ ਲੱਗੀ ਰਹਿੰਦੀ ਹੈ, ਜਿਥੋਂ ਲੰਘਣਾ ਵੀ ਮੁਸ਼ਕਲ ਹੈ। ਇਸ ਬਦਬੂ ਕਾਰਨ ਮੁਹੱਲਾ ਨਿਵਾਸੀ ਖਤਰਨਾਕ ਬੀਮਾਰੀਆਂ ਦੇ ਸ਼ਿਕਾਰ ਹੋ ਚੁੱਕੇ ਹਨ ਅਤੇ ਹੋਈ ਵੀ ਜਾਂਦੇ ਹਨ। ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਹੈ ਕਿ ਉਕਤ ਦੁਰਦਸ਼ਾ ਦੀ ਸ਼ਿਕਾਇਤ ਸਥਾਨਕ ਮਿਊਂਸੀਪਲ ਕਾਰਪੋਰੇਸ਼ਨ ਦੇ ਕਮਿਸ਼ਨਰ ਅਤੇ ਹੈਲਥ ਸ਼ਾਖਾ ਦੇ ਹੈਲਥ ਅਫਸਰ, ਸਿਵਲ ਸਰਜਨ ਦਫਤਰ, ਵਿਚ ਬੈਠੇ ਹੈਲਥ ਅਫਸਰ ਤੋਂ ਛੁਟ ਹੈਲਥ ਮੰਤਰੀ ਪੰਜਾਬ ਚੰਡੀਗੜ੍ਹ ਪਾਸ ਪੁੱਜ ਚੁੱਕੀ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਯਾਦ ਰਹੇ ਕਿ ਜਗ ਬਾਣੀ 'ਚ ਲੱਗੀ ਖ਼ਬਰ ਇਕ ਵਾਰ ਤਾਂ ਰੰਗ ਲਿਆਈ ਕਿ ਲਾਸ਼ਾਂ ਘੱਟ ਵਿਕਣ ਲੱਗੀਆਂ ਪਰ ਹੁਣ ਫਿਰ ਉਹੀਓ ਹਾਲ ਹੈ ਕਿ ਮਰੇ ਹੋਏ ਮੁਰਗਿਆਂ ਦੀਆਂ ਲਾਸ਼ਾਂ ਸ਼ਰੇਆਮ ਵਿਕ ਰਹੀਆਂ ਹਨ, ਜਿਸ ਲਈ ਖੁੱਡ ਮੁਹੱਲੇ ਦੀ ਮੀਟ ਮਾਰਕੀਟ ਬਦਨਾਮ ਹੈ।

# ਤਿਉਹਾਰੀ ਸੀਜਨ ਦੀ ਮੰਗ ਦੇ ਚੱਲਦੇ ਅਕਤੂਬਰ 'ਚ ਈ-ਵੇਅ ਬਿੱਲ ਰਿਕਾਰਡ ਉਚਾਈ 'ਤੇ ਪਹੁੰਚੇ

ਨਵੀਂ ਦਿੱਲੀ 12 ਨਵੰਬਰ। ਗੁਡਸ ਐਂਡ ਸਰਵਿਸਿਜ ਟੈਕਸ ਨੈੱਟਵਰਕ () ਦੇ ਅੰਕੜਿਆਂ ਅਨੁਸਾਰ ਭਾਰਤ ਦੀ ਸਪਲਾਈ ਚੇਨ ਗਤੀਵਿਧੀ ਅਕਤੂਬਰ 'ਚ ਨਵੀਆਂ ਉਚਾਈਆਂ 'ਤੇ ਪਹੁੰਚ ਗਈ, ਜਿਸ ਵਿੱਚ ਈ-ਵੇਅ ਬਿਲ ਨਿਰਮਾਣ ਇੱਕ ਬੇਮਿਸਾਲ 117.25% ਤੱਕ ਵਧਿਆ, ਜੋ ਕਿ 17% ਦੀ ਸਾਲ ਦਰ ਵਾਧਾ ਦਰਸਾਉਂਦਾ ਹੈ। ਇਹ ਮਜਬੂਤ ਉਛਾਲ ਵਪਾਰ 'ਚ ਇੱਕ ਮਜਬੂਤ ਵਾਧੇ ਨੂੰ ਦਰਸਾਉਂਦਾ ਹੈ। ਇਹ ਤਿਉਹਾਰਾਂ ਦੇ ਸੀਜਨ ਵਿਚ ਨਿਰਮਾਣ, ਉਤਪਾਦਨ ਅਤੇ ਪ੍ਰਚੂਨ ਮੰਗ ਵਿੱਚ ਵਾਧੇ ਕਾਰਨ ਸੰਭਵ ਹੋਇਆ ਹੈ। ਤਿਉਹਾਰਾਂ ਦਾ ਸੀਜਨ, ਜੋ ਅਗਸਤ-ਸਤੰਬਰ ਵਿੱਚ ਰੱਖੜੀ, ਗਣੇਸ ਚਤੁਰਥੀ ਅਤੇ ਓਨਮ ਦੇ ਨਾਲ ਸੁਰੂ ਹੁੰਦਾ ਹੈ ਅਤੇ ਨਵਰਾਤਰੀ, ਦੁਸਹਿਰਾ, ਦੀਵਾਲੀ ਤੱਕ ਜਾਰੀ ਰਹਿੰਦਾ ਹੈ ਅਤੇ ਸਾਲ ਦੇ ਅੰਤ ਵਿੱਚ ਕ੍ਰਿਸਮਿਸ ਦੇ ਨਾਲ ਖਤਮ ਹੁੰਦਾ ਹੈ। ਇਸ ਕਾਰਨ ਤਿਉਹਾਰੀ ਸੀਜਨ ਹੋਣ ਕਾਰਨ ਸੂਬਿਆਂ ਦਰਮਿਆਨ ਸਾਮਾਨ ਭੇਜਣ ਲਈ ਇਲੈਕਟ੍ਰਾਨਿਕ ਪਰਮਿਟ ਸਤੰਬਰ ਦੇ ਅੰਕੜਿਆਂ ਦੇ ਮੁਕਾਬਲੇ ਅਕਤੂਬਰ ਵਿਚ ਇੱਕ ਮਹੱਤਵਪੂਰਨ ਵਾਧਾ ਦਰਸਾਉਂਦਾ ਹੈ। ਕੰਪਨੀਆਂ ਅਕਸਰ ਵਿੱਤੀ ਸਾਲ ਦੇ ਅੰਤ ਵਿੱਚ ਈ-ਵੇਅ ਬਿੱਲਾਂ ਵਿੱਚ ਵਾਧਾ ਵੇਖਦੀਆਂ ਹਨ ਕਿਉਂਕਿ ਉਹ ਟੀਚਿਆਂ ਨੂੰ ਪੂਰਾ ਕਰਨ ਲਈ ਸਟਾਕ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਈ-ਵੇਅ ਬਿੱਲਾਂ ਵਿੱਚ ਵਾਧਾ ਟੈਕਸ ਮਾਲੀਏ ਲਈ ਇੱਕ ਸਕਾਰਾਤਮਕ ਦ੍ਰਿਸਟੀਕੋਣ ਨੂੰ ਦਰਸਾਉਂਦਾ ਹੈ। ਈ-ਵੇਅ ਬਿੱਲ ਗਤੀਵਿਧੀ ਮੈਕਰੋ-ਆਰਥਿਕ ਰੁਝਾਨਾਂ ਨੂੰ ਨੇੜਿਓਂ ਟ੍ਰੈਕ ਕਰਦੀ ਹੈ, ਜਿਸ 'ਚ ਉੱਚ ਭਾੜੇ ਦੀ ਮਾਤਰਾ ਅਕਸਰ ਵਧੇ ਹੋਏ ਆਰਥਿਕ ਉਤਪਾਦਨ ਨੂੰ ਦਰਸਾਉਂਦੀ ਹੈ। ਤਿਉਹਾਰਾਂ ਦੇ ਚੱਲਦੇ ਭਾਰਤ ਦਾ ਵਸਤੂਆਂ ਅਤੇ ਸੇਵਾਵਾਂ ਟੈਕਸ () ਸੰਗ੍ਰਹਿ ਅਕਤੂਬਰ ਵਿੱਚ ਵਧ ਕੇ 1.87 ਰੁਪਏ ਟ੍ਰਿਲੀਅਨ ਹੋ ਗਿਆ, ਜੋ ਕਿ 2017 ਵਿੱਚ ਪ੍ਰਣਾਲੀ ਦੀ ਸੁਰੂਆਤ ਤੋਂ ਬਾਅਦ ਦੂਜਾ ਸਭ ਤੋਂ ਉੱਚਾ ਮਹੀਨਾਵਾਰ ਮਾਲੀਆ ਹੈ। ਦਰਸਾਉਂਦਾ ਹੈ, ਕਿਉਂਕਿ ਵਧ ਰਹੇ "ਈ-ਵੇਅ ਸੰਗ੍ਰਹਿ ਨੂੰ ਅਕਸਰ ਵਿਸਾਲ ਆਰਥਿਕ ਵਿਕਾਸ 'ਚ ਵਾਧੇ ਵਜੋਂ ਦੇਖਿਆ ਜਾਂਦਾ ਹੈ। ਜੀਐਸਟੀ ਮਾਲੀਆ ਈ-ਵੇਅ ਬਿੱਲ ਗਤੀਵਿਧੀ ਦਾ



ਸਤੰਬਰ 'ਚ 1.73 ਰੁਪਏ ਟ੍ਰਿਲੀਅਨ ਦਾ ਸੰਗ੍ਰਹਿ ਸਾਲ-ਦਰ-ਸਾਲ 6.5% ਵੱਧ ਹੋਣ ਤੋਂ ਬਾਅਦ ਇਹ ਅੰਕੜਾ 8.9% ਸਾਲਾਨਾ ਵਾਧਾ ਦਰਸਾਉਂਦਾ ਹੈ। ਇਨਫੋਮੇਰਿਕਸ ਰੇਟਿੰਗ ਦੇ ਮੁੱਖ ਅਰਥ ਸਾਸਤਰੀ ਅਤੇ ਕੇਨਰਾ ਬੈਂਕ ਦੇ ਸਾਬਕਾ ਮੁੱਖ ਅਰਥ ਸਾਸਤਰੀ ਮਨੋਰੰਜਨ ਸਰਮਾ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਵਿੱਚ, ਭਾਰਤ ਦਾ ਈ-ਵੇਅ ਸੰਗ੍ਰਹਿ ਬਹੁਤ ਵਧੀਆ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਪੱਸਟ ਤੌਰ 'ਤੇ ਦਰਸਾਉਂਦਾ ਹੈ ਕਿ ਤਕਨੀਕੀ ਖਾਮੀਆਂ, ਲੀਕੇਜ ਅਤੇ ਨਾਕਾਫੀ ਕਵਰੇਜ ਹੁਣ ਇਤਿਹਾਸ ਬਣ ਗਏ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਭਾਰਤ ਦੀ ਵਿਕਾਸ ਕਹਾਣੀ ਦੀ ਮਜਬੂਤੀ ਅਤੇ ਮਜਬੂਤੀ ਨੂੰ ਸਪਸਟ ਰੂਪ ਵਿੱਚ ਨੇੜਿਓਂ ਪਾਲਣ ਕਰਦਾ ਹੈ, ਕਿਉਂਕਿ ਉੱਚ ਭਾੜੇ ਦੀ ਮਾਤਰਾ ਵੱਧ ਟੈਕਸ ਪ੍ਰਵਾਹ ਵਿੱਚ ਅਨੁਵਾਦ ਕਰਦੀ ਹੈ। ਅਪਰੈਲ ਵਿੱਚ 2.1 ਰੁਪਏ ਟ੍ਰਿਲੀਅਨ ਦੀ ਆਲ-ਟਾਈਮ ਜੀਐਸਟੀ ਮਾਲੀਆ ਸਿਖਰ ਨਿਰਧਾਰਤ ਕੀਤੀ ਗਈ ਸੀ, ਪਰ ਅਕਤੂਬਰ ਦੇ ਅੰਕੜੇ ਨਿਰੰਤਰ ਵਾਧੇ ਨੂੰ ਰੇਖਾਂਕਿਤ ਕਰਦੇ ਹਨ। ਉਤਸਾਹਜਨਕ ਈ-ਵੇਅ ਬਿੱਲ ਦੇ ਅੰਕੜੇ ਹੋਰ ਆਰਥਿਕ ਸੂਚਕਾਂ ਵਿੱਚ ਸੁਧਾਰ ਦੇ ਅਨੁਸਾਰ ਹਨ। ਇੰਡੀਆ ਮੈਨੂਫੈਕਚਰਿੰਗ ਪਰਚੇਜ਼ਿ?ਗ ਮੈਨੇਜਰਸ ਇੰਡੈਕਸ () ਦੁਆਰਾ ਮਾਪੀ ਗਈ ਨਿਰਮਾਣ ਗਤੀਵਿਧੀ, ਮਜਬੂਤ ਘਰੇਲੂ ਅਤੇ ਅੰਤਰਰਾਸਟਰੀ ਮੰਗ 'ਤੇ, ਸਤੰਬਰ ਵਿੱਚ 56.5 ਦੇ ਅੱਠ ਮਹੀਨਿਆਂ ਦੇ ਹੇਠਲੇ ਪੱਧਰ ਤੋਂ, ਅਕਤੂਬਰ ਵਿੱਚ ਵਧ ਕੇ 57.5 ਹੋ ਗਈ।

# ਸਕੂਲ 'ਚ ਬੰਬ ! ਪੈ ਗਈਆਂ ਭਾਜੜਾਂ, ਘਰੋ-ਘਰੀ ਭੇਜੇ ਵਿਦਿਆਰਥੀ

ਇਰੋਡ 12 ਨਵੰਬਰ। ਇਰੋਡ ਜਿ?ਲ੍ਹੇ ਦੇ ਮੂਲਪਾਲਯਾਮ ਉਪਨਗਰ ਵਿੱਚ ਸਥਿਤ ਇੱਕ ਪ੍ਰਾਈਵੇਟ ਹਾਇਰ ਸੈਕੰਡਰੀ ਸਕੂਲ ਦੇ ਅਹਾਤੇ ਵਿੱਚ ਕਥਿਤ ਤੌਰ 'ਤੇ ਬੰਬ ਰੱਖੇ ਜਾਣ ਦੀ ਮੰਗਲਵਾਰ ਨੂੰ ਧਮਕੀ ਮਿਲੀ। ਬੰਬ ਦੀ ਧਮਕੀ ਮਿਲਣ ਤੋਂ ਬਾਅਦ ਮਾਪਿਆਂ ਅਤੇ ਬੱਚਿਆਂ ਵਿੱਚ ਦਹਿਸਤ ਫੈਲ ਗਈ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਪੁਲਸ ਨੇ ਦੱਸਿਆ ਕਿ ਸਕੂਲ ਦੇ ਸਟਾਫ ਨੇ ਮੰਗਲਵਾਰ ਨੂੰ ਇੱਕ ਈਮੇਲ ਦੇਖੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੈਂਪਸ ਵਿੱਚ ਇੱਕ ਬੰਬ ਲਗਾਇਆ ਗਿਆ ਸੀ ਅਤੇ 12 ਨਵੰਬਰ ਦੀ ਸਵੇਰ ਨੂੰ ਉਸ ਦੇ ਫਟਣ ਨਾਲ ਧਮਾਕਾ ਹੋਣ ਵਾਲਾ ਹੈ। ਬੰਬ ਰੱਖੇ ਜਾਣ ਦੀ ਈਮੇਲ ਮਿਲਣ ਤੋਂ ਬਾਅਦ ਸਕੂਲ ਸਟਾਫ ਨੇ ਵਿਦਿਆਰਥੀਆਂ ਨੂੰ ਤੁਰੰਤ ਉਹਨਾਂ ਦੇ ਘਰ ਛੱਡ ਕੇ ਆਉਣ ਲਈ ਕਿਹਾ। ਇਸ ਦੌਰਾਨ ਕਈ ਬੱਚਿਆਂ ਦੇ ਮਾਪੇ ਉਹਨਾਂ ਨੂੰ ਸਕੂਲ ਤੋਂ ਲੈਣ ਲਈ ਆਏ। ਇਰੋਡ ਤਾਲੁਕਾ ਪੁਲਸ ਅਤੇ ਬੰਬ ਨਿਰੋਧਕ ਦਸਤੇ ਨੇ ਮੌਕੇ 'ਤੇ ਪਹੁੰਚ ਕੇ ਸਕੂਲ ਦੀ ਚਾਰਦੀਵਾਰੀ ਅਤੇ ਇਸ ਦੇ ਆਲੇ-ਦੁਆਲੇ ਦੀ ਪੂਰੀ ਤਲਾਸ਼ੀ ਲਈ, ਹਾਲਾਂਕਿ ਕੋਈ ਵਿਸਫੋਟਕ ਸਮੱਗਰੀ ਨਹੀਂ ਮਿਲੀ। ਪੁਲਸ ਨੇ ਖੁਲਾਸਾ ਕੀਤਾ ਕਿ ਇਹ ਦੂਜੀ ਵਾਰ ਹੈ, ਜਦੋਂ ਇਸ ਸਕੂਲ ਦੇ ਕੈਂਪਸ ਵਿੱਚ ਬੰਬ ਰੱਖੇ ਜਾਣ ਦੀ ਧਮਕੀ ਮਿਲੀ ਹੈ। ਪੁਲਸ ਨੇ ਦੱਸਿਆ ਕਿ ਪਹਿਲੀ ਘਟਨਾ 2 ਸਤੰਬਰ ਨੂੰ ਵਾਪਰੀ, ਜਦੋਂ ਸਕੂਲ ਦੇ ਇੱਕ ਵਿਦਿਆਰਥੀ ਨੇ ਧਮਕੀ ਭਰੀ ਜਾਅਲੀ ਈਮੇਲ ਭੇਜੀ ਸੀ। ਪੁਲਸ ਨੇ ਲੜਕੇ ਨੂੰ ਚੇਤਾਵਨੀ ਜਾਰੀ ਕੀਤੀ ਸੀ। ਪੁਲਸ ਹੁਣ ਇਸ ਨਵੀਂ ਈਮੇਲ ਦੀ ਜਾਂਚ ਕਰ ਰਹੀ ਹੈ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਇਹ ਕਿਸ ਸਰੋਤ ਤੋਂ ਭੇਜੀ ਗਈ ਹੈ।

# ਜੇਲ੍ਹ ਕਰਵਾ ਸਕਦਾ ਸਮਾਰਟਫੋਨ, ਖਰੀਦਣ ਤੋਂ ਪਹਿਲਾਂ ਪੜ੍ਹ ਲਓ ਇਹ ਖਬਰ

ਨੈਸਨਲ ਡੈਸਕ 12 ਨਵੰਬਰ। ਭਾਰਤ 'ਚ ਸੈਕਿੰਡ ਹੈਂਡ ਸਮਾਰਟਫੋਨ ਬਾਜਾਰ ਤੇਜੀ ਨਾਲ ਵਧ ਰਿਹਾ ਹੈ। ਸੈਕਿੰਡ ਹੈਂਡ ਫੋਨ ਹੁਣ ਕਈ ਵੱਡੀਆਂ ਈ-ਕਾਮਰਸ ਸਾਈਟਾਂ 'ਤੇ ਵੀ ਉਪਲਬਧ ਹਨ। ਇਸ ਤੋਂ ਇਲਾਵਾ ਕੁਝ ਵੈੱਬਸਾਈਟਾਂ ਅਜਿਹੀਆਂ ਹਨ, ਜਿਨ੍ਹਾਂ 'ਤੇ ਸਿਰਫ ਸੈਕਿੰਡ ਹੈਂਡ ਫੋਨ ਹੀ ਮੌਜੂਦ ਹਨ। ਸੈਕਿੰਡ ਹੈਂਡ ਫੋਨ ਦੀ ਕੋਈ ਸਮੱਸਿਆ ਨਹੀਂ ਹੈ, ਕਿਉਂਕਿ ਸਿਰਫ ਉਹੀ ਫੋਨ ਵਿਕਦੇ ਹਨ, ਜਿਨ੍ਹਾਂ ਦੀ ਕੰਡੀਸਨ ਚੰਗੀ ਹੁੰਦੀ ਹੈ। ਹਾਲਾਂਕਿ ਸੈਕੰਡ ਹੈਂਡ ਫੋਨ ਖਰੀਦਣ ਤੋਂ ਪਹਿਲਾਂ ਇੱਕ ਗੱਲ ਜਰੂਰ ਦੇਖ ਲੈਣੀ ਚਾਹੀਦੀ ਹੈ ਕਿ ਫੋਨ ਚੋਰੀ ਹੋਇਆ ਹੈ ਜਾਂ ਨਹੀਂ? ਇਸ ਦੀ ਜਾਂਚ ਕਿਵੇਂ ਕੀਤੀ ਜਾਵੇ, ਦੇ ਬਾਰੇ ਆਓ ਜਾਣਦੇ ਹਾਂ.... ਡਿਪਾਰਟਮੈਂਟ ਆਫ ਟੈਲੀਕਮਿਊਨਿਕੇਸਨ ਦੀ ਸਾਈਟ 'ਤੇ ਜਾ ਕੇ ਤੁਸੀਂ ਇਸ ਸਬੰਧ ਵਿਚ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਪਹਿਲਾ ਤਰੀਕਾ ਇਹ ਹੈ ਕਿ ਤੁਸੀਂ ://../. 'ਤੇ ਜਾ ਕੇ ਮੋਬਾਈਲ ਨੰਬਰ, ਨਾਲ ਲਾਗ-ਇਨ



ਕਰੋ। ਇਸ ਤੋਂ ਬਾਅਦ ਆਪਣੇ ਫੋਨ ਦਾ ਨੰਬਰ ਐਡ ਕਰੋ। ਜੇਕਰ ਤੁਹਾਡੇ ਫੋਨ ਦਾ ਨੰਬਰ ਬਲਾਕ ਆਉਂਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਹਾਡਾ ਫੋਨ ਚੋਰੀ ਦਾ ਹੈ। ਦੂਜਾ ਤਰੀਕਾ ਮੈਸੇਜ ਵਾਲਾ ਹੈ। ਤੁਸੀਂ ਆਪਣੇ ਫੋਨ ਵਿੱਚ ਲਿਖ ਕੇ ਸਪੇਸ ਦਿਓ ਅਤੇ ਇਸ ਤੋਂ ਬਾਅਦ 15 ਅੰਕਾਂ ਦਾ ਨੰਬਰ ਲਿਖੋ ਅਤੇ ਇਸਨੂੰ 14422 'ਤੇ ਭੇਜੋ। ਜੇਕਰ ਤੁਸੀਂ ਆਪਣੀ ਡਿਵਾਈਸ ਦਾ ਨੰਬਰ ਨਹੀਂ ਜਾਣਦੇ ਹੋ, ਤਾਂ ਤੁਸੀਂ *#06# ਡਾਇਲ ਕਰ ਸਕਦੇ ਹੋ। ਜੇਕਰ ਫੋਨ ਵਿੱਚ ਦੋ ਨੰਬਰ ਹਨ ਤਾਂ ਦੋ ਨੰਬਰ ਦਿਖਾਈ ਦੇਣਗੇ। ਤੁਸੀਂ ਕਿਸੇ ਵੀ ਇੱਕ ਨੰਬਰ ਤੋਂ ਫੋਨ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਸੁਨੇਹਿਆਂ ਤੋਂ ਇਲਾਵਾ ਤੁਸੀਂ - ਐਪ ਦੀ ਇਸਤੇਮਾਲ ਕਰਕੇ ਵੀ ਫੋਨ ਦੀ ਜਾਂਚ ਕਰ ਸਕਦੇ ਹੋ। ਇਸ ਐਪ ਰਾਹੀਂ ਤੁਹਾਡੇ ਫੋਨ ਦੀ ਪੂਰੀ ਜਾਣਕਾਰੀ ਨਿਕਲ ਜਾਵੇਗੀ। ਜੇਕਰ ਇਸ ਜਾਣਕਾਰੀ ਵਿੱਚ ਤੁਹਾਡੇ ਫੋਨ ਦਾ ਨੰਬਰ ਨਹੀਂ ਦਿਖਾਈ ਦਿੱਤਾ ਤੇ ਇਹ ਬਲਾਕ ਲਿਖ ਕੇ ਆ ਰਿਹਾ ਹੈ, ਤਾਂ ਸਮਝੋ ਕਿ ਤੁਹਾਡਾ ਫੋਨ ਨਕਲੀ ਹੈ। ਜੇਕਰ ਤੁਸੀਂ ਚੋਰੀ ਦਾ ਮੋਬਾਈਲ ਖਰੀਦ ਲਿਆ ਹੈ ਅਤੇ ਫੋਨ ਨਿਗਰਾਨੀ 'ਤੇ ਹੈ ਤਾਂ ਤੁਸੀਂ ਫੜੇ ਜਾ ਸਕਦੇ ਹੋ।

## ਹਾਏ ਕਹਿਰ ਓ ਰੱਬਾ ! ਇਨੋਵਾ 'ਚ ਵੱਜਾ ਟਰੱਕ, ਮਾਰੇ ਗਏ 6 ਵਿਦਿਆਰਥੀ

ਨੈਸ਼ਨਲ ਡੈਸਕ 12 ਨਵੰਬਰ। ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਵਿੱਚ ਇੱਕ ਵੱਡਾ ਸੜਕ ਹਾਦਸਾ ਵਾਪਰਿਆ ਹੈ। ਟਰੱਕ ਅਤੇ ਇਨੋਵਾ ਕਾਰ ਵਿਚਾਲੇ ਹੋਈ ਟੱਕਰ 'ਚ 6 ਲੋਕਾਂ ਦੀ ਮੌਤ ਹੋ ਗਈ ਹੈ। ਜਦਕਿ ਇੱਕ ਜਖਮੀ ਹੈ। ਜਖਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਨੁਕਸਾਨੇ ਵਾਹਨ 'ਚੋਂ ਲਾਸਾਂ ਨੂੰ ਕੱਢ ਕੇ ਹਸਪਤਾਲ ਪਹੁੰਚਾਇਆ। ਦੱਸਿਆ ਜਾ ਰਿਹਾ ਹੈ ਕਿ ਕਾਰ 'ਚ ਸਵਾਰ ਸਾਰੇ ਵਿਦਿਆਰਥੀ ਸਨ। ਜਾਣਕਾਰੀ ਅਨੁਸਾਰ ਦੇਰ ਰਾਤ ਓ.ਐਨ.ਜੀ.ਸੀ ਚੌਕ 'ਤੇ ਇੱਕ ਟਰੱਕ ਅਤੇ ਇਨੋਵਾ ਕਾਰ ਵਿਚਕਾਰ ਟੱਕਰ ਹੋ ਗਈ। ਇਸ ਹਾਦਸੇ 'ਚ 6 ਲੋਕਾਂ ਦੀ ਮੌਤ ਹੋ ਗਈ, ਜਦਕਿ ਇਕ ਜਖਮੀ ਹੋ ਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ। ਡਰਾਈਵਰ ਟਰੱਕ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਨੁਕਸਾਨੀ ਕਾਰ 'ਚੋਂ 5 ਵਿਦਿਆਰਥੀਆਂ ਦੀਆਂ ਲਾਸਾਂ ਨੂੰ ਦੂਨ ਹਸਪਤਾਲ ਅਤੇ ਇਕ ਦੀ ਲਾਸ ਨੂੰ ਮਹੰਤ ਇੰਦਰੇਸ ਹਸਪਤਾਲ ਪਹੁੰਚਾਇਆ। ਇਸ ਵਿੱਚ ਵਿਦਿਆਰਥਣਾਂ ਦਾ ਵੀ ਜ਼ਿ?ਕਰ ਕੀਤਾ ਜਾ ਰਿਹਾ ਹੈ। ਕੁਝ ਵਿਦਿਆਰਥੀ ਦਿੱਲੀ ਅਤੇ ਕੁਝ ਹਿਮਾਚਲ ਦੇ ਹਨ। ਕੁੱਲ ਪੰਜ ਲਾਸਾਂ ਦੂਨ ਹਸਪਤਾਲ ਪਹੁੰਚੀਆਂ। ਇਨ੍ਹਾਂ ਵਿੱਚੋਂ ਦੋ ਔਰਤਾਂ ਅਤੇ ਤਿੰਨ ਪੁਰਸ ਸਨ। ਤਿੰਨਾਂ ਮ੍ਰਿਤਕਾਂ ਦੀਆਂ ਲਾਸਾਂ ਨੂੰ ਦੂਨ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ। ਜਦਕਿ ਬਾਕੀਆਂ ਨੂੰ ਜਗ੍ਹਾ ਦੀ ਘਾਟ ਕਾਰਨ ਇੰਦਰੇਸ ਹਸਪਤਾਲ ਭੇਜ ਦਿੱਤਾ ਗਿਆ ਹੈ। ਸੂਚਨਾ ਮਿਲਣ 'ਤੇ ਐਸਪੀ ਸਿਟੀ ਵੀ ਹਸਪਤਾਲ ਪੁੱਜੇ।

# ਅਲਰਟ 'ਤੇ ਪੰਜਾਬ ਪੁਲਸ, ਲਵਪ੍ਰੀਤ ਉਰਫ ਬਾਬਾ ਦੀ ਧਾਰਮਿਕ ਡੇਰਿਆਂ 'ਚ ਭਾਲ

ਲੁਧਿਆਣਾ 12 ਨਵੰਬਰ। ਸ਼ਿਵਸੈਨਾ ਨੇਤਾਵਾਂ ਦੇ ਘਰ 'ਤੇ ਪੈਟ੍ਰੋਲ ਬੰਬ ਸੁੱਟਣ ਦੇ ਮਾਮਲੇ 'ਚ ਫਰਾਰ ਚੱਲ ਰਹੇ 5ਵੇਂ ਮੁਲਜ਼ਮ ਲਵਪ੍ਰੀਤ ਸਿੰਘ ਉਰਫ ਮੋਨੂ ਬਾਬਾ ਦੀ ਪੁਲਸ ਲਗਾਤਾਰ ਭਾਲ ਕਰ ਰਹੀ ਹੈ। ਪੁਲਸ ਸੂਤਰ ਦੱਸਦੇ ਹਨ ਕਿ ਮੁਲਜ਼ਮ ਦੀ ਮੋਬਾਈਲ ਲੋਕੇਸ਼ਨ ਮਿਲੀ ਸੀ ਪਰ ਜਦੋਂ ਪੁਲਸ ਉਥੇ ਪੁੱਜੀ ਤਾਂ ਪਤਾ ਲੱਗਾ ਕਿ ਮੋਨੂ ਬਾਬਾ ਦਾ ਕਿਸੇ ਨੇ ਮੋਬਾਈਲ ਚੋਰੀ ਕਰ ਲਿਆ ਸੀ। ਹੁਣ ਪੁਲਸ ਉਸ ਨੂੰ ਲੱਭਣ ਲਈ ਧਾਰਮਿਕ ਡੇਰਿਆਂ 'ਚ ਜਾ ਰਹੀ ਹੈ। ਇਸ ਲਈ ਅਧਿਕਾਰੀਆਂ ਵੱਲੋਂ 5 ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਦੂਜੇ ਪਾਸੇ ਫੜੇ ਗਏ ਮੁਲਜ਼ਮਾਂ ਤੋਂ ਲਗਾਤਾਰ ਖੁਲਾਸੇ ਹੋ ਰਹੇ ਹਨ। ਪਤਾ ਲੱਗਾ ਹੈ ਕਿ ਇੰਗਲੈਂਡ 'ਚ ਰਹਿਣ ਵਾਲੇ ਹਰਜੀਤ ਸਿੰਘ ਉਰਫ ਲਾਡੀ ਨੇ ਪੁਰਤਗਾਲ 'ਚ ਬੈਠੇ ਜਸਵਿੰਦਰ ਸਿੰਘ ਉਰਫ ਸਾਬੀ ਨਾਲ ਮਿਲ ਕੇ ਸਾਰੀ ਯੋਜਨਾ ਬਣਾਈ ਸੀ। ਇਸ ਤੋਂ ਬਾਅਦ ਸਾਬੀ ਨੇ ਇਸ ਘਟਨਾ ਲਈ ਨਵਾਂਸ਼ਹਿਰ ਦੇ ਰਹਿਣ ਵਾਲੇ



ਰਵਿੰਦਰਪਾਲ ਸਿੰਘ ਉਰਫ ਰਵੀ ਨੂੰ ਕੰਮ ਸੌਂਪਿਆ ਸੀ ਕਿਉਂਕਿ ਸਾਬੀ ਵੀ ਨਵਾਂਸ਼ਹਿਰ ਦਾ ਰਹਿਣ ਵਾਲਾ ਸੀ। ਇਸ ਲਈ ਸਾਬੀ ਅਤੇ ਰਵੀ ਆਪਸ 'ਚ ਪਹਿਲਾਂ ਹੀ ਜਾਣਕਾਰ ਸਨ। ਸ਼ਿਵਸੈਨਾ ਨੇਤਾਵਾਂ ਦੇ ਘਰ 'ਤੇ ਹਮਲਾ ਕਰਨ ਦੀ ਯੋਜਨਾ ਕਾਫੀ ਸਮੇਂ ਤੋਂ ਚੱਲ ਰਹੀ ਸੀ। ਸੂਤਰ ਦੱਸਦੇ ਹਨ ਕਿ ਮੁਲਜ਼ਮਾਂ ਨੇ ਸਤੰਬਰ ਅਤੇ ਅਕਤੂਬਰ 'ਚ ਦੋਵੇਂ ਨੇਤਾਵਾਂ ਦੇ ਘਰ ਦੀ ਪੂਰੀ ਰੇਕੀ ਕੀਤੀ ਅਤੇ ਪਲਾਨਿੰਗ ਤੱਕ ਬਣਾਈ ਕਿ ਕਿਸ ਰਸਤਿਓਂ ਆਉਣਾ ਅਤੇ ਕਿਵੇਂ ਵਾਰਦਾਤ ਕਰ ਕੇ ਕਿਸ ਰਸਤੇ ਫਰਾਰ ਹੋਣਾ ਹੈ। ਮੁਲਜ਼ਮਾਂ ਨੇ ਪੂਰੀ ਪਲਾਨਿੰਗ ਤਾਂ ਕਰ ਲਈ ਸੀ ਪਰ ਵਿਦੇਸ਼ 'ਚ ਬੈਠੇ ਆਪਣੇ ਆਕਾਵਾਂ ਦੇ ਇਸ਼ਾਰੇ ਦਾ ਇੰਤਜ਼ਾਰ ਕਰ ਰਹੇ ਸਨ। ਜਿਉਂ ਹੀ ਸੁਨੇਹਾ ਆਇਆ ਤਾਂ ਮੁਲਜ਼ਮ ਵਾਰਦਾਤ ਨੂੰ ਅੰਜਾਮ ਦੇਣ ਲਈ ਨਿਕਲ ਪਏ। ਸਾਰੇ ਮੁਲਜ਼ਮ ਨਸ਼ੇ ਦੇ ਆਦੀ ਹਨ ਅਤੇ ਨਸ਼ਾ ਪੂਰਾ ਕਰਨ ਦੇ ਨਾਲ-ਨਾਲ ਪੈਸਾ ਕਮਾਉਣ ਲਈ ਮੁਲਜ਼ਮਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ।

# ਕੈਨੇਡਾ ਤੋਂ 20 ਦਿਨਾਂ ਬਾਅਦ ਵੀ ਭਾਰਤ ਨਹੀਂ ਪਹੁੰਚੀ ਨੌਜਵਾਨ ਦੀ ਲਾਸ਼, ਸੜਕ ਹਾਦਸੇ ਦਾ ਹੋਇਆ ਸੀ ਸ਼ਿਕਾਰ

ਬੋਹਾ 12 ਨਵੰਬਰ। ਬੋਹਾ ਦੇ ਰਜਿੰਦਰ ਸਿੰਘ (24) ਦੀ 19 ਅਕਤੂਬਰ ਨੂੰ ਕੈਨੇਡਾ ਵਿਚ ਕਾਰ ਹਾਦਸੇ ਦੌਰਾਨ ਹੋਈ ਮੌਤ ਉਪਰੰਤ ਉਸ ਦੀ ਲਾਸ਼ ਅਜੇ ਤਕ ਇੱਥੇ ਨਾ ਪਹੁੰਚਣ ਕਾਰਨ ਲੋਕਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਲਾਸ਼ ਲੇਟ ਹੋਣ ਦਾ ਕਾਰਨ ਭਾਰਤ-ਕੈਨੇਡਾ ਸਬੰਧਾਂ 'ਚ ਦਰਾੜ ਦੱਸਿਆ ਜਾ ਰਿਹਾ ਹੈ। ਮ੍ਰਿਤਕ ਦੇ ਪਿਤਾ ਹਰਬੰਸ ਸਿੰਘ ਨੇ ਦੱਸਿਆ ਕਿ ਭਾਰਤ ਅਤੇ ਕੈਨੇਡਾ ਸਰਕਾਰ ਦੇ ਵਿਗੜੇ ਸਬੰਧਾਂ ਕਾਰਨ ਮ੍ਰਿਤਕ ਸਰੀਰ ਨੂੰ ਦੇਸ਼ ਲਿਆਉਣ 'ਚ ਕਾਫੀ ਦੇਰੀ ਹੋ ਗਈ। ਉਨ੍ਹਾਂ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਪੂਰੇ ਦਸਤਾਵੇਜ ਜਮ੍ਹਾ ਕਰਨ ਤੋਂ ਬਾਅਦ ਹੀ ਮ੍ਰਿਤਕ ਸਰੀਰ ਨੂੰ ਉਨ੍ਹਾਂ ਦੇ ਦੋਸਤਾਂ ਨੂੰ ਨਹੀਂ ਸੌਂਪਿਆ ਗਿਆ। ਰਜਿੰਦਰ ਸਿੰਘ ਦੇ ਪਿਤਾ ਨੇ ਦੱਸਿਆ ਕਿ ਕੈਨੇਡਾ 'ਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਅਤੇ ਸਿੱਖ ਸੰਸਥਾਵਾਂ ਵੱਲੋਂ ਮ੍ਰਿਤਕ ਸਰੀਰ ਨੂੰ ਵਾਪਸ ਲਿਆਉਣ 'ਚ ਬਹੁਤ ਮਦਦ ਕੀਤੀ ਜਾ ਰਹੀ ਹੈ। ਜਿਸ ਲਈ ਉਹ ਉਨ੍ਹਾਂ ਦੇ ਧੰਨਵਾਦੀ ਹਨ। ਪਰਿਵਾਰ ਅਨੁਸਾਰ ਅੱਜ ਦੇਰ ਰਾਤ ਰਜਿੰਦਰ ਸਿੰਘ ਦਾ ਮ੍ਰਿਤਕ ਸਰੀਰ ਬੋਹਾ ਪਹੁੰਚਣ ਦੀ ਸੰਭਾਵਨਾ ਹੈ।

## ਮਿੱਟੀ ਇਕੱਠੀ ਕਰ ਰਹੀਆਂ ਔਰਤਾਂ 'ਤੇ ਅਚਾਨਕ ਡਿੱਗੀ ਕੰਧ

ਕਾਸਗੰਜ 12 ਨਵੰਬਰ। ਕੋਤਵਾਲੀ ਥਾਣਾ ਖੇਤਰ 'ਚ ਮੰਗਲਵਾਰ ਨੂੰ ਡਿੱਗੀ ਕੰਧ ਦੇ ਮਲਬੇ ਹੇਠਾਂ ਦੱਬਣ ਨਾਲ ਚਾਰ ਔਰਤਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਇਸ ਮਾਮਲੇ ਦੇ ਸਬੰਧ ਵਿਚ ਕਾਸਗੰਜ ਦੇ ਚੀਫ ਮੈਡੀਕਲ ਅਫਸਰ ਡਾਕਟਰ ਰਾਜੀਵ ਅਗਰਵਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਔਰਤਾਂ ਇੱਕ ਸਮਾਗਮ ਲਈ ਮਿੱਟੀ ਇਕੱਠੀ ਕਰਨ ਲਈ ਆਪਣੇ ਘਰ ਗਈਆਂ ਸਨ। ਮਿੱਟੀ ਇਕੱਠੀ ਕਰਦੇ ਸਮੇਂ ਅਚਾਨਕ ਕੰਧ ਡਿੱਗ ਗਈ। ਇਸ ਸਬੰਧ ਵਿਚ ਅਗਰਵਾਲ ਨੇ ਦੱਸਿਆ ਕਿ ਕੰਧ ਡਿੱਗਣ ਕਾਰਨ ਬਹੁਤ ਸਾਰੇ ਲੋਕ ਜਖਮੀ ਹੋਏ ਹਨ। ਹੁਣ ਤੱਕ 9 ਜਖਮੀਆਂ ਨੂੰ ਹਸਪਤਾਲ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਇਨ੍ਹਾਂ ਵਿੱਚੋਂ ਚਾਰ ਦੀ ਮੌਤ ਹੋ ਗਈ ਹੈ। ਪੰਜ ਜਖਮੀਆਂ ਨੂੰ ਇਲਾਜ ਲਈ ਅਲੀਗੜ੍ਹ ਰੈਫਰ ਕੀਤਾ ਗਿਆ ਹੈ।

# ਸਗੀਆਂ ਭੈਣਾਂ ਦੇ 'ਇਸ਼ਕ' 'ਚ ਫਸਿਆ ਟਰਾਂਸਪੋਰਟਰ, ਹੌਲੀ-ਹੌਲੀ ਲੁਟਾਏ ਲੱਖਾਂ ਰੁਪਏ ਤੇ ਫਿਰ...

ਭੋਪਾਲ 12 ਨਵੰਬਰ। ਮੱਧ ਪ੍ਰਦੇਸ ਦੀ ਰਾਜਧਾਨੀ ਭੋਪਾਲ 'ਚ ਇਕ ਵਾਰ ਫਿਰ ਤੋਂ ਹਨੀ ਟ੍ਰੈਪ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿਸ 'ਚ ਅਸਲੀ ਭੈਣਾਂ ਨੇ ਮਿਲ ਕੇ ਇਕ ਟਰਾਂਸਪੋਰਟਰ ਨੂੰ ਫਸਾ ਲਿਆ। ਪਿਆਰ ਦੇ ਝਾਂਸੇ ਵਿਚ ਆ ਕੇ ਟਰਾਂਸਪੋਰਟਰ ਨੇ ਲੱਖਾਂ ਰੁਪਏ ਗਵਾ ਦਿੱਤੇ। ਟਰਾਂਸਪੋਰਟਰ ਦੀ ਪਤਨੀ ਅਤੇ ਬੇਟੇ ਤੱਕ ਪਹੁੰਚੀ ਫੋਟੋ ਰਾਹੀਂ ਸਾਰਾ ਰਾਜ ਉਜਾਗਰ ਹੋਇਆ। ਜਿਸ ਤੋਂ ਬਾਅਦ ਸ਼ਿ?ਕਾਇਤ ਦਰਜ ਕਰਵਾਈ ਗਈ। ਮਹਿਲਾ ਥਾਣੇ 'ਚ ਸ਼ਿ?ਕਾਇਤ ਦਰਜ ਕਰਵਾਉਣ ਤੋਂ ਬਾਅਦ ਮਾਮਲਾ ਸਾਹਮਣੇ ਆਇਆ ਕਿ ਸਗੀਆਂ ਭੈਣਾਂ ਨੇ ਹੋਟਲ 'ਚ ਟਰਾਂਸਪੋਰਟਰ ਦੀ ਇਤਰਾਜਯੋਗ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕਰਨਾ ਸੁਰੂ ਕਰ ਦਿੱਤਾ। ਦੋਵਾਂ ਨੇ ਨੇ ਬਲੈਕਮੇਲਿੰਗ ਰਾਹੀਂ ਉਸ ਤੋਂ ਕਰੀਬ 15 ਲੱਖ ਰੁਪਏ ਦੀ ਵਸੂਲ ਲਏ। ਪੀੜਤ ਔਰਤ ਦੀ ਸ਼ਿ?ਕਾਇਤ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਵਾਂ ਭੈਣਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। 4 ਜਨਵਰੀ 2023 ਨੂੰ ਟਰਾਂਸਪੋਰਟਰ ਇੰਡਸ ਟਾਊਨ 11 ਮੀਲ ਸਥਿਤ ਰੈਸਟੋਰੈਂਟ 'ਚ ਗਿਆ ਸੀ, ਜਿੱਥੇ ਉਸ ਨੇ ਦਰਖਾਸਤ ਲਿਖਣ ਲਈ ਉੱਥੇ ਬੈਠੀ ਮੋਨਿਕਾ ਨਾਂ ਦੀ ਲੜਕੀ ਦੀ ਮਦਦ ਲਈ। ਇਸ ਦੌਰਾਨ ਮੋਨਿਕਾ ਨੇ ਆਪਣੀ ਦੂਜੀ ਭੈਣ ਸੌਮਿਆ ਨੂੰ ਬੁਲਾਇਆ। ਦੋਵਾਂ ਨੇ ਕੁਝ ਦੇਰ ਤੱਕ ਗੱਲਬਾਤ ਕੀਤੀ ਅਤੇ ਇਸ ਤੋਂ ਬਾਅਦ ਦੋਵਾਂ ਨੇ ਨੰਬਰ ਐਕਸਚੇਂਜ ਕੀਤੇ। ਕੁਝ ਦਿਨਾਂ ਬਾਅਦ, 14 ਜਨਵਰੀ 2023 ਨੂੰ, ਟਰਾਂਸਪੋਰਟਰ ਨੂੰ ਸੌਮਿਆ ਦਾ ਫੋਨ ਆਇਆ, ਅੱਜ ਉਸਦਾ ਜਨਮ ਦਿਨ ਹੈ ਅਤੇ ਉਸਨੂੰ ਕੁਝ ਪੈਸਿਆਂ ਦੀ ਲੋੜ ਹੈ। ਇਸ



ਤੋਂ ਬਾਅਦ ਉਸ ਨੇ ਤੋਹਫਾ ਮੰਗਿਆ। ਨਾਲ ਹੀ, ਅਗਲੀ ਮੀਟਿੰਗ ਦੀ ਮਿਤੀ 14 ਫਰਵਰੀ 2023 ਸੀ। ਟਰਾਂਸਪੋਰਟਰ ਨੇ ਲੜਕੀ ਦੇ ਖਾਤੇ ਵਿੱਚ ਕੁਝ ਪੈਸੇ ਵੀ ਟਰਾਂਸਫਰ ਕਰ ਦਿੱਤੇ। ਇਸ ਤੋਂ ਬਾਅਦ ਦੋਵਾਂ ਵਿਚਾਲੇ ਪਿਆਰ ਅਤੇ ਮੁਲਾਕਾਤਾਂ ਦਾ ਸਿਲਸਿਲਾ ਸੁਰੂ ਹੋ ਗਿਆ। ਇਸ ਤੋਂ ਬਾਅਦ ਟਰਾਂਸਪੋਰਟਰ ਦੋਵਾਂ ਭੈਣਾਂ ਨੂੰ ਮਿਲਣ ਲਈ ਇਕ ਹੋਟਲ ਗਿਆ। ਦੋਵੇਂ ਭੈਣਾਂ ਅਤੇ ਟਰਾਂਸਪੋਰਟਰ ਕੁਝ ਸਮਾਂ ਹੋਟਲ ਵਿੱਚ ਰੁਕੇ। ਇਸ ਤੋਂ ਬਾਅਦ ਸੌਮਿਆ ਉੱਥੋਂ ਚਲੀ ਗਈ। ਇਸ ਤੋਂ ਬਾਅਦ ਰਸਮੀ ਅਤੇ ਟਰਾਂਸਪੋਰਟਰ ਨੇ ਰੋਮਾਂਸ ਕੀਤਾ ਅਤੇ ਰਸਮੀ ਨੇ ਗੁਪਤ ਤਰੀਕੇ ਨਾਲ ਵੀਡੀਓ ਰਿਕਾਰਡ ਕਰ ਲਿਆ। ਇਸ ਤੋਂ ਬਾਅਦ ਪੈਸਿਆਂ ਦਾ ਲੈਣ-ਦੇਣ ਵਧਦਾ ਗਿਆ ਅਤੇ ਬਾਅਦ ਵਿੱਚ ਬਲੈਕਮੇਲਿੰਗ ਦਾ ਦੌਰ ਸੁਰੂ ਹੋ ਗਿਆ। ਮੀਟਿੰਗ ਦੇ ਕੁਝ ਦਿਨਾਂ ਬਾਅਦ ਸੌਮਿਆ ਨੇ ਟਰਾਂਸਪੋਰਟਰ ਨੂੰ ਫੋਨ ਕੀਤਾ ਅਤੇ ਕਿਹਾ ਕਿ ਮੇਰੇ ਕੋਲ ਤੁਹਾਡੀ ਵੀਡੀਓ ਹੈ। ਦੋਵੇਂ ਭੈਣਾਂ ਨੇ ਇਸ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਟਰਾਂਸਪੋਰਟਰ ਤੋਂ ਪੈਸੇ ਵਸੂਲਣੇ ਸੁਰੂ ਕਰ ਦਿੱਤੇ। ਬਦਨਾਮੀ ਦੇ ਡਰੋਂ ਟਰਾਂਸਪੋਰਟਰ ਨੇ ਦੋਵੇਂ ਭੈਣਾਂ ਨੂੰ ਪੈਸੇ ਦੇਣੇ ਸੁਰੂ ਕਰ ਦਿੱਤੇ। ਇੰਨਾ ਹੀ ਨਹੀਂ ਦੋਵੇਂ ਭੈਣਾਂ ਟਰਾਂਸਪੋਰਟਰ ਤੋਂ ਕਰੀਬ 15 ਲੱਖ ਰੁਪਏ ਦੀ ਨਕਦੀ, ਕਰਿਆਨੇ ਦਾ ਸਾਮਾਨ, ਲੈਪਟਾਪ ਅਤੇ ਫੋਨ ਵੀ ਲੈ ਗਈਆਂ। ਇਸ ਤੋਂ ਇਲਾਵਾ ਗਹਿਣੇ ਅਤੇ ਹੋਰ ਘਰੇਲੂ ਸਮਾਨ ਵੀ ਹੜਪ ਲਿਆ। ਜਦੋਂ ਗੱਲ ਜ਼ਿ?ਆਦਾ ਵਧ ਗਈ ਤਾਂ ਪਤੀ ਨੇ ਪਤਨੀ ਨਾਲ ਆਪਣਾ ਦਰਦ ਸਾਂਝਾ ਕੀਤਾ ਅਤੇ ਮਾਮਲਾ ਪੁਲਸ ਤੱਕ ਪਹੁੰਚ ਗਿਆ। ਇਸ ਤੋਂ ਬਾਅਦ ਪੁਲਸ ਨੇ ਰਸਮੀ ਅਤੇ ਸੌਮਿਆ ਨੂੰ ਗ੍ਰਿਫਤਾਰ ਕਰ ਲਿਆ। ਨਾਲ ਹੀ ਦੋਵਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਦੋ ਭੈਣਾਂ ਨੂੰ ਇਸ ਤਰ੍ਹਾਂ ਕਿੰਨੇ ਲੋਕਾਂ ਨੇ ਫਸਾਇਆ ਹੈ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪ੍ਰੇਮ ਸਬੰਧਾਂ ਦਾ ਮਾਮਲਾ : ਨਾਬਾਲਗ ਮੁੰਡੇ ਨੇ ਲਿਆ ਫਾਹਾ

ਨੈਸ਼ਨਲ ਡੈਸਕ 12 ਨਵੰਬਰ। ਛੱਤੀਸਗੜ੍ਹ ਦੇ ਬਿਲਾਸਪੁਰ ਜ਼?ਲ੍ਹੇ ਵਿਚ ਨਾਬਾਲਗ ਮੁੰਡੇ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਹ ਖਬਰ ਸੁਣਦਿਆਂ ਹੀ 14 ਸਾਲ ਦੀ ਨਾਬਾਲਗ ਕੁੜੀ ਨੇ ਵੀ ਜਹਿਰ ਪੀ ਲਿਆ। ਨਾਬਾਲਗ ਮੁੰਡੇ ਦੀ ਮੌਤ ਹੋ ਗਈ, ਜਦਕਿ ਕੁੜੀ ਨੂੰ ਸਿਮਸ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਮਾਮਲਾ ਪ੍ਰੇਮ ਸਬੰਧਾਂ ਦਾ ਦੱਸਿਆ ਜਾ ਰਿਹਾ ਹੈ। ਫਿਲਹਾਲ ਪੁਲਸ ਜਾਂਚ 'ਚ ਲੱਗੀ ਹੋਈ ਹੈ। ਬਿਲਾਸਪੁਰ ਦੇ ਪਚਪੇੜੀ ਥਾਣਾ ਖੇਤਰ ਦੇ ਪਿੰਡ 'ਚ ਐਤਵਾਰ ਸਵੇਰੇ 5 ਵਜੇ ਇਕ ਨਾਬਾਲਗ ਮੁੰਡੇ ਨੇ ਸਾੜ੍ਹੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪਰਿਵਾਰ ਵਾਲਿਆਂ ਨੂੰ ਜਿਵੇਂ ਹੀ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਪਰ ਇਸੇ ਦੌਰਾਨ ਪਿੰਡ ਦੇ ਹੀ ਇਕ ਹੋਰ ਇਲਾਕੇ ਵਿਚ ਰਹਿਣ ਵਾਲੀ ਇਕ ਨਾਬਾਲਗ ਕੁੜੀ ਨੇ ਵੀ ਕੀਟਨਾਸਕ ਜਹਿਰ ਪੀ ਲਿਆ। ਜਾਣਕਾਰੀ ਮੁਤਾਬਕ ਸਨੀਵਾਰ ਰਾਤ ਪੁਲਸ ਨੇ ਮ੍ਰਿਤਕ ਨਾਬਾਲਗ ਨੌਜਵਾਨ, ਉਸ ਦੇ ਇਕ ਦੋਸਤ ਅਤੇ ਇਕ ਨਾਬਾਲਗ ਕੁੜੀ ਨੂੰ ਰਾਏਪੁਰ ਤੋਂ ਬਰਾਮਦ ਕੀਤਾ ਸੀ। ਤਿੰਨੋਂ ਬਾਈਕ 'ਤੇ ਰਾਏਪੁਰ ਗਏ ਸਨ, ਜਿੱਥੇ ਟ੍ਰੈਫਿਕ ਪੁਲਸ ਨੇ ਉਨ੍ਹਾਂ ਨੂੰ ਫੜ ਕੇ ਗੱਡੀ ਦੇ ਕਾਗਜਾਤ ਮੰਗੇ ਪਰ ਕੋਈ ਤਸੱਲੀਬਖਸ ਜਵਾਬ ਨਹੀਂ ਮਿਲਿਆ। ਨਾਬਾਲਗ ਕੁੜੀ ਦੇ ਲੜਕਿਆਂ ਦੇ ਨਾਲ ਹੋਣ ਦੇ ਸੱਕ ਦੇ ਆਧਾਰ 'ਤੇ ਰਾਏਪੁਰ ਪੁਲਸ ਨੇ ਪਚਪੇੜੀ ਪੁਲਸ ਨੂੰ ਸੂਚਨਾ ਦਿੱਤੀ। ਜਿਸ ਤੋਂ ਬਾਅਦ ਪਚਪੇੜੀ ਪੁਲਸ ਪਰਿਵਾਰਕ ਮੈਂਬਰਾਂ ਨਾਲ ਰਾਏਪੁਰ ਗਈ ਅਤੇ ਦੇਰ ਰਾਤ ਉਨ੍ਹਾਂ ਨੂੰ ਨਾਲ ਲੈ ਕੇ ਪਰਤ ਗਈ। ਲੋੜੀਂਦੀ ਪੁੱਛਗਿੱਛ ਤੋਂ ਬਾਅਦ ਤਿੰਨਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਕਰ ਦਿੱਤਾ ਗਿਆ। ਐਤਵਾਰ ਸਵੇਰੇ ਇਕ ਨਾਬਾਲਗ ਨੌਜਵਾਨ ਨੇ ਆਪਣੇ ਘਰ 'ਚ ਫਾਹਾ ਲੈ ਕੇ ਖੁਦਕੁਸੀ ਕਰ ਲਈ, ਜਦਕਿ ਇਸ ਦੀ ਸੂਚਨਾ ਮਿਲਦੇ ਹੀ ਨਾਬਾਲਗ ਕੁੜੀ ਨੇ ਜਹਿਰ ਪੀ ਲਿਆ। ਕੁੜੀ ਦੀ ਹਾਲਤ ਨਾਜੁਕ ਬਣੀ ਹੋਈ ਹੈ ਅਤੇ ਉਸ ਦਾ ਇਲਾਜ ਜਾਰੀ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਨਹਿਰ ਕਿਨਾਰੇ ਹੋਏ ਕਬਜਿਆਂ ਕਾਰਨ ਗੰਦੀ ਹੋ ਰਹੀ ਹੈ ਨਹਿਰ, 20 ਫੁੱਟ ਦੀ ਸੜਕ 10 ਫੁੱਟ ਦੀ ਰਹਿ ਗਈ

ਜਲੰਧਰ 12 ਨਵੰਬਰ। ਜਲੰਧਰ-ਅੰਮ੍ਰਿਤਸਰ ਹਾਈਵੇ ਨਾਲ ਲੱਗਦੀ ਬਿਸਤ ਦੁਆਬ ਨਹਿਰ ਦੇ ਕੰਢੇ ਵਸੇ ਪਰਸੂਰਾਮ ਨਗਰ ਦੇ ਲੋਕਾਂ ਨੇ ਨਹਿਰ ਦੇ ਕਿਨਾਰੇ ਕਬਜਾ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਉਹ ਨਹਿਰ 'ਚ ਗੰਦਗੀ ਫੈਲਾਉਣ ਤੋਂ ਗੁਰੇਜ ਨਹੀਂ ਕਰ ਰਹੇ। ਕਬਜਾਧਾਰੀਆਂ ਨੇ ਨਹਿਰ ਨੂੰ ਆਪਣੀ ਜਾਇਦਾਦ ਸਮਝਣਾ ਸੂਰੂ ਕਰ ਦਿੱਤਾ ਹੈ ਪਰ ਸਫਾਈ ਦੀ ਜ਼?ਮੇਵਾਰੀ ਨਹਿਰੀ ਵਿਭਾਗ 'ਤੇ ਛੱਡ ਦਿੱਤੀ ਗਈ ਹੈ ਪਰ ਨਹਿਰੀ ਵਿਭਾਗ ਵੀ ਇਨ੍ਹਾਂ ਕਬਜ਼?ਆਂ ਖ਼?ਲਾਫ ਕੋਈ ਕਾਰਵਾਈ ਨਹੀਂ ਕਰ ਰਿਹਾ। ਪਰਸੂਰਾਮ ਨਗਰ ਤੋਂ ਗਦਈਪੁਰ ਪੁਲੀ ਤੱਕ ਹੁਣ 20 ਫੁੱਟ ਚੌੜੀ ਸੜਕ ਵੀ ਬਣਾਈ ਗਈ ਹੈ ਪਰ ਇਨ੍ਹਾਂ ਕਬਜ਼?ਆਂ ਕਾਰਨ ਸੜਕ ਸਿਰਫ 10 ਫੁੱਟ ਹੀ ਰਹਿ ਗਈ ਹੈ, ਕਿਉਂਕਿ ਉਸ ਦਾ ਸਾਮਾਨ ਨਹਿਰ ਦੇ ਕੰਢੇ ਰੱਖਿਆ ਹੋਇਆ ਹੈ ਅਤੇ ਉਹ ਸਾਰਾ ਦਿਨ ਉੱਥੇ ਬੈਠਾ ਰਹਿੰਦਾ ਹੈ। 2 ਸਾਲ ਪਹਿਲਾਂ ਸਥਾਨਕ ਲੋਕਾਂ ਨੇ ਇਨ੍ਹਾਂ ਕਬਜ਼?ਆਂ ਤੋਂ ਨੂੰ ਹਟਾ ਕੇ ਸਾਮਾਨ ਨਹਿਰ 'ਚ ਸੁੱਟ ਦਿੱਤਾ ਸੀ। ਇਸ ਦੇ ਬਾਵਜੂਦ ਮੁੜ ਉਹੀ ਸਥਿਤੀ ਪੈਦਾ ਹੋ ਗਈ ਹੈ। ਪਿੰਡ ਰੰਧਾਵਾ ਮਸੰਦਾਂ ਦੇ ਅਮਰੀਕ ਸਿੰਘ ਮੀਕਾ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਸੜਕ ਦੀ ਸਫਾਈ ਰੱਖਣ ਲਈ ਕਈ ਵਾਰ ਅਪੀਲ ਕੀਤੀ ਗਈ ਸੀ ਪਰ ਅਜਿਹਾ ਨਹੀਂ ਕਰ ਰਿਹਾ। ਇਨ੍ਹਾਂ ਲੋਕਾਂ ਨੇ ਸੜਕ ਦੇ ਦੋਵੇਂ ਪਾਸੇ ਆਪਣਾ ਕਬਾੜ



ਰੱਖਿਆ ਹੋਇਆ ਹੈ। ਕਈ ਵਾਰ ਸਾਮ ਨੂੰ ਇਸ ਸੜਕ ਤੋਂ ਲੰਘਣਾ ਮੁਸਕਲ ਹੋ ਜਾਂਦਾ ਹੈ। ਨਹਿਰ ਨੂੰ ਇੰਨਾ ਗੰਦਾ ਕਰ ਦਿੱਤਾ ਗਿਆ ਹੈ ਕਿ ਇਸ ਦੀ ਸਫਾਈ ਕਰਨ ਵਾਲੇ ਮਨਰੇਗਾ ਮਜਦੂਰ ਵੀ ਪ੍ਰੇਸਾਨ ਹੋ ਜਾਂਦੇ ਹਨ। ਉਨ੍ਹਾਂ ਦੇ ਘਰਾਂ 'ਚੋਂ ਜੋ ਵੀ ਕੂੜਾ ਨਿਕਲਦਾ ਹੈ। ਸਭ ਕੁਝ ਨਹਿਰ 'ਚ ਹੀ ਸੁੱਟਿਆ ਜਾ ਰਿਹਾ ਹੈ। ਜਗਜੀਤ ਸਿੰਘ, ਸਮਰ ਸਿੰਘ ਤੇ ਰੋਸਨ ਲਾਲ ਨੇ ਦੱਸਿਆ ਕਿ ਨਹਿਰ ਦੇ ਕਿਨਾਰੇ ਪੱਕੇ ਕਰਨ ਲਈ ਇੱਟਾਂ ਪਾ ਕੇ ਪੱਕਾ ਕੀਤਾ ਗਿਆ ਸੀ ਪਰ ਇਨ੍ਹਾਂ ਲੋਕਾਂ ਦੇ ਘਰ ਕਿੱਥੇ ਹਨ। ਇੱਥੋਂ ਤੱਕ ਕਿ ਇਸ ਦੇ ਸਾਹਮਣੇ ਵਾਲੀ ਨਹਿਰ ਦੇ ਕੰਢਿਆਂ ਤੋਂ ਇੱਟਾਂ ਵੀ ਗਾਇਬ ਹੋ ਗਈਆਂ ਹਨ ਤੇ ਮਿੱਟੀ ਵੀ। ਇਸ ਸਬੰਧੀ ਨਹਿਰੀ ਵਿਭਾਗ ਨੂੰ ਸ਼?ਕਾਇਤ ਵੀ ਭੇਜੀ ਗਈ ਸੀ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਸਕੀ। ਨਹਿਰੀ ਵਿਭਾਗ ਨੇ ਸਿਰਫ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਨ੍ਹਾਂ ਲੋਕਾਂ ਦੇ ਘਰ ਨਹਿਰ ਦੇ ਕੰਢੇ ਹੋ ਸਕਦੇ ਹਨ ਪਰ ਪਾਣੀ ਨੂੰ ਕੂੜਾ ਜਾਂ ਦੂਸ਼?ਤ ਨਾ ਕਰੋ। ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਵੀ ਇਨ੍ਹਾਂ ਕਬਜ਼?ਆਂ 'ਤੇ ਬਹੁਤ ਮਿਹਰਬਾਨ ਹੈ, ਜਿਸ ਕਾਰਨ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਦੋਂ ਵੀ ਕੋਈ ਅਧਿਕਾਰੀ ਮੌਕੇ 'ਤੇ ਆ ਕੇ ਉਨ੍ਹਾਂ ਨੂੰ ਪੁੱਛਦਾ ਹੈ ਤਾਂ ਇਹ ਲੋਕ ਮੰਤਰੀਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਕਰਵਾਉਂਦੇ ਹਨ, ਜੇਕਰ ਨਹਿਰੀ ਵਿਭਾਗ ਆਪਣੇ ਸਾਹਮਣੇ ਨਹਿਰ 'ਚ ਫੈਲੀ ਗੰਦਗੀ ਨੂੰ ਸਹੀ ਢੰਗ ਨਾਲ ਦੇਖ ਲਵੇ ਤਾਂ ਨਹਿਰ ਪੂਰੀ ਤਰ੍ਹਾਂ ਸਾਫ ਹੋ ਜਾਵੇਗੀ। ਇਨ੍ਹਾਂ ਲੋਕਾਂ ਵੱਲੋਂ ਸੁੱਟੀ ਗੰਦਗੀ ਹੋਰ ਵੀ ਵਧ ਜਾਂਦੀ ਹੈ। ਇਸ ਨਾਲ ਵਾਤਾਵਰਣ ਵੀ ਪ੍ਰਦੂਸ਼?ਤ ਹੁੰਦਾ ਹੈ।

# ਵਿੱਤੀ ਸੰਕਟ ਨਾਲ ਜੂਝਦੇ ਪੰਜਾਬ ਸਰਕਾਰ ਨੇ ਪਾਇਆ ਇੱਕ ਹੋਰ ਨਵਾਂ ਬੋਝ: ਅਰਵਿੰਦ ਖੰਨਾ

ਚੰਡੀਗੜ੍ਹ, (Sanjay Arora ): ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਵਿੱਤੀ ਸੰਕਟ ਨਾਲ ਜੂਝ ਰਹੇ ਪੰਜਾਬ ਦੇ ਸਿਰ ਇੱਕ ਹੋਰ ਨਵਾਂ ਬੋਝ ਪਾ ਦਿੱਤਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਸਰਕਾਰ ਨੇ ਨਵੇਂ ਵਿੱਤੀ ਚੀਫ਼ ਸਲਾਹਕਾਰ ਅਰਵਿੰਦ ਮੋਦੀ ਅਤੇ ਸਲਾਹਕਾਰ ਸੈਬਾਸਟਿਨ ਜੇਮਜ਼ ਨੂੰ ਕੈਬਨਿਟ ਅਤੇ ਸੈਕਟਰੀ ਰੈਂਕ ਦੀਆਂ ਸਹੂਲਤਾਂ ਸੌਂਪ ਕੇ ਪੰਜਾਬ ਦੇ ਦਰਵਾਜ਼ੇ ਤੇ ਨਵੇਂ ਸਫ਼ੇਦ ਹਾਥੀ ਬੰਨ੍ਹ ਦਿੱਤੇ ਹਨ। ਉਨ੍ਹਾਂ ਕਿਹਾ ਕਿ ਬਾਹਰੀ ਅਧਿਕਾਰੀਆਂ ਦੀ ਨਿਯੁਕਤੀ ਅਤੇ ਉਨ੍ਹਾਂ 'ਤੇ ਹੋਣ ਵਾਲੇ ਖਰਚ ਪੰਜਾਬ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਇੰਨ੍ਹਾਂ ਨਿਯੁਕਤੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਹਿੱਤ ਵਿੱਚ ਨੀਤੀ ਅਪਨਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਹੈ।

ਸ਼੍ਰੀ ਖੰਨਾ ਨੇ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜ਼ਰੀਵਾਲ ਨੇ ਦਾਅਵਾ ਕੀਤਾ ਸੀ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਆਰਥਿਕ ਸਥਿਤੀ ਵਿੱਚ ਪੂਰੀ ਤਰ੍ਹਾਂ ਸੁਧਾਰ ਹੋ ਜਾਵੇਗਾ, ਜਦਕਿ ਉਨ੍ਹਾਂ ਦੀਆਂ ਹਦਾਇਤਾਂ ਤੇ ਪੰਜਾਬ ਸਿਰ ਨਵਾਂ ਆਰਥਿਕ ਬੋਝ ਪਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਆਪਣੇ ਪੱਖ ਵਿੱਚ ਇਸ਼ਤਿਹਾਰਬਾਜ਼ੀ ਕਰਕੇ ਅਤੇ ਹਵਾਈ ਯਾਤਰਾਵਾਂ ਰਾਹੀਂ ਪਹਿਲਾਂ ਹੀ ਪੰਜਾਬ ਦੇ ਖਜਾਨੇ ਨੂੰ ਵੱਡਾ



ਨੁਕਸਾਨ ਪਹੁੰਚਾਇਆ ਹੋਇਆ ਹੈ ਅਤੇ ਹੁਣ ਇੱਕ ਹੋਰ ਗਲਤ ਫੈਸਲਾ ਕਰਕੇ ਪੰਜਾਬ ਲਈ ਨਵਾਂ ਸੰਕਟ ਪੈਦਾ ਕਰ ਦਿੱਤਾ ਹੈ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਜਨਤਾ ਨੂੰ ਯਕੀਨ ਦਵਾਇਆ ਗਿਆ ਸੀ ਕਿ ਸੂਬੇ ਵਿਚੋਂ ਹੀ ਨਵੇਂ ਆਮਦਨੀ ਸਰੋਤ ਬਣਾਏ ਜਾਣਗੇ, ਪਰ ਕਰਜੇ ਤੋਂ ਇਲਾਵਾ ਸਰਕਾਰ ਕੋਲ ਇੱਕ ਵੀ ਨਵਾਂ ਪੈਸਾ ਖਜਾਨੇ ਵਿਚ ਨਹੀਂ ਆ ਰਿਹਾ ਹੈ। ਉਨਾਂ ਕਿਹਾ ਕਿ ਆਪ ਆਗੂਆਂ ਦੇ ਸਰਾਬ ਨੀਤੀ, ਬਿਜਲੀ ਅਤੇ ਮਾਈਨਿੰਗ ਤੋਂ ਕਰੋੜਾਂ ਦੀ ਕਮਾਈ ਨਾਲ ਪੰਜਾਬ ਨੂੰ ਆਰਥਿਕ ਪੱਖੋਂ ਮਜਬੂਤ ਕਰਨ ਦੇ ਦਾਅਵਿਆਂ ਦਾ ਉਨਾਂ ਕੋਲ ਕੋਈ ਜਵਾਬ ਹੈ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਵਿੱਤੀ ਹਾਲਾਤਾਂ ਨੂੰ ਲੈ ਕੇ ਇੱਕ ਵਾਇਟ ਪੇਪਰ ਜਾਰੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਟੈਕਸ ਮਾਮਲੇ ਵਿੱਚ ਪੰਜਾਬ ਦੇ ਬਣਦੇ ਹਿੱਸੇ ਵਜੋਂ ਬਣਦੀ 3220 ਕਰੋੜ ਰੁਪਏ ਦੀ ਰਾਸ਼ੀ ਅਦਾ ਕਰ ਦਿੱਤੀ ਹੈ, ਜਿਸ ਨੂੰ ਪੰਜਾਬ ਦੀ ਭਲਾਈ ਲਈ ਖ਼ਰਚ ਕੀਤਾ ਜਾਣਾ ਬਣਦਾ ਸੀ, ਪਰ ਕੇਜ਼ਰੀਵਾਲ ਦੇ ਇਸ਼ਾਰਿਆਂ ਤੇ ਪੰਜਾਬ ਦੇ ਖ਼ਜ਼ਾਨੇ ਨੂੰ ਲੁਟਾਇਆ ਜਾ ਰਿਹਾ ਹੈ।

## ਦਰਿਆ ਬਿਆਸ ਇਕ ਵਾਰ ਫਿਰ ਪੂਰੇ ਉਫਾਨ 'ਤੇ, ਆਰਜੀ ਬੰਨ੍ਹ ਟੁੱਟੇ, ਫਸਲਾਂ 'ਚ ਵੜਿਆ ਪਾਣੀ

ਸੁਲਤਾਨਪੁਰ ਲੋਧੀ 12 ਨਵੰਬਰ। ਪਹਾੜੀ ਖੇਤਰ 'ਚ ਹੋ ਰਹੀ ਬਾਰਿਸ਼ ਤੇ ਬਦਲ ਫਟਣ ਨਾਲ ਬਿਆਸ ਦਰਿਅ ਇਕ ਵਾਰ ਫਿਰ ਪੂਰੇ ਉਫਾਨ 'ਤੇ ਹੈ। ਦਰਿਆ ਬਿਆਸ 'ਚ ਪਾਣੀ ਦਾ ਪੱਧਰ ਦੋਬਾਰਾ ਵਧਣ ਨਾਲ ਹੁਣ ਮੰਡ ਫਸਲਾਂ ਨੂੰ ਘੇਰ ਲਿਆ ਹੈ। ਕਈ ਕਿਸਾਨਾਂ ਦੀ ਮੱਕੀ ਦੀ ਫਸਲ ਹਾਲੇ ਵੀ ਕਟਾਈ ਲਈ ਪਈ ਸੀ ਉਹ ਵੀ ਪਾਣੀ 'ਚ ਡੁੱਬ ਗਈ ਹੈ। ਇਸ ਤੋਂ ਇਲਾਵਾ ਝੋਨੇ ਦੀ ਫਸਲ ਜੋ ਪਹਿਲਾਂ ਪਾਣੀ ਦਾ ਪੱਧਰ ਨੀਵਾਂ ਹੋਣ ਕਰਕੇ ਵਿਖਾਈ ਦੇਣ ਲੱਗ ਪਈ ਸੀ,



ਖੇਤਰ ਅਤੇ ਦਰਿਆ ਦੇ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ 'ਚ ਬੇਹੱਦ ਖੌਫ ਅਤੇ ਦਹਿਸ਼ਤ ਪਾਈ ਜਾ ਰਹੀ ਹੈ। ਦਰਿਆ ਬਿਆਸ ਦੀ ਮਾਰ ਤੋਂ ਬਚਣ ਲਈ ਨਜਦੀਕ ਲੱਗਦੇ ਪਿੰਡਾਂ ਸੁੱਬਦੁਲਾਪੁਰ, ਪੱਸਣ ਕਦੀਮ, ਸ਼ੇਰਪੁਰ ਡੋਗਰਾ ਆਦਿ 'ਚ ਲੋਕਾਂ ਵੱਲੋਂ ਲਗਾਏ ਆਰਜੀ ਬੰਨ੍ਹ ਟੁੱਟ ਗਏ ਹਨ ਅਤੇ ਪਾਣੀ ਨੇ ਦੋਬਾਰਾ ਪਾਣੀ ਦੀ ਮਾਰ ਹੇਠ ਆ ਗਈ ਹੈ, ਜਿਸ ਨਾਲ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਛਾਈ ਪਈ ਹੈ।ਗੌਰਤਲਬ ਹੈ ਕਿ ਸਤਲੁਜ ਦਰਿਆ ਵੱਲੋਂ ਪਾਣੀ ਦੀ ਮਾਰ ਮਾਰਨ ਤੋਂ ਪਹਿਲਾਂ ਦਰਿਆ ਬਿਆਸ 'ਚ ਪਾਣੀ ਦਾ ਪੱਧਰ ਬਹੁਤ ਵਧ ਗਿਆ ਸੀ, ਜਿਸ ਨਾਲ ਸਾਰੀਆਂ ਫਸਲਾਂ ਡੁੱਬਣ ਤੇ ਹਰੀਕੇ ਤੋਂ ਦਰ ਖੋਲ੍ਹਣ ਨਾਲ ਪਾਣੀ ਦਾ ਪੱਧਰ ਕਾਫੀ ਘੱਟ ਹੋਣ 'ਤੇ ਫਸਲਾਂ ਦਾ ਬਚਾਅ ਹੋ ਗਿਆ ਸੀ। ਹੁਣ ਦੁਬਾਰਾ ਬਿਆਸ 'ਚ ਪਾਣੀ ਦਾ ਪੱਧਰ ਵਧਣਾਂ ਕਿਸਾਨ ਇਸ ਨੂੰ ਖਤਰੇ ਦੀ ਘੰਟੀ ਮੰਨ ਰਹੇ ਹਨ। ਇਸ ਲਈ ਬਚਾਅ ਲਈ ਪ੍ਰਸ਼ਾਸਨ ਨੂੰ ਹੁਣ ਤੋਂ ਹੀ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ। ਕਿਸਾਨਾਂ ਮੁਤਾਬਕ ਅੱਜ 3 ਜਗ੍ਹਾ ਤੋਂ ਆਰਜੀ ਬੰਨ੍ਹ ਟੁੱਟਣ ਨਾਲ ਜੋ ਸਥਿਤੀ ਪੈਦਾ ਹੋ ਗਈ ਹੈ, ਜੇ ਉਹ ਇਸ ਤਰ੍ਹਾਂ ਹੀ ਜਾਰੀ ਰਹੀ ਤਾਂ ਮੰਡ ਖੇਤਰ ਅਤੇ ਉਸਦੇ ਆਲੇ ਦੁਆਲੇ ਦਾ ਸਾਰਾ ਖੇਤਰ ਦੁਬਾਰਾ ਪਾਣੀ ਦੀ ਮਾਰ ਹੇਠਾਂ ਆ ਜਾਵੇਗਾ, ਜਿਸ ਨੂੰ ਹੁਣ ਰੋਕਣਾ ਸਰਕਾਰ ਅਤੇ ਪ੍ਰਸ਼ਾਸਨ ਦੇ ਹੱਥ ਹੈ। ਇਸ ਸਬੰਧੀ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਜ਼?ਲ੍ਹਾ ਪ੍ਰਧਾਨ ਪਰਮਜੀਤ ਸਿੰਘ ਬਾਊਪੁਰ ਨੇ ਦੱਸਿਆ ਕਿ ਦਰਿਆ ਬਿਆਸ ਦਾ ਖਤਰਾ ਹਰ ਵੇਲੇ ਮੰਡ ਖੇਤਰ ਦੇ ਕਿਸਾਨਾਂ ਨੂੰ ਬਣਿਆ ਰਹਿੰਦਾ ਹੈ। ਸਾਉਣ ਦਾ ਮੌਸਮ ਸ਼ੁਰੂ ਹੋ ਚੁੱਕਿਆ ਹੈ ਅਤੇ ਡੈਮ ਤੋਂ ਦੁਬਾਰਾ ਪਾਣੀ ਛੱਡਣ ਨਾਲ ਕਿਸਾਨਾਂ ਦੇ ਦੁਬਾਰਾ ਸਾਹ ਸੂਤੇ ਗਏ ਹਨ। ਉਨ੍ਹਾਂ ਦੱਸਿਆ ਕਿ ਆਰਜੀ ਬੰਨ੍ਹ ਜੋ ਸਾਡੀਆਂ ਜਮੀਨਾਂ ਨੂੰ ਬਚਾਉਣ ਲਈ ਲਗਾਏ ਗਏ ਸੰਨ, ਉਹ ਦੋਬਾਰਾ ਪਾਣੀ ਦੀ ਮਾਰ ਹੇਠ ਆ ਕੇ ਟੁੱਟ ਗਏ ਹੰਨ। ਕਿਸਾਨ ਸੰਘਰਸ਼ ਕਮੇਟੀ ਨੇ ਕਿਹਾ ਕਿ ਹਾਲੇ ਵੀ ਸਮਾਂ ਹੈ ਸਰਕਾਰ ਸਮੇਂ ਤੋਂ ਪਹਿਲਾਂ ਜਾਗੇ ਅਤੇ ਹਰੀਕੇ ਤੋਂ ਬਰਾਬਰ ਪਾਣੀ ਰਿਲੀਜ ਕਰ ਦੇਵੇ, ਜੇ ਸਰਕਾਰ ਨੇ ਦੇਰੀ ਕੀਤੀ ਤਾਂ ਸੱਤਲੁਜ 'ਚ ਪਾਣੀ ਦੀ ਮਾਰ ਹੇਠ ਆਏ ਪਿੰਡਾਂ ਵਾਂਗ ਇਹ ਖੇਤਰ ਵੀ ਜਬਰਦਸਤ ਹੜ੍ਹ ਦੀ ਮਾਰ ਹੇਠ ਆ ਜਾਵੇਗਾ, ਜਿਸ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋਵੇਗਾ।'ਜਗ ਬਾਣੀ' ਨਾਲ ਗਲਬਾਤ ਕਰਦੇ ਹੋਏ ਕਿਸਾਨ ਚਰਨਜੀਤ ਸਿੰਘ ਗਿੱਲ, ਹਰਦੀਪ ਸਿੰਘ ਮੈਬਰ ਪੰਚਾਇਤ, ਸੀਤਲ ਰਾਮ, ਸਲਵਿੰਦਰ ਸਿੰਘ, ਸੁਰਿੰਦਰ ਸਿੰਘ ਥਿੰਦ, ਹਰਜਿੰਦਰਸਿੰਘ ਬੱਬੂ ਪ੍ਰਧਾਨ, ਮਲਕੀਤ ਸਿੰਘ, ਮਨਪ੍ਰੀਤ ਸਿੰਘ ਨੇ ਦੱਸਿਆ ਕਿ ਬਿਆਸ ਦੱਰਿਆ 'ਚ ਪਾਣੀ ਦਾ ਪੱਧਰ ਵਧਣ ਨਾਲ ਸਾਰੀਆਂ ਫਸਲਾਂ ਡੁੱਬ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇ ਇਹੀ ਹਲਾਤ ਰਹੇ ਤਾਂ ਬਹੁਤ ਨੁਕਸਾਨ ਹੋਵੇਗਾ।

## ਸਟਰੀਟ ਡਾਗ ਨੂੰ ਟਾਟਾ 407 ਦੇ ਪਿੱਛੇ ਰੱਸੀ ਨਾਲ ਬੰਨ੍ਹ ਕੇ ਘੜੀਸਦਾ ਲੈ ਗਿਆ ਡਰਾਈਵਰ

ਜਲੰਧਰ 12 ਨਵੰਬਰ। ਸਟਰੀਟ ਡਾਗ ਨੂੰ ਟਾਟਾ 407 ਦੇ ਪਿੱਛੇ ਰੱਸੀ ਨਾਲ ਬੰਨ੍ਹ ਕੇ ਸ਼ਹਿਰ ਦੀਆਂ ਗਲੀਆਂ ਵਿਚ ਘੁਮਾਉਣ ਦੀ ਵੀਡੀਓ ਨੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ। ਜ਼?ਦਾ ਡਾਗ ਨੂੰ ਟਾਟਾ 407 ਦੇ ਪਿੱਛੇ ਬੰਨ੍ਹ ਕੇ ਉਸਨੂੰ ਘੜੀਸਦਿਆਂ ਲਿਜਾਣ ਦੀ ਜਦੋਂ ਵੀਡੀਓ ਵਾਇਰਲ ਹੋਈ ਤਾਂ ਐਨੀਮਲ ਪ੍ਰੋਟੈਕਸ਼ਨ ਫਾਊਂਡੇਸ਼ਨ ਨੇ ਪੁਲਸ ਕਮਿਸ਼ਨਰ ਦਫਤਰ ਜਾ ਕੇ ਵੀਡੀਓ ਕਲਿੱਪ ਸਮੇਤ ਸ਼ਿਕਾਇਤ ਦਰਜ ਕਰਵਾਈ ਅਤੇ ਡਰਾਈਵਰ ਵੱਲੋਂ ਕੀਤੇ ਇਸ ਅਣਮਨੁੱਖੀ ਕਾਰਜ ਲਈ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਹਾਲਾਂਕਿ ਵੀਡੀਓ ਕਿਸ ਇਲਾਕੇ ਦਾ ਹੈ, ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ। ਇਸ ਮਾਮਲੇ ਨੂੰ ਥਾਣਾ ਨੰਬਰ 8 ਦੇ ਇੰਚਾਰਜ ਪ੍ਰਦੀਪ ਸਿੰਘ ਨੂੰ ਮਾਰਕ ਕੀਤਾ ਗਿਆ ਹੈ। ਪੁਲਸ ਨੇ ਮਾਮਲੇ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਫਾਊਂਡੇਸ਼ਨ ਦੇ



ਸੰਸਥਾਪਕ ਯੁਵੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਇਕ 11 ਸੈਕਿੰਡ ਦੀ ਵੀਡੀਓ ਆਈ ਸੀ, ਜਿਸ ਵਿਚ ਟਾਟਾ 407 (ਪੀ. ਬੀ. 08 ਸੀ. ਪੀ. 7206) ਆਪਣੇ ਵਾਹਨ ਦੇ ਪਿੱਛੇ ਸਟਰੀਟ ਡਾਗ ਨੂੰ ਰੱਸੀ ਨਾਲ ਬੰਨ੍ਹ ਕੇ ਘੜੀਸਦਾ ਹੋਇਆ ਲਿਜਾ ਰਿਹਾ ਸੀ। ਡਾਗ ਦਾ ਸਿਰ ਵੀ ਵਾਰ-ਵਾਰ ਸੜਕ 'ਤੇ ਟਕਰਾ ਰਿਹਾ ਸੀ ਪਰ ਡਰਾਈਵਰ ਗੱਡੀ ਨੂੰ ਭਜਾਉਂਦਾ ਰਿਹਾ। ਟਾਟਾ 407 ਦੇ ਪਿੱਛੇ ਆ ਰਹੇ ਇਕ ਬਾਈਕ ਸਵਾਰ ਨੌਜਵਾਨ ਨੇ ਇਹ ਵੀਡੀਓ ਬਣਾ ਕੇ ਵਾਇਰਲ ਕਰ ਦਿੱਤੀ, ਜਿਸ ਤੋਂ ਬਾਅਦ ਫਾਊਂਡੇਸ਼ਨ ਦੇ ਸੰਸਥਾਪਕ ਨੇ ਸ਼ਿਕਾਇਤ ਦਰਜ ਕਰਵਾਈ। ਯੁਵੀ ਸਿੰਘ ਨੇ ਕਿਹਾ ਕਿ ਡਰਾਈਵਰ ਵੱਲੋਂ ਕੀਤੇ ਇਸ ਘਿਨੌਣੇ ਕੰਮ ਨੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਦੇ ਨਾਲ-ਨਾਲ ਮਨੁੱਖਤਾ ਦੇ ਸਿਧਾਂਤਾਂ ਨੂੰ ਤਾਰ-ਤਾਰ ਕੀਤਾ ਹੈ। ਉਨ੍ਹਾਂ ਟਾਟਾ 407 ਦੇ ਡਰਾਈਵਰ ਵਿਰੁੱਧ ਪਸ਼ੂ ਭਲਾਈ ਕਾਨੂੰਨਾਂ ਦੀ ਉਲੰਘਣਾ ਕਰਨ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਟਾਟਾ 407 ਨੂੰ ਵੀ ਜਬਤ ਕੀਤਾ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਤੇ ਵੀ ਬੇਸਹਾਰਾ ਪਸ਼ੂਆਂ ਖ਼?ਲਾਫ ਕੋਈ ਵੀ ਜੁਲਮ ਕਰਦਾ ਹੈ ਤਾਂ ਉਸਦੀ ਜਾਣਕਾਰੀ ਪੁਲਸ ਨੂੰ ਦਿੱਤੀ ਜਾਵੇ ਤਾਂ ਕਿ ਬੇਜੁਬਾਨਾਂ ਨੂੰ ਬਚਾਇਆ ਜਾ ਸਕੇ।

## ਲੁਧਿਆਣਾ 'ਚ ਖੁੱਲ੍ਹੇਗਾ ਪੰਜਾਬ ਦਾ ਪਹਿਲਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ, ਬਿਲਕੁਲ ਮੁਫਤ ਹੋਵੇਗਾ ਇਲਾਜ

ਲੁਧਿਆਣਾ 12 ਨਵੰਬਰ। ਲੁਧਿਆਣਾ 'ਚ ਜਲਦੀ ਹੀ ਪੰਜਾਬ ਦਾ ਪਹਿਲਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ ਖੁੱਲ੍ਹਣ ਜਾ ਰਿਹਾ ਹੈ। ਹੈਲਪਫੁੱਲ ਐੱਨ. ਜੀ. ਓ. ਵੈਲਫੇਅਰ ਸੋਸਾਇਟੀ ਵਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਜ਼?ਲ੍ਹੇ 'ਚ ਖੁੱਲ੍ਹਣ ਵਾਲੇ ਇਸ ਸੈਂਟਰ 'ਚ ਮੁਫਤ ਇਲਾਜ ਹੋਵੇਗਾ। ਇਹ ਸੈਂਟਰ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ 'ਚ ਇਹ ਡਾਇਲਸਿਸ ਸੈਂਟਰ ਖੋਲ੍ਹਿਆ ਜਾਵੇਗਾ। ਸੋਮਵਾਰ ਨੂੰ ਐੱਨ. ਜੀ. ਓ. ਦੇ ਸੰਸਥਾਪਕ ਦੀਪਕ ਗਰਗ, ਅਸ਼ੋਕ ਮਿੱਤਲ, ਰਾਕੇਸ਼ ਜੈਨ, ਸਤੀਸ਼ ਸੋਨੂੰ ਸਿੰਗਲਾ, ਅਤੇ ਬਾਕਿਆਂ ਨੇ ਐੱਮ. ਓ. ਯੂ. ਚਿੱਠੀ ਸਿਵਲ ਸਰਜਨ ਹਤਿੰਦਰ ਕੌਰ ਨੂੰ ਸੌਂਪੀ। ਇਸ ਮੌਕੇ ਸਿਵਲ ਸਰਜਨ ਨੇ ਐੱਨ. ਜੀ. ਓ. ਵੱਲੋਂ ਕੀਤੇ ਜਾ ਰਹੇ ਇਸ ਕੰਮ ਦੀ ਤਾਰੀਫ ਕੀਤੀ। ਉੱਥੇ ਹੀ ਦੀਪਕ ਗਰਗ ਨੇ ਕਿਹਾ ਕਿ ਇਸ ਸੈਂਟਰ ਨਾਲ ਗਰੀਬ ਵਰਗ ਦੇ ਪੀੜਤ ਮਰੀਜਾਂ ਨੂੰ ਮੁਫਤ ਡਾਇਲਸਿਸ ਦੀ ਸਹੂਲਤ ਨਾਲ ਰਾਹਤ ਮਿਲੇਗੀ। ਇਸ ਸੈਂਟਰ ਦੇ ਸ਼ੁਰੂਆਤ 'ਚ 15 ਡਾਇਲਸਿਸ ਮਸ਼ੀਨਾਂ ਹੋਣਗੀਆਂ ਅਤੇ ਜਲਦੀ ਹੀ 25 ਮਸ਼ੀਨਾਂ ਕਰ ਲਈਆਂ ਜਾਣਗੀਆਂ। ਇੱਥੇ ਕਿਸੇ ਤਰ੍ਹਾਂ ਦਾ ਵੀ ਕੋਈ ਕੈਸ਼ ਕਾਊਂਟਰ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਸੈਂਟਰ ਬਹੁਤ ਹੀ ਆਧੁਨਿਕ ਤਰੀਕੇ ਨਾਲ ਬਣਾਇਆ ਜਾ ਰਿਹਾ ਹੈ।

# ਜੇਕਰ ਤੁਹਾਡਾ ਵੀ ਫੋਨ ਚੋਰੀ ਜਾਂ ਗੁੰਮ ਹੋ ਗਿਆ ਤਾਂ ਘਬਰਾਓ ਨਹੀਂ, ਆਸਾਨੀ ਨਾਲ ਕਰੋ ਬੰਦ

ਨੈਸ਼ਨਲ ਡੈਸਕ 12 ਨਵੰਬਰ। ਅੱਜ ਦੇ ਸਮੇਂ 'ਚ ਸਮਾਰਟਫੋਨ ਹਰ ਇਕ ਵਿਅਕਤੀ ਦੀ ਲੋੜ ਬਣ ਗਈ ਹੈ, ਜਿਸ ਤੋਂ ਬਿਨਾਂ ਮੰਨੋ ਜ਼?ਦਗੀ ਅਧੂਰੀ ਹੈ ਜਾਂ ਕਹਿ ਲਵੋ ਫੋਨ ਤੋਂ ਬਿਨਾਂ ਕੋਈ ਕੰਮ ਨਹੀਂ ਹੋ ਸਕਦਾ। ਜ਼?ਆਦਾਤਰ ਲੋਕ ਸ਼ਾਪਿੰਗ ਨੂੰ ਲੈ ਕੇ ਸਾਮਾਨ ਆਰਡਰ ਕਰਨ ਤੱਕ ਸਾਰੇ ਕੰਮ ਆਨਲਾਈਨ ਕਰਦੇ ਹਨ। ਅਜਿਹੇ ਵਿਚ ਲੱਗਭਗ ਸਾਰੇ ਸਮਾਰਟਫੋਨ 'ਤੇ ਹੈ ਅਤੇ ਹਰ ਕੋਈ ਆਪਣਾ ਡਾਟਾ ਅਤੇ ਖਾਸ ਜਾਣਕਾਰੀ ਫੋਨ 'ਚ ਸੇਵ ਕਰਦਾ ਹੈ ਪਰ ਸੋਚੋ ਜੇਕਰ ਤੁਹਾਡਾ ਫੋਨ ਚੋਰੀ ਜਾਂ ਗੁੰਮ ਹੋ ਗਿਆ ਤਾਂ ਕੀ ਹੋਵੇਗਾ? ਜੇਕਰ ਤੁਹਾਡਾ ਫੋਨ ਚੋਰੀ ਹੋ ਜਾਂਦਾ ਹੈ, ਤਾਂ ਤੁਹਾਡੇ ਬੈਂਕ ਖਾਤੇ ਦੀ ਜਾਣਕਾਰੀ ਦੇ ਲੀਕ ਹੋਣ ਦਾ ਵਧੇਰੇ ਖਤਰਾ ਹੈ। ਇਸ ਦੇ ਨਾਲ ਹੀ ਤੁਹਾਡੀ ਦੀ ਵੀ ਦੁਰਵਰਤੋਂ ਹੋ ਸਕਦੀ ਹੈ। ਜੇਕਰ ਸਮਾਰਟਫੋਨ ਗੁੰਮ ਹੋ ਜਾਂਦਾ ਹੈ ਜਾਂ ਚੋਰੀ ਹੋ ਜਾਂਦਾ ਹੈ, ਤਾਂ ਅਜਿਹੀ ਸਥਿਤੀ 'ਚ ਤੁਹਾਨੂੰ ਘਬਰਾਉਣ ਦੀ ਲੋੜ ਨਹੀਂ ਹੈ। ਤੁਸੀਂ ਇਕ ਫੋਨ ਕਾਲ ਕਰਕੇ ਆਪਣੀ ਨੂੰ ਬਲੌਕ ਕਰਵਾ ਸਕਦੇ ਹੋ। ਇਸ ਲਈ ਤੁਹਾਨੂੰ ਸਿਰਫ ਕੁਝ ਸਟੈਪਸ ਨੂੰ ਫਾਲੋ ਕਰਨਾ ਹੋਵੇਗਾ। ਦਰਅਸਲ ਯੂਨੀਫਾਈਡ ਪੇਮੈਂਟ ਇੰਟਰਫੇਸ () ਇਕ ਬੈਂਕਿੰਗ ਸਿਸਟਮ ਹੁੰਦਾ ਹੈ, ਜੋ ਤੁਹਾਨੂੰ ਪੇਮੈਂਟ ਐੱਪ ਜਰੀਏ ਪੈਸਿਆਂ ਦਾ ਭੁਗਤਾਨ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਪੇਮੈਂਟ ਐੱਪ ਜਰੀਏ ਤੁਸੀਂ ਪੈਸਿਆਂ ਦਾ ਆਦਾਨ-ਪ੍ਰਦਾਨ ਆਸਾਨੀ ਨਾਲ ਕਰ ਸਕਦੇ ਹੋਏ। ਉੱਥੇ ਹੀ ਪੈਸਿਆਂ ਨੂੰ ਭੇਜਣ ਲਈ ਵੀ ਤੁਹਾਨੂੰ ਪਿਨ ਦੀ ਲੋੜ ਹੁੰਦੀ ਹੈ। ਪੈਸਿਆਂ ਨੂੰ ਲੈਣ ਲਈ ਕੋਈ ਪਿਨ ਦੀ ਲੋੜ ਨਹੀਂ ਹੁੰਦੀ। ਉੱਥੇ ਹੀ ਬੈਂਕ ਨੂੰ ਜਾਂ ਪੇਮੈਂਟ ਸਿਸਟਮ ਨੂੰ ਜੋੜਨ ਲਈ ਦੀ ਮਦਦ ਲੱਗਦੀ ਹੈ। ਇਸ ਦੇ ਨਾਲ ਹੀ ਇਕ ਯੂਨਿਕ ਪਤਾ ਹੁੰਦੀ ਹੈ, ਜਿਸ ਦੀ ਵਰਤੋਂ ਤੁਸੀਂ 'ਤੇ ਖੁਦ ਨੂੰ ਪਛਾਣਨ ਲਈ ਕੀਤਾ ਜਾਂਦਾ ਹੈ। ਜੇਕਰ ਤੁਹਾਡਾ ਫੋਨ ਚੋਰੀ ਹੋ ਜਾਂਦਾ ਹੈ ਤਾਂ ਤੁਸੀਂ ਆਸਾਨੀ ਨਾਲ ਆਪਣੇ ਸਮਾਰਟਫੋਨ 'ਚ ਮੌਜੂਦ ਨੂੰ ਬਲਾਕ ਕਰਵਾ ਸਕਦੇ ਹੋ। ਉੱਥੇ ਹੀ ਦੇਸ਼ ਵਿਚ ਆਏ ਦਿਨ ਚੋਰੀਆਂ ਹੁੰਦੀਆਂ ਰਹਿੰਦੀਆਂ ਹਨ। ਅਜਿਹੇ ਵਿਚ ਤੁਹਾਡੇ ਦਾ ਗਲਤ ਇਸਤੇਮਾਲ ਵੀ ਹੋ ਸਕਦਾ ਹੈ। ਨੂੰ ਬਲੌਕ ਕਰਨ ਲਈ ਤੁਹਾਨੂੰ ਕੰਪਨੀ ਦੇ ਕਸਟਮਰ ਕੇਅਰ ਨੰਬਰ 0806-8727-374 ਜਾਂ 0226-8727-374 'ਤੇ ਕਾਲ ਕਰਨੀ ਪਵੇਗੀ। ਜਦੋਂ ਤੁਸੀਂ ਕਾਲ ਕਰਦੇ ਹੋ, ਤਾਂ ਗ੍ਰਾਹਕ ਦੇਖਭਾਲ ਅਧਿਕਾਰੀ ਤੁਹਾਡੇ ਤੋਂ ਪੂਰੇ ਵੇਰਵੇ ਦੀ ਮੰਗ ਕਰੇਗਾ। ਤੁਹਾਡੇ ਵਲੋਂ ਦਿੱਤੇ ਵੇਰਵਿਆਂ ਦੀ ਪੁਸਟੀ ਕਰਨ ਤੋਂ ਬਾਅਦ ਤੁਹਾਡੀ ਨੂੰ ਬਲੌਕ ਕਰ ਦੇਵੇਗਾ। ਜੇਕਰ ਤੁਸੀਂ ਐਪ ਦੀ ਵਰਤੋਂ ਕਰਦੇ ਹੋ, ਤਾਂ ਤੁਹਾਨੂੰ ਆਪਣੀ ਨੂੰ ਬਲੌਕ ਕਰਨ ਲਈ ਹੈਲਪਲਾਈਨ ਨੰਬਰ 01204456456 'ਤੇ ਕਾਲ ਕਰਨੀ ਪਵੇਗੀ। ਜਾਣਕਾਰੀ ਦੀ ਪੁਸਟੀ ਕਰਨ ਤੋਂ ਬਾਅਦ ਤੁਹਾਡੀ ਆਈਡੀ ਕੰਪਨੀ ਵਲੋਂ ਅਸਥਾਈ ਤੌਰ 'ਤੇ ਬਲੌਕ ਕਰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜੇਕਰ ਤੁਸੀਂ ਦੀ ਵਰਤੋਂ ਕਰ ਰਹੇ ਹੋ, ਤਾਂ ਤੁਹਾਨੂੰ ਕੰਪਨੀ ਦੇ ਕਸਟਮਰ ਕੇਅਰ ਨੰਬਰ 18004190157 'ਤੇ ਕਾਲ ਕਰਕੇ ਸਾਰੇ ਵੇਰਵੇ ਦੇਣੇ ਹੋਣਗੇ। ਵੇਰਵਿਆਂ ਦੀ ਪੁਸਟੀ ਕਰਨ ਤੋਂ ਬਾਅਦ ਗ੍ਰਾਹਕ ਦੇਖਭਾਲ ਅਧਿਕਾਰੀ 'ਤੇ ਤੁਹਾਡੀ ਆਈਡੀ ਨੂੰ ਬਲੌਕ ਕਰ ਦੇਵੇਗਾ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**ਪੂਰਵੋਤੱਰ ਰੇਲਵੇ**
ਭਾਰਤ ਦੇ ਰਾਸ਼ਟਰਪਤੀ ਵਲੋਂ ਉਪ ਮੁੱਖ ਯਾਂਤ੍ਰਿਕ ਇੰਜੀਨਿਅਰ/ਕਾਰਜ, ਵਾਸਤੇ ਮੁੱਖ ਕਾਰਖਾਨਾ ਪ੍ਰਬੰਧਕ ਯਾਂਤ੍ਰਿਕ ਕਾਰਖਾਨਾ ਗੋਰਖਪੁਰ ਦਵਾਰਾ ਹੇਠਾਂ ਲਿਖੇ ਕਾਰਜ ਦੇ ਲਈ ਆੱਨਲਾਈਨ (ਈ-ਟੇਂਡਰਿੰਗ) ਦੇ ਮਾਧਿਅਮ ਤੋਂ ਖੁਲੀ ਈ-ਨਿਵਿਦਾ ਆਮੰਤ੍ਰਿਤ ਕੀਤੀ ਜਾਂਦੀ ਹੈ।
**ਕ੍ਰਮ ਸੰ0 1:-** ਈ-ਨਿਵਿਦਾ ਸੂਚਨਾ ਸੰ0 ਅਤੇ ਨਿਵਿਦਾ ਕਾਰਜ ਦਾ ਵੇਰਵਾ: ਟੇਂਡਰ ਨੰ0-"33-ਜੀਕੇਪੀ-ਐਮਡਬਲਿਊਐਸ-2024-25" "ਈਪਾੱਕਸੀ ਫਲੋਰਿੰਗ ਐਂਡ ਵਿਨਾਯਲ ਗ੍ਰਾਫਿਕ ਪੈਚ ਵਰਕ ਇਨ ਲੇਵੇਟਰੀ ਏਰੀਆ ਆੱਫ ਐਲਐਚਬੀ/ਆਈਸੀਐਫ (ਏਸੀ/ਨਾੱਨ-ਏਸੀ) ਕੋਚੇਸ ਇਨ ਮੈਕੇਨਿਕਲ ਵਰਕਸ਼ਾਪ, ਗੋਰਖਪੁਰ" ਅਨੁਮਾਨਿਤ ਲਾਗਤ (ਰ0 'ਚ) : ਰੁ. 61660666.57, ਧਰੋਹਰ ਰਾਸ਼ਿ (ਰੁ0 'ਚ): ਰੁ. 458300.00, ਨਿਵਿਦਾ ਪ੍ਰਪਤਰ ਦਾ ਮੁੱਲ:-ਰੁ. ਸ਼ੁਨਯ, ਨਿਵਿਦਾ ਸਮਾਪਨ ਦੀ ਮਿਤੀ ਅਤੇ ਅਵਧਿ: 04.12.2024, 11.00 ਵਜੇ। ਸੰਵਿਦਾ ਦੀ ਅਵਧਿ: 12 ਮਹੀਨੇ।
ਉਪਰੋਕਤ ਈ-ਨਿਵਿਦਾ ਦਾ ਪੂਰਾ ਵੇਰਵਾ ਅਤੇ ਨਿਵਿਦਾ 'ਚ ਭਾਗ ਲੇਣ ਲਈ ਭਾਰਤੀ ਰੇਲ ਦੀ ਵੇਬਸਾਈਟ ਸੰਖਿਆ www.ireps.gov.in 'ਤੇ ਦੇਖੋ।
ਉਪ ਮੁੱਖ ਯਾਂਤ੍ਰਿਕ ਇੰਜੀ/ਕਾਰਜ
ਯਾਂਤ੍ਰਿਕ ਕਾਰਖਾਨਾ
ਮੁਜਾਧਿ/ਯਾਂਤ੍ਰਿਕ-79 ਗੋਰਖਪੁਰ
ਗੱਡੀਆਂ ਦੀ ਛੱਤਾਂ ਅਤੇ ਪਾਯਦਾਨ ਤੇ ਕਦੀ ਵੀ ਯਾਤ੍ਰਾ ਨਾ ਕਰੋ।

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL □KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son□s service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਗਲੋਬਲ ਸਿੱਖ ਕੌਂਸਲ ਵੱਲੋਂ ਸਿੱਖ ਮੁਲਾਜ਼ਮਾਂ ਨੂੰ ਹਵਾਈ ਅੱਡਿਆਂ 'ਤੇ ਕਿਰਪਾਨ ਕਕਾਰ ਪਹਿਨਣ 'ਤੇ ਪਾਬੰਦੀ ਵਾਲਾ ਹੁਕਮ ਰੱਦ ਕਰਨ ਦੀ ਮੰਗ

**➢ ਪ੍ਰਧਾਨ ਮੰਤਰੀ ਮੋਦੀ ਤੇ ਕੇਂਦਰੀ ਮੰਤਰੀ ਨਾਇਡੂ ਨੂੰ ਭੇਜਿਆ ਮੰਗ ਪੱਤਰ ➢ ਸੁਰੱਖਿਆ ਸਕ੍ਰੀਨਿੰਗ ਦੌਰਾਨ ਸਿੱਖ ਯਾਤਰੀਆਂ ਦੇ ਧਾਰਮਿਕ ਚਿੰਨ੍ਹ ਉਤਾਰਨ ਤੋਂ ਰੋਕਣ ਦੀ ਮੰਗ**

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵੱਖ-ਵੱਖ ਮੁਲਕਾਂ ਦੇ 31 ਰਾਸ਼ਟਰੀ ਸਿੱਖ ਸੰਗਠਨਾਂ ਦੀ ਨੁਮਾਇੰਦਾ ਜਥੇਬੰਦੀ, ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਨੇ ਸ਼ਹਿਰੀ ਹਵਾਈ ਉਡਾਣ ਸੁਰੱਖਿਆ ਬਿਊਰੋ (ਬੀ.ਸੀ.ਏ.ਐਸ.) ਦੇ ਹਾਲੀਆ ਨਿਰਦੇਸ਼ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਜਿਸ ਵਿੱਚ ਭਾਰਤੀ ਹਵਾਈ ਅੱਡਿਆਂ 'ਤੇ ਕੰਮ ਕਰਦੇ ਸਿੱਖ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਮੁੱਢਲੇ ਸਿੱਖ ਕਕਾਰਾਂ ਵਿੱਚੋਂ ਕਿਰਪਾਨ ਪਹਿਨਣ ਤੋਂ ਰੋਕਿਆ ਗਿਆ ਹੈ। ਜੀ.ਐੱਸ.ਸੀ. ਨੇ ਕਿਹਾ ਕਿ ਇਹ ਨਿਰਦੇਸ਼ ਦੇਸ਼ ਦੇ ਅਜਿਹੇ ਸਿੱਖ ਕਰਮਚਾਰੀਆਂ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਕਰਦਾ ਹੈ ਜਿਨ੍ਹਾਂ ਨੂੰ ਸੁਰੱਖਿਆ ਸਕ੍ਰੀਨਿੰਗ ਤੋਂ ਬਾਅਦ ਟਰਮੀਨਲ ਖੇਤਰਾਂ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ ਅਤੇ ਇਸ ਹੁਕਮ ਨਾਲ ਉਨ੍ਹਾਂ ਦੀਆਂ ਪੇਸ਼ੇਵਰ ਜ਼ਿੰਮੇਵਾਰੀਆਂ 'ਚ ਰੁਕਾਵਟ ਪੈਂਦੀ ਹੈ ਅਤੇ ਇੱਕ ਤਰ੍ਹਾਂ ਨਾਲ ਅੰਮ੍ਰਿਤਧਾਰੀ ਸਿੱਖਾਂ ਨੂੰ ਇਸ ਬਹਾਨੇ ਹਵਾਈ ਅੱਡਿਆਂ ਉੱਤੇ ਨੌਕਰੀਆਂ ਕਰਨ ਤੋਂ ਰੋਕਿਆ ਜਾ ਰਿਹਾ ਹੈ।

ਗਲੋਬਲ ਸਿੱਖ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ ਨੇ ਇਸ ਮੁੱਦੇ ਉੱਤੇ ਪ੍ਰਧਾਨ ਮੰਤਰੀ ਨਰੇਂਦਰ ਦਮੋਦਰ ਦਾਸ ਮੋਦੀ ਅਤੇ ਕੇਂਦਰੀ ਨਾਗਰਿਕ ਹਵਾਈ ਉਡਾਣ ਮੰਤਰੀ ਕਿੰਜਾਰਾਪੂ ਰਾਮ ਮੋਹਨ ਨਾਇਡੂ ਨੂੰ ਭੇਜੇ ਗਏ ਪੱਤਰ ਵਿਚ ਸਿੱਖਾਂ ਲਈ 30 ਅਕਤੂਬਰ 2024 ਨੂੰ ਜਾਰੀ ਬੀ.ਸੀ.ਏ.ਐਸ. ਦੇ ਇਸ ਚੋਣਵੇਂ ਵਿਸ਼ੇਸ਼ ਨਿਰਦੇਸ਼ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਦਲੀਲ ਦਿੰਦਿਆਂ ਆਖਿਆ ਕਿ ਅੰਮ੍ਰਿਤਧਾਰੀ ਯਾਤਰੀਆਂ ਨੂੰ ਘਰੇਲੂ ਉਡਾਣਾਂ ਵਿੱਚ ਛੇ ਇੰਚ ਤੋਂ ਛੋਟੀ ਕਿਰਪਾਨ ਲਿਜਾਣ ਦੀ ਆਗਿਆ ਹੈ ਪਰ ਹਵਾਈ ਅੱਡਿਆਂ ਦੇ ਸੀਮਿਤ ਖੇਤਰਾਂ ਵਿੱਚ ਸਿੱਖ ਕਰਮਚਾਰੀਆਂ ਨੂੰ ਲਾਜ਼ਮੀ ਕਕਾਰ ਵਜੋਂ ਅਜਿਹੀ ਛੋਟੀ ਕਿਰਪਾਨ ਪਹਿਨਣ ਦੀ ਮਨਾਹੀ ਕਰ ਦਿੱਤੀ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਅਨੈਤਿਕ ਹੁਕਮ ਸਿੱਖ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਆਪਣਾ ਧਰਮ ਨਿਭਾਉਣ ਦੇ ਸੰਵਿਧਾਨਕ ਅਧਿਕਾਰਾਂ ਹੱਕਾਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਖੋਹ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ ਅਤੇ ਕਨੇਡਾ ਵਰਗੇ ਦੇਸ਼ਾਂ ਨੇ ਸੁਰੱਖਿਆ ਪ੍ਰੋਟੋਕਾਲ ਅਤੇ ਧਾਰਮਿਕ ਆਜ਼ਾਦੀ ਦੇ ਮੁੱਦੇ ਉੱਤੇ ਬਿਹਤਰ ਸੰਤੁਲਨ ਕਾਇਮ ਕਰਦਿਆਂ ਹਵਾਈ ਅੱਡਿਆਂ ਉੱਤੇ ਕੰਮ ਕਰਦੇ ਸਿੱਖ ਕਰਮਚਾਰੀਆਂ ਨੂੰ ਸੀਮਿਤ ਖੇਤਰਾਂ ਵਿੱਚ ਕਿਰਪਾਨ ਪਹਿਨਣ ਦੀ ਆਗਿਆ ਦਿੱਤੀ ਹੋਈ ਹੈ। ਇਸ ਕਰਕੇ ਜੀ.ਐੱਸ.ਸੀ. ਭਾਰਤ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਉਹ ਸਾਰੇ ਸਿੱਖ ਕਰਮਚਾਰੀਆਂ ਲਈ ਧਾਰਮਿਕ ਹੱਕ-ਹਕੂਕਾਂ ਦੀ ਪੂਰੀ ਪਾਲਣਾ ਯਕੀਨੀ ਬਣਾਉਣ ਲਈ ਉਸੇ ਤਰ੍ਹਾਂ ਦੀ ਇਕਸਾਰ ਸੰਤੁਲਿਤ ਪਹੁੰਚ ਅਪਣਾਵੇ।

ਜੀ.ਐੱਸ.ਸੀ. ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਬੀ.ਸੀ.ਏ.ਐਸ. ਦੇ ਆਦੇਸ਼ 'ਚੋਂ ਇਸ ਪਾਬੰਦੀ ਵਾਲੀ ਧਾਰਾ ਹਟਾਉਣ ਅਤੇ ਸਿੱਖ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਕਕਾਰ ਵਜੋਂ ਛੋਟੀ ਕਿਰਪਾਨ ਪਹਿਨਣ ਦੀ ਆਗਿਆ ਦੇਣ ਦੀ ਮੰਗ ਕੀਤੀ ਹੈ ਤਾਂ ਜੋ ਉਨ੍ਹਾਂ ਦੇ ਧਾਰਮਿਕ ਹੱਕ-ਹਕੂਕਾਂ ਅਤੇ ਪੇਸ਼ੇਵਰ ਇੱਜ਼ਤ ਦੀ ਸੁਰੱਖਿਆ ਹੋ ਸਕੇ। ਕੌਂਸਲ ਦੀ ਪ੍ਰਧਾਨ ਕੰਵਲਜੀਤ ਕੌਰ ਨੇ ਇਹ ਵੀ ਕਿਹਾ ਕਿ ਭਾਰਤ ਵਰਗੇ ਵਿਭਿੰਨਤਾ ਅਤੇ ਸਮਾਨਤਾ ਵਾਲੇ ਦੇਸ਼ ਵਿਚ, ਜਿੱਥੇ ਵੱਡੀ ਗਿਣਤੀ 'ਚ ਸਿੱਖ ਰਹਿੰਦੇ ਹਨ, ਉੱਥੇ ਹਵਾਈ ਅੱਡਿਆਂ ਉੱਤੇ ਸਿੱਖ ਯਾਤਰੀਆਂ ਅਤੇ ਕਰਮਚਾਰੀਆਂ ਦੇ ਧਾਰਮਿਕ ਹੱਕਾਂ ਦੀ ਸੁਰੱਖਿਆ ਕਰਨੀ ਭਾਰਤ ਦੇ ਸੰਵਿਧਾਨਕ ਧਾਰਮਿਕ ਆਜ਼ਾਦੀ ਦੇ ਸਿਧਾਂਤਾਂ ਵਿੱਚ ਮੌਜੂਦ ਹੈ।

ਚਿੱਠੀ ਵਿੱਚ ਉਨ੍ਹਾਂ ਨੇ ਇਹ ਵੀ ਉਜਾਗਰ ਕੀਤਾ ਕਿ ਭਾਰਤ ਤੋਂ ਵਿਦੇਸ਼ਾਂ ਲਈ ਯਾਤਰਾ ਕਰਨ ਵਾਲੇ ਅੰਮ੍ਰਿਤਧਾਰੀ ਸਿੱਖ ਯਾਤਰੀਆਂ ਨੂੰ ਗਲੇ ਵਿੱਚ ਪਹਿਨੀ ਛੋਟੀ ਕਿਰਪਾਨ, ਖੰਡਾ, ਕੜਾ ਅਤੇ ਕੰਘੇ ਵਰਗੇ ਹੋਰ ਧਾਰਮਿਕ ਚਿੰਨ੍ਹਾਂ ਨੂੰ ਸੁਰੱਖਿਆ ਸਕ੍ਰੀਨਿੰਗ ਦੌਰਾਨ ਅਕਸਰ ਉਤਾਰਨ ਲਈ ਕਿਹਾ ਜਾਂਦਾ ਹੈ ਜੋ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਆਦਰ-ਸਤਿਕਾਰ ਦੀ ਘਾਟ ਨੂੰ ਦਰਸਾਉਂਦਾ ਹੈ।

ਇਸ ਤੋਂ ਇਲਾਵਾ ਜੀ.ਐੱਸ.ਸੀ. ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਭਾਰਤੀ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਯਾਤਰੀਆਂ ਅਤੇ ਕਰਮਚਾਰੀਆਂ ਦੇ ਧਾਰਮਿਕ ਹੱਕ-ਹਕੂਕਾਂ ਦੀ ਸੁਰੱਖਿਆ ਲਈ ਅਵਾਜ਼ ਉਠਾਉਣ ਅਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਗਵਾਈ ਕਰਨ।

## ਅਕੇਡੀਆ ਵਰਲਡ ਸਕੂਲ ਵਿਖੇ 6ਵੀਂ ਸਾਲਾਨਾ ਅਥਲੈਟਿਕ ਮੀਟ ਦਾ ਕੀਤਾ ਗਿਆ ਆਯੋਜਨ



**ਸੁਨਾਮ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਅਕੇਡੀਆ ਵਰਲਡ ਸਕੂਲ, ਨੇੜੇ ਸੀਤਾਸਰ ਮੰਦਰ ਵਿਖੇ ਛੇਵੀਂ ਸਲਾਨਾ ਐਥਲੈਟਿਕ ਮੀਟ (2024-25) ਸਕੂਲ ਵਿਖੇ ਕਰਵਾਈ ਗਈ। ਇਸ ਸਾਲਾਨਾ ਅਥਲੈਟਿਕ ਮੀਟ ਦਾ ਆਯੋਜਨ 8 ਨਵੰਬਰ ਨੂੰ ਕੀਤਾ ਗਿਆ। ਜਿਸ ਵਿੱਚ ਮਾਨਯੋਗ ਅਮਿਤ ਬੰਬੀ (ਪੀ.ਸੀ.ਐਸ)ਅਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਸੰਗਰੂਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ। ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨਾਲ ਵਿਦਿਆਰਥੀ ਕੌਂਸਲ ਅਤੇ ਅਧਿਆਪਕਾਂ ਨੇ ਮਿਲ ਕੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਉਪਰੰਤ ਵਿਦਿਆਰਥੀ ਨੇ ਸ਼ਾਨਦਾਰ ਸਕੇਟਿੰਗ ਸ਼ੋਅ ਪੇਸ਼ ਕੀਤਾ। ਮੁੱਖ ਮਹਿਮਾਨ ਵੱਲੋਂ ਝੰਡਾ ਝੁਲਾ ਕੇ ਅਥਲੈਟਿਕ ਮੀਟ ਦਾ ਆਰੰਭ ਕੀਤਾ ਗਿਆ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ।

ਅਮਿਤ ਬੰਬੀ ਨੇ ਕਿਹਾ,ਕਿ ਬੱਚਿਆਂ ਦੇ ਮਨਾਂ 'ਚ ਛੁਪੀਆਂ ਹੋਈਆਂ ਸੂਖ਼ਮ ਕਲਾਵਾਂ ਨੂੰ ਉਜਾਗਰ ਕਰਨ ਅਤੇ ਤਰਾਸ਼ਣ ਲਈ ਮੁਕਾਬਲੇ ਕਰਵਾਉਣਾ ਇੱਕ ਵਧੀਆ ਉਪਰਾਲਾ ਹੈ। ਅਜਿਹੇ ਯਤਨਾਂ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।ਸਕੂਲ ਦੁਆਰਾ ਬਣਾਈ ਗਈ ਕੌਂਸਲ ਦੁਆਰਾ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਸਮਾਗਮ ਵਿੱਚ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆ ਕਿਹਾ। ਵੱਖ-ਵੱਖ ਹਾਊਸਾਂ ਦੁਆਰਾ ਬਹੁਤ ਹੀ ਸੁਚੱਜੇ ਢੰਗ ਨਾਲ ਮਾਰਚ ਪਾਸਟ ਕੀਤਾ ਗਿਆ।ਸਪੋਰਟਸ ਕੋਚ ਪੰਕਜ ਕੁਮਾਰ ਅਤੇ ਰੈਂਪੀ ਅਨੁਸਾਰ ਵੱਖ-ਵੱਖ 70 ਖੇਡਾਂ ਵਿੱਚ ਬੱਚਿਆਂ ਨੇ ਭਾਗ ਲਿਆ ਜਿਵੇਂ ਕਿ ਲੌਂਗਜੰਪ, ਸੌਟਪੁੱਟ, ਡਿਸਕਸ ਥਰੋ, ਓਕਟੋਪਸ ਰੇਸ, ਥਰੀ ਲੈਗ ਰੇਸ, ਟਗ ਆਫ ਵਾਰ, ਦੌੜਾਂ 100 ਮੀਟਰ, 200 ਮੀਟਰ, 400 ਮੀਟਰ, ਫਨ ਗੇਮਸ ਆਦਿ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਬੈਸਟ ਐਥਲੀਟ ਮੁੰਡਿਆਂ ਵਿੱਚੋਂ ਹਰਨੂਰ ਸਿੰਘ (ਦਸਵੀਂ) ਕਲਾਸ ਨੇ ਬਾਜ਼ੀ ਮਾਰੀ ਲੜਕੀਆਂ ਵਿੱਚੋਂ ਅੱਠਵੀਂ ਕਲਾਸ ਦੀ ਯਸ਼ਪ੍ਰੀਤ ਕੌਰ ਨੇ ਬਾਜ਼ੀ ਮਾਰੀ।

# ਐੱਮਆਈਬੀ 5 ਤੋਂ 9 ਫਰਵਰੀ 2025 ਤੱਕ ਵਿਸ਼ਵ ਆਡੀਓ ਵਿਜ਼ੁਅਲ ਐਂਟਰਟੇਨਮੈਂਟ ਸਮਿਟ ਵੇਵਸ ਦੀ ਮੇਜ਼ਬਾਨੀ ਕਰੇਗਾ

**➢ ਨਵੀਂ ਦਿੱਲੀ ਵਿਖੇ ਵੇਵਸ ਸੰਮੇਲਨ 2025 ਅਤਿ-ਆਧੁਨਿਕ ਨਵੀਨਤਾ, ਆਲਮੀ ਸਹਿਯੋਗ ਅਤੇ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕਰੇਗਾ**

**➢ ਪੀਆਈਬੀ ਨੇ ਵੇਵਸ ਸੰਮੇਲਨ 2025 ਬਾਰੇ ਜਾਗਰੂਕਤਾ ਫੈਲਾਉਣ ਲਈ ਧਰਮਸ਼ਾਲਾ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿੱਚ ਸੂਚਨਾ ਡੈਸਕ ਸਥਾਪਤ ਕੀਤਾ**

**ਚੰਡੀਗੜ੍ਹ/ਸ਼ਿਮਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਭਾਰਤ ਮੰਡਪਮ, ਨਵੀਂ ਦਿੱਲੀ ਵਿਖੇ 5 ਤੋਂ 9 ਫਰਵਰੀ 2025 ਤੱਕ ਵਿਸ਼ਵ ਆਡੀਓ ਵਿਜ਼ੁਅਲ ਐਂਟਰਟੇਨਮੈਂਟ ਸਮਿਟ (ਵੇਵਸ) ਦੀ ਮੇਜ਼ਬਾਨੀ ਕਰੇਗਾ। ਆਗਾਮੀ ਸਮਾਗਮ ਬਾਰੇ ਜਾਗਰੂਕਤਾ ਫੈਲਾਉਣ ਲਈ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਇੱਕ ਮਜ਼ਬੂਤ ਆਊਟਰੀਚ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਵਿੱਚ ਭਾਰਤ ਦੇ 28 ਸ਼ਹਿਰਾਂ ਵਿੱਚ ਰੋਡ ਸ਼ੋਅ ਸ਼ਾਮਲ ਹਨ। ਇਹ ਜਾਗਰੂਕਤਾ ਮੁਹਿੰਮ ਸੰਯੁਕਤ ਰਾਜ, ਦੱਖਣੀ ਕੋਰੀਆ ਅਤੇ ਜਾਪਾਨ ਵਿੱਚ ਅੰਤਰਰਾਸ਼ਟਰੀ ਸਮਾਗਮਾਂ ਨੂੰ ਵੀ ਕਵਰ ਕਰਦੀ ਹੈ।

ਵੇਵਸ ਬਾਰੇ ਜਾਗਰੂਕਤਾ ਅਭਿਆਸ ਦੇ ਹਿੱਸੇ ਵਜੋਂ, ਪੱਤਰ ਸੂਚਨਾ ਦਫ਼ਤਰ, ਚੰਡੀਗੜ੍ਹ ਅਤੇ ਸ਼ਿਮਲਾ ਦੀ ਟੀਮ ਨੇ ਧਰਮਸ਼ਾਲਾ ਇੰਟਰਨੈਸ਼ਨਲ ਫਿਲਮ ਫੈਸਟੀਵਲ,



ਧਰਮਸ਼ਾਲਾ ਵਿਖੇ ਸੂਚਨਾ ਡੈਸਕ ਸਥਾਪਤ ਕੀਤਾ ਹੈ।

ਪੀਆਈਬੀ ਸ਼ਿਮਲਾ ਦੇ ਡਾਇਰੈਕਟਰ ਸ਼੍ਰੀ ਪ੍ਰੀਤਮ ਸਿੰਘ ਨੇ ਵਰਲਡ ਆਡੀਓ ਵਿਜ਼ੂਅਲ ਐਂਟਰਟੇਨਮੈਂਟ ਸਮਿਟ (ਵੇਵਸ) ਪ੍ਰਤੀ ਧਰਮਸ਼ਾਲਾ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿੱਚ ਹਾਜ਼ਰੀਨ ਦੇ ਉਤਸ਼ਾਹੀ ਹੁੰਗਾਰੇ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ÷ਮੁੱਖ ਤੌਰ 'ਤੇ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਫਿਲਮਾਂ ਦੇ ਸ਼ੌਕੀਨਾਂ ਨੇ ਵੇਵਸ ਬਾਰੇ ਸਿੱਖਣ ਵਿੱਚ ਮਹੱਤਵਪੂਰਨ ਦਿਲਚਸਪੀ ਦਿਖਾਈ ਹੈ÷।

ਪੀਆਈਬੀ ਸੂਚਨਾ ਕਾਊਂਟਰ 'ਤੇ ਵੱਡੀ ਗਿਣਤੀ ਵਿੱਚ ਲੋਕ ਉਪਲਬਧ ਪ੍ਰਚਾਰ ਸਮੱਗਰੀ 'ਤੇ ਪ੍ਰਿੰਟ ਕੀਤੇ ਕਿਊਆਰ ਕੋਡਾਂ ਰਾਹੀਂ ਅਤੇ ਅਧਿਕਾਰਤ ਵੈੱਬਸਾਈਟ ਰਾਹੀਂ ਕ੍ਰਿਏਟ ਇਨ ਇੰਡੀਆ ਚੈਲੇਂਜ ਸੀਜ਼ਨ 1 ਲਈ ਸਰਗਰਮੀ ਨਾਲ ਰਜਿਸਟਰ ਕਰਨ ਦੀ ਜਾਣਕਾਰੀ ਪ੍ਰਾਪਤ ਕਰ ਰਹੇ ਹਨ।

ਇਹ ਆਪਣੀ ਕਿਸਮ ਦਾ ਪਹਿਲਾ ਆਲਮੀ ਸੰਮੇਲਨ ਚਾਰ ਮੁੱਖ ਥੰਮ੍ਹਾਂ: ਪ੍ਰਸਾਰਣ ਅਤੇ ਇਨਫੋਟੇਨਮੈਂਟ, ਡਿਜੀਟਲ ਮੀਡੀਆ, ਫਿਲਮ ਅਤੇ ਐਨੀਮੇਸ਼ਨ ਅਤੇ ਵਿਜ਼ੂਅਲ ਇਫੈਕਟਸ (ਏਵੀਜੀਸੀ) 'ਤੇ ਕੇਂਦ੍ਰਿਤ ਹੈ, ਜੋ ਪੂਰੇ ਮੀਡੀਆ ਅਤੇ ਮਨੋਰੰਜਨ ਉਦਯੋਗ ਨੂੰ ਕਵਰ ਕਰਦਾ ਹੈ। ਪੰਜ-ਦਿਨਾਂ ਦਾ ਸ਼ਾਨਦਾਰ ਸਮਾਗਮ ਕਈ ਇਤਿਹਾਸਕ ਈਵੈਂਟਸ ਦੀ ਮੇਜ਼ਬਾਨੀ ਕਰੇਗਾ, ਜਿਸ ਵਿੱਚ ਆਲਮੀ ਉਦਯੋਗ ਦੇ ਨੇਤਾਵਾਂ ਦੁਆਰਾ ਸੂਝ-ਬੂਝ ਭਰਪੂਰ ਸੰਵਾਦ, ਜੀਵੰਤ ਪ੍ਰਦਰਸ਼ਨੀਆਂ ਅਤੇ ਮੀਡੀਆ ਟੈਕਨੋਲੋਜੀ ਵਿੱਚ ਨਵੀਨਤਮ ਉੱਨਤੀ ਨੂੰ ਦਰਸਾਉਣ ਵਾਲੇ ਨਵੀਨਤਾਕਾਰੀ ਪਵੇਲੀਅਨ ਸ਼ਾਮਲ ਹਨ।

ਇੱਕ ਵਿਸ਼ੇਸ਼ ਆਕਰਸ਼ਣ ਵੇਵਸ ਐਕਸਲੇਟਰ ਹੈ, ਜੋ ਵਿਕਰੇਤਾਵਾਂ ਅਤੇ ਖਰੀਦਦਾਰਾਂ ਵਿਚਕਾਰ ਸਹਿਜ ਪਰਸਪਰ ਪ੍ਰਭਾਵ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ। ਉਭਰਦੇ ਸਿਰਜਣਹਾਰਾਂ ਨੂੰ ਸਟਾਰਟਅੱਪਸ ਲਈ ਵਿਸ਼ੇਸ਼ ਪ੍ਰੋਗਰਾਮਾਂ ਅਤੇ ਕ੍ਰਿਏਟ ਇਨ ਇੰਡੀਆ ਚੈਲੇਂਜ ਤੋਂ ਲਾਭ ਹੋਵੇਗਾ, ਜਿਸਦਾ ਉਦੇਸ਼ ਨਵੀਂ ਪ੍ਰਤਿਭਾ ਨੂੰ ਖੋਜਣਾ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਹੈ। ਇੱਕ ਸੱਭਿਆਚਾਰਕ ਪਹਿਲੂ ਨੂੰ ਜੋੜਦੇ ਹੋਏ, ਸੰਸਕ੍ਰਿਤਕ ਪ੍ਰੋਗਰਾਮ ਵਿਭਿੰਨ ਕਲਾ ਰੂਪਾਂ ਦੇ ਜਸ਼ਨ ਨੂੰ ਮਨਾਉਣ ਲਈ ਦੁਨੀਆ ਭਰ ਦੇ ਕਲਾਕਾਰਾਂ ਨੂੰ ਇਕੱਠੇ ਕਰਨਗੇ।

ਇਹ ਯਤਨ ਨੌਜਵਾਨਾਂ, ਵਿਦਿਆਰਥੀਆਂ ਅਤੇ ਉਦਯੋਗ ਦੇ ਨੇਤਾਵਾਂ ਨੂੰ ਸ਼ਾਮਲ ਕਰਨ, ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਭਾਰਤ ਦੇ ਸਿਰਜਣਾਤਮਕ ਖੇਤਰਾਂ ਵਿੱਚ ਪ੍ਰੇਰਨਾ ਜਗਾਉਣ ਲਈ ਤਿਆਰ ਕੀਤੇ ਗਏ ਹਨ। ਇੱਕ ਵਿਆਪਕ ਡਿਜੀਟਲ ਰਣਨੀਤੀ ਗਤੀਸ਼ੀਲ ਸੋਸ਼ਲ ਮੀਡੀਆ ਸਹਿਯੋਗ ਅਤੇ ਉੱਚ ਵਿਦਿਅਕ ਸੰਸਥਾਵਾਂ ਦੇ ਨਾਲ ਭਾਈਵਾਲੀ ਰਾਹੀਂ ਵੇਵਸ ਦੇ ਪ੍ਰਭਾਵ ਨੂੰ ਹੋਰ ਵਧਾਉਂਦੀ ਹੈ।

ਵੇਵਸ ਨੂੰ ਇੱਕ ਆਲਮੀ ਮੰਚ ਬਣਾਉਣ ਲਈ ਮੰਤਰਾਲੇ ਦੀ ਵਚਨਬੱਧਤਾ ਇਸ ਦੇ ਵਿਆਪਕ ਸਹਿਯੋਗ ਅਤੇ ਰਣਨੀਤਕ ਪਹਿਲਕਦਮੀਆਂ ਤੋਂ ਸਪੱਸ਼ਟ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਭਾਰਤ ਇੱਕ ਰਚਨਾਤਮਕ ਪਾਵਰਹਾਊਸ ਵਜੋਂ ਆਪਣੀ ਥਾਂ ਨੂੰ ਮਜ਼ਬੂਤ ਕਰਦਾ ਹੈ। ਵੇਵਸ 2025 ਸਿਰਫ਼ ਇੱਕ ਸੰਮੇਲਨ ਨਹੀਂ ਹੈ; ਇਹ ਨਵੀਨਤਾ, ਰਚਨਾਤਮਕਤਾ ਅਤੇ ਆਲਮੀ ਸਹਿਯੋਗ ਦਾ ਜਸ਼ਨ ਹੈ।

## ਡੀ.ਐਸ.ਪੀ ਸਿਟੀ-2 ਸ੍ਰੀ ਮੋਹਿਤ ਅਗਰਵਾਲ ਨੇ ਕੀਤੀ ਇਲਾਕੇ ਦੇ ਸਰਪੰਚਾਂ ਨਾਲ ਮੀਟਿੰਗ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸ਼ਾਸਨ ਵਲੋਂ ਨਸ਼ਿਆਂ ਦੀ ਦਲਦਲ ਨੂੰ ਠੱਲ੍ਹ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਡੀ.ਐਸ.ਪੀ ਸਿਟੀ-2 ਸ੍ਰੀ ਮੋਹਿਤ ਅਗਰਵਾਲ ਵੱਲ ਬੀਤੇ ਦਿਨੀਂ ਥਾਣਾ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਵਿਖੇ ਸਬ ਡਿਵੀਜਨ ਖਰਤ ਦੇ ਥਾਣਾ ਮੁੱਲਾਪੁਰ ਗਰੀਬਦਾਸ ਨਿਊ ਚੰਡੀਗੜ੍ਹ ਅਧੀਨ ਪੈਂਦੇ ਪਿੰਡਾਂ ਦੀਆਂ ਨਵੀਆਂ ਚੁਣੀਆਂ ਪੰਚਾਇਤਾ ਦੇ ਸਰਪੰਚਾ ਨਾਲ ਮੀਟਿੰਗ ਕੀਤੀ ਗਈ।ਇਸ ਮੋਕ ਵੱਖ ਵੱਖ ਪਿੰਡਾਂ ਦੇ ਨਵ ਚੁਣ ਸਰਪੰਚ ਪੰਚਾਂ ਤੋਂ ਇਲਾਵਾ ਇਲਾਕੇ ਦੇ ਹੋਰ ਮੋਹਤਬਰ ਵੀ ਹਾਜ਼ਰ ਸਨ।

ਇਸ ਮੋਬ ਉਨ੍ਹਾ ਵੱਲੋਂ ਇਲਾਕੇ ਵਿਚ ਵੱਖ ਵੱਖ ਤਰ੍ਹਾਂ ਦੀਆਂ ਸਮਾਜਿਕ ਪ੍ਰਤੀਤੀਆਂ ਨੂੰ ਦੂਰ ਕਰਨ ਲਈ ਅਤੇ ਨਸ਼ਿਆਂ ਦੀ ਸ਼ਾਮ ਲਈ ਪਿਤਾ ਦੇ ਸਰਪੰਰਾ ਨੂੰ ਸਹਿਯੋਗ ਦੇਣ ਲਈ ਕਿਹਾ ਗਿਆ। ਉਨ੍ਹਾਂ ਤਸਕਰਾਂ, ਜਾਣਕਾਰੀ ਸਾਝੀ ਕਰ ਸਕਦੇ ਹਨ ਤੇ ਉਨ੍ਹਾਂ ਦੀ ਪਛਾਣ ਵੀ ਗੁਪਤ ਰੱਖੀ ਜਾਵਗੀ।ਇਸ ਤੋਂ ਇਲਾਵਾ ਆਪਣੇ ਪਿੰਡਾਂ ਵਿੱਚ ਪਿੰਡਾਂ ਦੀਆਂ ਵਾਰਾ ਜਿਵੇਂ ਬੱਸ ਸਟੈਂਡ ਸਕੂਲਾ ਅਤੇ ਹੋਰ ਜਿਵਦਨਸ਼ੀਲ ਬਾਵਾ ਉੱਤੇ ਪੰਚਾਇਤਾਂ ਨੂੰ ਸੀ ਸੀ ਟੀ ਵੀ ਕੈਮਰੇ ਲਗਾਉਣ ਲਈ ਵੀ ਕਿਹਾ ਗਿਆ ਜਿਸ ਨਾਲ ਇਲਾਕੇ ਵਿੱਚ ਹੋਣ ਵਾਲੀਆ ਚੇਰੀ ਦੀਆ ਘਟਨਾਵਾਂ ਅਤੇ ਸਹਿਤ ਵਰਗੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ। ਉਨ੍ਹਾਂ ਵੱਲ ਆਪਣਾ ਮੋਬਾਇਲ ਨਸਰ ਸਾਂਝਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਅਮਨ ਸਾਰੀ ਕਾਇਮ ਰੱਖਣ ਲਈ ਪ੍ਰਸ਼ਾਸਨ ਉਨ੍ਹਾਂ ਦੀ ਹਰ ਪੱਖੋਂ ਮਦਦ ਕਰਨ ਲਈ ਤਿਆਰ ਰਹੇਗਾ। ਵੱਖ ਵੱਖ ਪਿਤਾ ਤਾਂ ਪੁੱਜ ਸਰਪੰਚਾ ਵੱਲੋਂ ਵੀ ਆਪਣ ਪਿੰਡਾਂ ਦੇ ਮੁਦਿਆਂ ਤੇ ਚਰਚਾ ਕੀਤੀ ਗਈ।ਇਸ ਮੋਖ ਮੁਲਾਪੁਰ ਗਰੀਬਦਾਸ ਵਿਖ ਮਨ ਬਾਜ਼ਾਰ ਅਤੇ ਲੈਸ ਸਟੇਸ਼ ਤੇ ਹਰ ਤੇਜ ਲੱਗਣ ਵਾਲੇ ਜਾਮ ਸਬੰਧੀ ਵੀ ਡੀ ਐੱਸ ਪੀ ਸ੍ਰੀ ਮੋਹਿਤ ਅਗਰਵਾਲ ਨੂੰ ਜਾਣੂ ਪਰਵਾਇਆ ਗਿਆ ਅਤੇ ਇਸ ਦਾ ਚੁਕਵਾਂ ਪ੍ਰਬੰਧ ਕਰਨ ਲਈ ਕਿਹਾ

ਸਮੂਹ ਸਰਪੰਚ ਦੇ ਵਫਦ ਨੂੰ ਪੁਲਿਸ ਪੁਸ਼ਾਸਨ ਵਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੇ ਧਿਆਨ ਵਿੱਚ ਲਿਆਦੀਆ ਇਲਾਕੇ ਦੀਆਂ ਸਮੱਸਿਆਵਾਂ ਨੂੰ ਜਲਦੀ ਹੀ ਹੱਲ ਕੀਤਾ ਜਾਵੇਗਾ। ਇਸ ਮੌਕ ਡੀ.ਐਸ.ਪੀ ਸਿਟੀ-2 ਸ੍ਰੀ ਮੋਹਿਤ ਅਗਰਵਾਲ ਅਤੇ ਸਤਿੰਦਰ ਸਿੰਘ ਥਾਣਾ ਇੰਚਾਰਜ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ, ਤੋਂ ਸਿਗਾਰਾ ਸਿੰਘ ਪੱਲਣਪੁਰ ,ਮੱਖਣ ਸਿੰਘ ਸਲਾਮਤ ਪੁਰ, ਸਤਿੰਦਰ ਸਿੰਘ ਮੁਲਾਪੁਰ ਨਿਊ ਚੰਡੀਗੜ੍ਹ ਅਤੇ ਹੋਰ ਪਿੰਡਾਂ ਦੇ ਸਰਪੰਚ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਖ਼ਰੀਦ ਦੌਰਾਨ ਹੀ ਸਵਾ ਤਿੰਨ ਸੌ ਮੰਡੀਆਂ ਬੰਦ

**ਮੰਡੀਆਂ 'ਚ 47 ਲੱਖ ਮੀਟ੍ਰਿਕ ਟਨ ਝੋਨਾ ਆਉਣਾ ਬਾਕੀ ਦਸ ਜ਼ਿਲ੍ਹਿਆਂ 'ਚ ਰੈਗੂਲਰ ਅਤੇ ਆਰਜ਼ੀ ਖ਼ਰੀਦ ਕੇਂਦਰ ਬੰਦ ਕੀਤੇ**

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਝੋਨੇ ਦੀ ਖ਼ਰੀਦ ਦੇ ਦੌਰਾਨ ਹੀ ਸੂਬੇ ਵਿਚਲੇ ਕਰੀਬ ਸਵਾ ਤਿੰਨ ਸੌ ਖ਼ਰੀਦ ਕੇਂਦਰ ਬੰਦ ਕਰ ਦਿੱਤੇ ਹਨ। ਬੇਸ਼ੱਕ ਐਤਕੀਂ ਝੋਨੇ ਦੀ ਸਰਕਾਰੀ ਖ਼ਰੀਦ ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਗਈ ਸੀ ਪਰ ਮੰਡੀਆਂ ਵਿਚ ਫ਼ਸਲ ਅੱਧ ਨਵੰਬਰ ਮਗਰੋਂ ਹੀ ਆਉਣੀ ਸ਼ੁਰੂ ਹੋਈ ਸੀ। ਝੋਨੇ ਦੀ ਖ਼ਰੀਦ ਅਤੇ ਲਿਫ਼ਟਿੰਗ ਨੂੰ ਲੈ ਕੇ ਵੱਡੇ ਅੜਿੱਕੇ ਵੀ ਇਸ ਵਾਰ ਬਣੇ ਰਹੇ। ਪੰਜਾਬ ਮੰਡੀ ਬੋਰਡ ਨੇ ਅੱਜ 10 ਜ਼ਿਲ੍ਹਿਆਂ ਵਿਚ ਰੈਗੂਲਰ ਅਤੇ ਆਰਜ਼ੀ ਤੌਰ 'ਤੇ ਸਥਾਪਤ 326 ਖ਼ਰੀਦ ਕੇਂਦਰ ਬੰਦ ਕਰ ਦਿੱਤੇ ਹਨ।

ਖ਼ੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਵੱਲੋਂ 9 ਨਵੰਬਰ ਨੂੰ ਪੰਜਾਬ ਮੰਡੀ ਬੋਰਡ ਨੂੰ ਪੱਤਰ ਨੰਬਰ 792302/2024/ਅ-1/1102 ਜਾਰੀ ਕਰਕੇ ਗਰੇਡ-ਏ ਦੇ ਝੋਨੇ ਦੀ ਸਰਕਾਰੀ ਖ਼ਰੀਦ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਸਰਕਾਰੀ ਪੱਤਰ ਵਿੱਚ ਸੂਬੇ ਦੇ 10 ਜ਼ਿਲ੍ਹਿਆਂ ਦੇ 326 ਖ਼ਰੀਦ ਕੇਂਦਰਾਂ ਨੂੰ ਬੰਦ ਕਰਕੇ 11 ਨਵੰਬਰ ਤੋਂ ਇਨ੍ਹਾਂ ਖ਼ਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਬੰਦ ਕਰਨ ਦੀ ਗੱਲ ਆਖੀ ਗਈ ਹੈ। ਅੱਜ ਮੰਡੀ ਬੋਰਡ ਨੇ ਸਬੰਧਿਤ ਜ਼ਿਲ੍ਹਿਆਂ ਦੇ ਖ਼ਰੀਦ ਕੇਂਦਰ ਡੀ-ਨੋਟੀਫਾਈ ਕਰ ਦਿੱਤੇ ਹਨ।

'ਪੰਜਾਬੀ ਟ੍ਰਿਬਿਊਨ' ਕੋਲ ਮੌਜੂਦ ਪੱਤਰਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਦੇ 83 ਖ਼ਰੀਦ ਕੇਂਦਰ, ਫ਼ਾਜ਼ਿਲਕਾ ਦੇ 66 ਖ਼ਰੀਦ ਕੇਂਦਰ, ਜਲੰਧਰ ਦੇ 43 ਖ਼ਰੀਦ ਕੇਂਦਰ ਅੰਮ੍ਰਿਤਸਰ ਦੇ 41 ਖ਼ਰੀਦ ਕੇਂਦਰ, ਕਪੂਰਥਲਾ ਦੇ 30 ਖ਼ਰੀਦ ਕੇਂਦਰ, ਗੁਰਦਾਸਪੁਰ ਦੇ 20 ਖ਼ਰੀਦ ਕੇਂਦਰ,



ਹੁਸ਼ਿਆਰਪੁਰ ਦੇ 12 ਕੇਂਦਰ, ਰੋਪੜ ਦੇ ਚਾਰ, ਤਰਨ ਤਾਰਨ ਦੇ 16 ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ 11 ਖ਼ਰੀਦ ਕੇਂਦਰ ਬੰਦ ਕੀਤੇ ਗਏ ਹਨ। ਇਨ੍ਹਾਂ ਖ਼ਰੀਦ ਕੇਂਦਰਾਂ ਵਿਚ ਭਲਕ ਤੋਂ ਫ਼ਸਲ ਨਹੀਂ ਵਿਕ ਸਕੇਗੀ।

ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਵੀ ਜਦੋਂ ਸਮੇਂ ਤੋਂ ਪਹਿਲਾਂ ਮੰਡੀਆਂ ਬੰਦ ਕਰ ਦਿੱਤੀਆਂ ਸਨ ਤਾਂ ਉਦੋਂ ਰੌਲਾ ਪੈ ਗਿਆ ਸੀ। ਇਸ ਵਾਰ ਖ਼ਰੀਦ ਲੇਟ ਸ਼ੁਰੂ ਹੋਈ ਹੈ ਅਤੇ ਅੜਿੱਕੇ ਵੀ ਕਿਸਾਨਾਂ ਨੂੰ ਝੱਲਣੇ ਪਏ ਹਨ ਜਿਸ ਕਰਕੇ ਮੰਡੀਆਂ ਦੇ ਐਤਕੀਂ ਲੇਟ ਬੰਦ ਹੋਣ ਦੀ ਸੰਭਾਵਨਾ ਸੀ ਪਰ ਪੰਜਾਬ ਸਰਕਾਰ ਨੇ ਖ਼ਰੀਦ ਕੇਂਦਰ ਬੰਦ ਕਰਨ ਵਿਚ ਕਾਹਲ ਦਿਖਾਈ ਹੈ। ਕਿਸਾਨਾਂ ਵਿੱਚ ਇਸ ਕਦਮ ਨੂੰ ਲੈ ਕੇ ਚਿੰਤਾ ਹੈ। ਵੇਰਵਿਆਂ ਅਨੁਸਾਰ ਪੰਜਾਬ ਦੇ ਖ਼ਰੀਦ ਕੇਂਦਰਾਂ ਵਿੱਚ ਅੱਜ ਤੱਕ 138.84 ਲੱਖ ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋ ਚੁੱਕੀ ਹੈ ਜਿਸ 'ਚੋਂ 134.04 ਲੱਖ ਮੀਟ੍ਰਿਕ ਟਨ ਫ਼ਸਲ ਖਰੀਦੀ ਗਈ ਹੈ। ਪੰਜਾਬ ਸਰਕਾਰ ਨੇ ਐਤਕੀਂ 185 ਲੱਖ ਮੀਟ੍ਰਿਕ ਟਨ ਫ਼ਸਲ ਦੀ ਖ਼ਰੀਦ ਦਾ ਟੀਚਾ ਮਿਥਿਆ ਸੀ ਅਤੇ ਮਿਥੇ ਟੀਚੇ ਦੇ ਮੁਕਾਬਲੇ ਹਾਲੇ ਮੰਡੀਆਂ ਵਿੱਚ 47 ਲੱਖ ਮੀਟ੍ਰਿਕ ਟਨ ਫ਼ਸਲ ਆਉਣੀ ਬਾਕੀ ਹੈ।

**ਜਿਣਸ ਨਾ ਆਉਣ ਕਾਰਨ ਖਰੀਦ ਕੇਂਦਰ ਬੰਦ ਕੀਤੇ: ਕਟਾਰੂਚੱਕ**

ਖ਼ੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੂੰ ਫ਼ੋਨ ਕੀਤਾ ਪਰ ਉਨ੍ਹਾਂ ਨੇ ਫ਼ੋਨ ਚੁੱਕਿਆ ਨਹੀਂ। ਹਾਲਾਂਕਿ ਸਰਕਾਰੀ ਸੂਤਰ ਆਖਦੇ ਹਨ ਕਿ ਪੰਜਾਬ ਦੇ ਕੇਵਲ ਉਹੀ ਖ਼ਰੀਦ ਕੇਂਦਰ ਬੰਦ ਕੀਤੇ ਗਏ ਹਨ ਜਿਨ੍ਹਾਂ ਵਿੱਚ ਜਿਣਸ ਆਉਣੀ ਬੰਦ ਹੋ ਗਈ ਸੀ, ਜਿਨ੍ਹਾਂ ਕੇਂਦਰਾਂ ਵਿੱਚ ਫ਼ਸਲ ਆ ਰਹੀ ਹੈ, ਉਨ੍ਹਾਂ ਵਿੱਚ ਖ਼ਰੀਦ ਜਾਰੀ ਰਹੇਗੀ।

## ਕਿਸਾਨਾਂ ਨੇ ਸ਼ੰਭੂ ਬਾਰਡਰ 'ਤੇ ਬਿੱਟੂ ਦਾ ਪੁਤਲਾ ਫੂਕਿਆ



**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਕਿਸਾਨ ਆਗੂਆਂ 'ਤੇ ਜਾਇਦਾਦਾਂ ਬਣਾਉਣ ਦੇ ਬਿਆਨ ਦਾ ਨੋਟਿਸ ਲੈਂਦਿਆਂ ਕਿਸਾਨਾਂ ਨੇ ਅੱਜ ਸ਼ੰਭੂ ਬਾਰਡਰ 'ਤੇ ਪ੍ਰਦਰਸ਼ਨ ਕਰਦਿਆਂ ਰਵਨੀਤ ਸਿੰਘ ਬਿੱਟੂ ਦਾ ਪੁਤਲਾ ਫੂਕਿਆ। ਇਸ ਦੌਰਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਗਜੀਤ ਸਿੰਘ ਡੱਲੇਵਾਲ, ਮਨਜੀਤ ਸਿੰਘ ਘੁਮਾਣਾ, ਮਨਜੀਤ ਸਿੰਘ ਨਿਆਲ, ਮਨਜੀਤ ਸਿੰਘ ਰਾਏ ਸਣੇ ਹੋਰ ਕਿਸਾਨ ਆਗੂਆਂ ਨੇ ਰਵਨੀਤ ਸਿੰਘ ਬਿੱਟੂ ਦੇ ਅਜਿਹੇ ਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਰੋਸ ਜਤਾਉਂਦਿਆਂ ਕਿਹਾ ਕਿ ਕਿਸਾਨ ਪਰਿਵਾਰ ਨਾਲ ਸਬੰਧਿਤ ਹੋਣ ਦੇ ਬਾਵਜੂਦ ਰਵਨੀਤ ਬਿੱਟੂ ਕੁਰਸੀ ਖਾਤਰ ਅਜਿਹੇ ਕਿਸਾਨ ਵਿਰੋਧੀ ਬਿਆਨ ਦੇ ਰਹੇ ਹਨ।

# ਪੰਜਾਬ ਸਣੇ ਉੱਤਰੀ ਖਿੱਤੇ ਦੀ ਹਵਾ ਹੋਰ ਹੋਈ ਪਲੀਤ; ਚੰਡੀਗੜ੍ਹ ਦਾ ਏਕਿਊਆਈ 347 'ਤੇ ਪਹੁੰਚਿਆ; ਮੰਡੀ ਗੋਬਿੰਦਗੜ੍ਹ ਤੇ ਸੋਨੀਪਤ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਦਰਜ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ ਅਤੇ ਦਿੱਲੀ ਸਣੇ ਉੱਤਰੀ ਖਿੱਤੇ ਦੇ ਜ਼ਿਆਦਾਤਰ ਹਿੱਸਿਆਂ 'ਚ ਲਗਾਤਾਰ ਧੁਆਂਖੀ ਧੁੰਦ ਛਾਈ ਹੋਈ ਹੈ ਤੇ ਹਵਾ ਪ੍ਰਦੂਸ਼ਣ ਕਾਰਨ ਲੋਕਾਂ ਨੂੰ ਸਾਹ ਲੈਣਾ ਮੁਸ਼ਕਲ ਹੋ ਗਿਆ ਹੈ। ਦੋਵਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਅੱਜ ਹਵਾ ਗੁਣਵੱਤਾ ਇੰਡੈਕਸ (ਏਕਿਊਆਈ) ਦਾ ਪੱਧਰ ਪੰਜਾਬ ਤੇ ਹਰਿਆਣਾ ਤੋਂ ਵੱਧ ਦਰਜ ਕੀਤਾ ਗਿਆ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਏਕਿਊਆਈ 347 'ਤੇ ਪਹੁੰਚ ਗਿਆ ਹੈ। ਉੱਧਰ ਮੰਡੀ ਗੋਬਿੰਦਗੜ੍ਹ 'ਚ ਏਕਿਊਆਈ 285 ਦਰਜ ਕੀਤਾ ਗਿਆ ਜਦਕਿ ਹਰਿਆਣਾ ਦਾ ਸੋਨੀਪਤ ਵੀ 301 ਦੇ ਅੰਕੜੇ ਨਾਲ ਸਭ ਤੋਂ ਵੱਧ ਪ੍ਰਦੂਸ਼ਿਤ ਰਿਹਾ। ਇਸੇ ਦੌਰਾਨ ਦੀਵਾਲੀ ਤੋਂ ਦਸ ਦਿਨ ਬਾਅਦ ਵੀ ਕੌਮੀ ਰਾਜਧਾਨੀ ਦਿੱਲੀ ਹਵਾ ਪ੍ਰਦੂਸ਼ਣ ਨੂੰ ਲੈ ਕੇ ਕੋਈ ਰਾਹਤ ਨਹੀਂ ਹੈ। ਅੱਜ ਸਵੇਰੇ ਦਿੱਲੀ 'ਚ ਸੰਘਣੀ ਧੁਆਂਖੀ ਧੁੰਦ ਪੱਸਰੀ ਰਹੀ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਡੇਟਾ ਮੁਤਾਬਕ ਅੱਜ ਸਵੇਰੇ 8 ਵਜੇ ਦਿੱਲੀ ਵਿਚ ਹਵਾ ਗੁਣਵੱਤਾ ਇੰਡੈਕਸ (ਏਕਿਊਆਈ) 334 ਦਰਜ ਕੀਤਾ ਗਿਆ, ਜੋ 'ਬਹੁਤ ਮਾੜੀ' ਸ਼੍ਰੇਣੀ ਵਿਚ ਆਉਂਦਾ ਹੈ।



ਨਵੀਂ ਦਿੱਲੀ ਵਿੱਚ ਛਾਈ ਧੁਆਂਖੀ ਧੁੰਦ ਦੌਰਾਨ ਕਰਤੱਵਯ ਪਥ 'ਤੇ ਮਾਸਕ ਪਹਿਨ ਕੇ ਜਾਂਦਾ ਹੋਇਆ ਵਿਅਕਤੀ।

ਇਸ ਦੇ ਨਾਲ ਹੀ ਹਵਾ ਪ੍ਰਦੂਸ਼ਣ ਕਰਕੇ ਹਸਪਤਾਲਾਂ 'ਚ ਦਮੇ ਦੇ ਮਰੀਜ਼ਾਂ ਦੀ ਗਿਣਤੀ ਵੱਧ ਗਈ ਹੈ। ਡਾਕਟਰਾਂ ਵੱਲੋਂ ਵੀ ਬਜ਼ੁਰਗਾਂ ਤੇ ਬੀਮਾਰੀਆਂ ਵਿੱਚ ਘਿਰੇ ਵਿਅਕਤੀਆਂ ਨੂੰ ਮਾਸਕ ਪਾ ਕੇ ਘਰੋਂ ਬਾਹਰ ਨਿਕਲਣ ਦੀ ਅਪੀਲ ਕੀਤੀ ਜਾ ਰਹੀ ਹੈ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਪੰਜਾਬ ਦੇ ਅੰਮ੍ਰਿਤਸਰ ਵਿੱਚ ਏਕਿਊਆਈ 233, ਜਲੰਧਰ ਵਿੱਚ 203, ਲੁਧਿਆਣਾ ਵਿੱਚ 219, ਪਟਿਆਲਾ ਵਿੱਚ 206, ਰੂਪਨਗਰ ਵਿੱਚ 190 ਅਤੇ ਬਠਿੰਡਾ ਵਿੱਚ 182 ਦਰਜ ਕੀਤਾ ਗਿਆ।

**ਪੰਜਾਬ 'ਚ ਪਰਾਲੀ ਸਾੜਨ ਦੇ 345 ਮਾਮਲੇ ਸਾਹਮਣੇ ਆਏ**

ਪੰਜਾਬ 'ਚ ਅੱਜ ਪਰਾਲੀ ਸਾੜਨ ਦੇ 345 ਮਾਮਲੇ ਸਾਹਮਣੇ ਆਏ ਹਨ। ਇਸ ਤਰ੍ਹਾਂ ਪੰਜਾਬ 'ਚ ਹੁਣ ਤੱਕ ਪਰਾਲੀ ਸਾੜਨ ਦੇ ਕੁੱਲ 6611 ਮਾਮਲੇ ਸਾਹਮਣੇ ਆ ਚੁੱਕੇ ਹਨ। ਅੱਜ ਪੰਜਾਬ 'ਚ ਸਭ ਤੋਂ ਵੱਧ 116 ਮਾਮਲੇ ਸੰਗਰੂਰ 'ਚ ਸਾਹਮਣੇ ਆਏ। ਇਸ ਤੋਂ ਇਲਾਵਾ ਮਾਨਸਾ ਵਿੱਚ 44, ਫਿਰੋਜ਼ਪੁਰ ਵਿੱਚ 26, ਫਰੀਦਕੋਟ ਤੇ ਮੋਗਾ ਵਿੱਚ 24-24, ਮੁਕਤਸਰ ਵਿੱਚ 20 ਮਾਮਲੇ ਸਾਹਮਣੇ ਆਏ ਹਨ।

## ਵਿਆਹ ਸਮਾਗਮ ਦੌਰਾਨ ਲਾੜੀ ਦੇ ਸਿਰ 'ਚ ਗੋਲੀ ਵੱਜੀ; ਹਸਪਤਾਲ 'ਚ ਜ਼ੇਰੇ ਇਲਾਜ

**ਫਿਰੋਜ਼ਪੁਰ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਿੰਡ ਖਾਈ ਫੇਮੇ ਕੀ ਨੇੜਲੇ ਮੈਰਿਜ ਪੈਲੇਸ ਵਿੱਚ ਅੱਜ ਵਿਆਹ ਸਮਾਗਮ ਦੌਰਾਨ ਲਾੜੀ ਦੇ ਸਿਰ ਵਿਚ ਗੋਲੀ ਵੱਜੀ ਤੇ ਉਸ ਦੀ ਹਾਲਤ ਗੰਭੀਰ ਹੈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਵਿਆਹ ਸਮਾਗਮ 'ਚ ਕੁਝ ਰਿਸ਼ਤੇਦਾਰ ਹਵਾ ਵਿਚ ਗੋਲੀਆਂ ਚਲਾ ਰਹੇ ਸਨ ਤਾਂ ਇਕ ਗੋਲੀ ਉਸ ਦੇ ਆਣ ਵੱਜੀ।

ਜਾਣਕਾਰੀ ਅਨੁਸਾਰ ਪਿੰਡ ਹਾਸ਼ਮ ਤੂਤ ਦੇ ਬਾਜ ਸਿੰਘ ਦੀ ਧੀ ਬਲਜਿੰਦਰ ਕੌਰ (23) ਦਾ ਵਿਆਹ ਤਰਨ ਤਾਰਨ ਜ਼ਿਲ੍ਹੇ ਦੇ ਸਰਹਾਲੀ ਕਲਾਂ ਦੇ ਗੁਰਪ੍ਰੀਤ ਸਿੰਘ ਨਾਲ ਪਿੰਡ ਖਾਈ ਫੇਮੇ ਕੀ ਨੇੜੇ ਮੈਰਿਜ ਪੈਲੇਸ ਵਿੱਚ ਹੋ ਰਿਹਾ ਸੀ ਤੇ ਵਿਆਹ ਸਮਾਗਮ ਦੌਰਾਨ ਰਿਸ਼ਤੇਦਾਰ



ਵਲੋਂ ਹਵਾ ਵਿਚ ਚਲਾਈ ਗੋਲੀ ਬਲਜਿੰਦਰ ਕੌਰ ਦੇ ਸਿਰ ਵਿਚ ਵੱਜੀ ਜਿਸ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਉਪ ਪੁਲੀਸ ਕਪਤਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸੀਸੀਟੀਵੀ ਫੁਟੇਜ ਖੰਘਾਲ ਰਹੇ ਹਨ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਨਸ਼ਾ ਤਸਕਰੀ ਰੋਕਣ 'ਚ ਮਦਦ ਕਰ ਰਹੇ ਨੇ ਅਟਾਰੀ ਤੋਂ ਸਿਖਲਾਈ ਪ੍ਰਾਪਤ ਕੁੱਤੇ; ਕੇਨਾਈਨ ਸੈਂਟਰ ਤੋਂ ਟ੍ਰੇਨਿੰਗ ਪ੍ਰਾਪਤ ਕੁੱਤਿਆਂ ਨੇ 82 ਮਾਮਲਿਆਂ ਵਿੱਚ ਨਸ਼ਿਆਂ ਦਾ ਪਤਾ ਲਾਇਆ

**ਨਵੀਂ ਦਿੱਲੀ/ਅੰਮ੍ਰਿਤਸਰ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਪਾਕਿਸਤਾਨ ਸਰਹੱਦ ਨੇੜੇ ਪੈਂਦੇ ਅੰਮ੍ਰਿਤਸਰ ਦੇ ਅਟਾਰੀ ਵਿੱਚ ਭਾਰਤੀ ਕਸਟਮ ਵਿਭਾਗ ਦੇ ਕੇ-9 (ਕੇਨਾਈਨ) ਕੇਂਦਰ ਦੇ ਕੁੱਤੇ ਨਸ਼ਾ ਤਸਕਰੀ ਰੋਕਣ ਵਿੱਚ ਮਦਦ ਕਰ ਰਹੇ ਹਨ। ਇਸ ਕੇਂਦਰ ਦੇ ਗ੍ਰੈਜੂਏਟ ਕੇ-9 ਨੈਨਸੀ ਅਤੇ ਕੇ-9 ਯਾਸਮੀ ਨੇ ਆਪਣੀ ਸੁੰਘਣ ਸ਼ਕਤੀ ਦੀ ਸਮਰੱਥਾ ਨਾਲ ਹਾਲ ਹੀ ਵਿੱਚ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ ਵਿੱਚ 32 ਕਿਲੋਗ੍ਰਾਮ ਗਾਂਜਾ ਜ਼ਬਤ ਕਰਵਾਉਣ ਵਿੱਚ ਮਦਦ ਕਰ ਕੇ ਇਤਿਹਾਸ ਸਿਰਜ ਦਿੱਤਾ ਸੀ।

ਅਜਿਹਾ ਕਰਨ ਵਾਲੇ ਉਹ ਇਕੱਲੇ ਨਹੀਂ ਹਨ। ਕੇਨਾਈਨ ਕੇਂਦਰ 15 ਫਰਵਰੀ 2020 ਨੂੰ ਸਥਾਪਤ ਕੀਤਾ ਗਿਆ ਸੀ। ਉਦੋਂ ਇਸ ਕੇਂਦਰ ਤੋਂ ਸਿਖਲਾਈ ਪ੍ਰਾਪਤ 34 ਕੁੱਤਿਆਂ ਨੇ ਨਸ਼ੀਲੇ ਪਦਾਰਥਾਂ ਦੇ 82 ਮਾਮਲਿਆਂ ਦਾ ਪਤਾ ਲਾਉਣ ਵਿੱਚ



ਮਦਦ ਕੀਤੀ ਹੈ।

ਕੇਂਦਰੀ ਅਸਿੱਧੇ ਕਰ ਤੇ ਕਸਟਮ ਬੋਰਡ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਕੇ-9 ਸਕੁਐਡ ਅਸਲ ਵਿੱਚ ਦੇਸ਼ ਨੂੰ ਨਸ਼ੀਲੀਆਂ ਦਵਾਈਆਂ ਤੋਂ ਸੁਰੱਖਿਅਤ ਰੱਖ ਰਿਹਾ ਹੈ। ਭਾਰਤੀ ਕਸਟਮ ਵਿਭਾਗ ਨੇ 1984 ਤੋਂ ਕੁੱਤਿਆਂ ਦੀ ਤਾਇਨਾਤੀ ਕੀਤੀ ਹੋਈ ਹੈ।

ਹਾਲਾਂਕਿ, ਵਿਭਾਗ ਨੇ 2020 ਵਿੱਚ ਆਪਣੀਆਂ ਖੇਤਰੀ ਲੋੜਾਂ ਮੁਤਾਬਕ ਕੁੱਤਿਆਂ ਨੂੰ ਸਿਖਲਾਈ ਦੇਣ ਲਈ ਖ਼ੁਦ ਦਾ ਕੇਂਦਰ ਸਥਾਪਤ ਕੀਤਾ ਹੈ।

ਅਟਾਰੀ ਦੇ ਕੇ-9 ਕੇਂਦਰ ਦੀ ਇੰਚਾਰਜ ਵੀਨਾ ਰਾਓ ਨੇ ਦੱਸਿਆ ਕਿ ਕੇਂਦਰ ਵਿੱਚ ਜਰਮਨ ਸ਼ੈਫਡ, ਕਾਕਰ ਸਪੈਨੀਅਲ ਅਤੇ ਲੈਬਰਾਡੋਰ ਰੀਟਰੀਵਰ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਜੋ ਜ਼ਿਆਦਾਤਰ ਅਰਧਸੈਨਿਕ ਬਲਾਂ ਦੇ ਕੇਂਦਰਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ।

# ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ 'ਭਾਰਤ ਦੀ ਏਕਤਾ' ਦੀ ਲੋੜ: ਮੋਦੀ

## ਬਰਿਕਸ ਦੌਰਾਨ ਮੋਦੀ ਨੇ ਪੂਤਿਨ ਨੂੰ ਭੇਟ ਕੀਤੀ ਝਾਰਖੰਡ ਦੀ ਕਲਾਕ੍ਰਿਤੀ

**ਅਹਿਮਦਾਬਾਦ, 13 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਹੋਏ ਬਰਿਕਸ ਸਿਖਰ ਸੰਮੇਲਨ ਦੌਰਾਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਝਾਰਖੰਡ ਦੀ ਇੱਕ ਕਲਾਕ੍ਰਿਤੀ ਭੇਟ ਕੀਤੀ ਜਦਕਿ ਇਰਾਨ ਤੇ ਉਜ਼ਬੇਕਿਸਤਾਨ ਦੇ ਆਗੂਆਂ ਨੂੰ ਮਹਾਰਾਸ਼ਟਰ ਦੇ ਦਸਤਕਾਰੀ ਉਤਪਾਦ ਤੋਹਫੇ ਵਜੋਂ ਦਿੱਤੇ। ਅਧਿਕਾਰੀਆਂ ਅਨੁਸਾਰ ਮੋਦੀ ਨੇ ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੂੰ 'ਮਦਰ ਆਫ ਪਰਲ' ਸੀ-ਸ਼ੈੱਲ ਗੁਲਦਾਨ ਭੇਟ ਕੀਤਾ। ਉਨ੍ਹਾਂ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ੌਕਤ ਮਿਰਜ਼ੀਓਯੇਵ ਨੂੰ ਇੱਕ ਰਵਾਇਤੀ ਚਿੱਤਰ ਭੇਟ ਕੀਤਾ ਜੋ ਮਹਾਰਾਸ਼ਟਰ ਦੇ ਵਾਰਲੀ ਕਬੀਲੇ ਦੀ ਇੱਕ ਉੱਤਮ ਕਲਾ ਹੈ। ਪੂਤਿਨ ਨੂੰ ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ ਦੀ ਇੱਕ ਸੋਹਰਾਈ ਪੇਂਟਿੰਗ ਭੇਟ ਕੀਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਕਿਹਾ ਕਿ ਕੁਝ ਲੋਕ ਆਪਣੇ ਸਵਾਰਥਾਂ ਲਈ ਸਮਾਜ ਨੂੰ



ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹਰਾਉਣ ਦੀ ਲੋੜ ਹੈ। ਉਨ੍ਹਾਂ 2047 ਤੱਕ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣ ਲਈ ਏਕਤਾ ਅਤੇ ਅਖੰਡਤਾ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਸ਼੍ਰੀ ਸਵਾਮੀਨਾਰਾਇਣ ਮੰਦਰ ਦੀ 200ਵੀਂ ਵਰ੍ਹੇਗੰਢ ਦੇ ਮੌਕੇ ਗੁਜਰਾਤ ਦੇ ਖੇੜਾ ਜ਼ਿਲ੍ਹੇ ਦੇ ਵਡਤਾਲ ਵਿਖੇ ਸ਼ਰਧਾਲੂਆਂ ਦੇ ਇਕੱਠ ਨੂੰ ਸੰਬੋਧਿਤ ਕਰ ਰਹੇ ਸਨ। ਭਾਰਤ ਨੂੰ 2047 ਤੱਕ ਵਿਕਸਤ ਰਾਸ਼ਟਰ ਬਣਾਉਣ ਲਈ ਨਾਗਰਿਕਾਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਬਹੁਤ ਜ਼ਰੂਰੀ ਹੈ ਪਰ ਬਦਕਿਸਮਤੀ ਨਾਲ ਕੁਝ ਲੋਕ ਆਪਣੇ ਸਵਾਰਥਾਂ ਕਾਰਨ ਸਾਡੇ ਸਮਾਜ ਨੂੰ ਜਾਤ-ਪਾਤ, ਧਾਰਮਿਕ, ਭਾਸ਼ਾਈ, ਮਰਦ-ਔਰਤ, ਪਿੰਡ-ਸ਼ਹਿਰ ਦੇ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਸੰਬੋਧਨ 'ਚ ਕਿਹਾ ਕਿ ਸਾਨੂੰ ਉਨ੍ਹਾਂ ਦੇ ਇਰਾਦਿਆਂ ਨੂੰ ਸਮਝਣਾ ਹੋਵੇਗਾ ਅਤੇ ਉਨ੍ਹਾਂ ਨੂੰ ਹਰਾਉਣ ਲਈ ਇਕਜੁੱਟ ਹੋਣਾ ਹੋਵੇਗਾ। ਮੋਦੀ ਨੇ ਸਵਾਮੀਨਾਰਾਇਣ ਸੰਪਰਦਾ ਦੇ ਸਾਰੇ ਸੰਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣ ਦੇ ਸੰਕਲਪ ਵਿੱਚ ਦੇਸ਼ ਦੇ ਹਰੇਕ ਨਾਗਰਿਕ ਨੂੰ ਸ਼ਾਮਲ ਕਰਨ। ਮੋਦੀ ਨੇ ਕਿਹਾ, ਮੈਨੂੰ ਖੁਸ਼ੀ ਹੈ ਕਿ ਭਾਰਤ ਸਰਕਾਰ ਨੇ ਸਵਾਮੀਨਾਰਾਇਣ ਮੰਦਰ, ਵਡਤਾਲ ਦੇ 200 ਸਾਲਾਂ ਦੀ ਯਾਦ ਵਿੱਚ ਇੱਕ ਸਿੱਕਾ ਜਾਰੀ ਕੀਤਾ ਹੈ। ਭਗਵਾਨ ਸਵਾਮੀਨਾਰਾਇਣ ਸਾਡੇ ਇਤਿਹਾਸ ਦੇ ਔਖੇ ਸਮੇਂ ਵਿੱਚ ਆਏ ਸਨ ਅਤੇ ਸਾਨੂੰ ਨਵੀਂ ਤਾਕਤ ਦਿੱਤੀ ਸੀ।

# ਸੁਰੱਖਿਆ ਫ਼ੋਰਸਾਂ ਨੇ ਭਾਰੀ ਮਾਤਰਾ 'ਚ ਹਥਿਆਰ ਤੇ ਗੋਲਾ ਬਾਰੂਦ ਕੀਤਾ ਜ਼ਬਤ



**ਇੰਫਾਲ, 13 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਣੀਪੁਰ ਦੇ ਪਹਾੜੀ ਅਤੇ ਘਾਟੀ ਜ਼ਿਲ੍ਹਿਆਂ 'ਚ ਪਿਛਲੇ ਤਿੰਨ ਦਿਨਾਂ ਅੰਦਰ ਤਲਾਸ਼ੀ ਮੁਹਿੰਮ ਦੌਰਾਨ ਸੁਰੱਖਿਆ ਫ਼ੋਰਸਾਂ ਨੇ ਕਈ ਹਥਿਆਰ, ਗੋਲਾ ਬਾਰੂਦ ਅਤੇ ਆਈ.ਈ.ਡੀ. ਜ਼ਬਤ ਕੀਤੇ ਹਨ। ਆਸਾਮ ਰਾਈਫਲਜ਼ ਨੇ ਸੋਮਵਾਰ ਨੂੰ ਇਕ ਬਿਆਨ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ। ਬਿਆਨ 'ਚ ਕਿਹਾ ਗਿਆ ਹੈ ਕਿ ਸ਼ਨੀਵਾਰ ਨੂੰ ਆਸਾਮ ਰਾਈਫਲਜ਼ ਅਤੇ ਮਣੀਪੁਰ ਪੁਲਸ ਦੀ ਇਕ ਸੰਯੁਕਤ ਟੀਮ ਨੇ ਚੁਰਾਚਾਂਦਪੁਰ ਜ਼ਿਲ੍ਹੇ ਦੇ ਐੱਲ ਖੋਨੋਮਫਾਈ ਪਿੰਡ ਨਾਲ ਲੱਗਦੇ ਜੰਗਲ 'ਚ ਇਕ ਮੁਹਿੰਮ ਦੌਰਾਨ ਇਕ .303 ਰਾਈਫਲ, 2 9 ਐੱਮਐੱਮ ਪਿਸਤੌਲ, 6 12 ਸਿੰਗਲ ਬੈਰਲ ਰਾਈਫਲ, ਇਕ .22 ਰਾਈਫਲ, ਗੋਲਾ ਬਾਰੂਦ ਅਤੇ ਹੋਰ ਯੁੱਧ ਸੰਬੰਧੀ ਸਾਮਾਨ ਜ਼ਬਤ ਕੀਤੀ।

ਕਾਂਗਪੋਕਪੀ ਜ਼ਿਲ੍ਹੇ ਦੇ ਐੱਸ. ਚੌਂਗੌਬੰਗ ਅਤੇ ਮਾਓਹਿੰਗ ਵਿਚਾਲੇ ਸੰਯੁਕਤ ਟੀਮ ਵਲੋਂ ਇਕ ਹੋਰ ਮੁਹਿੰਮ 'ਚ 5.56 ਮਿਮੀ ਇੰਸਾਸ ਰਾਈਫਲ, ਇਕ ਪੁਆਇੰਟ 303 ਰਾਈਫਲ, 2 ਐੱਸਬੀਬੀਐੱਲ ਬੰਦੂਕਾਂ, ਦੋ 0.22 ਪਿਸਤੌਲਾਂ, 2 ਇੰਪ੍ਰੋਵਾਈਜ਼ਡ ਪ੍ਰੋਜੇਕਟਾਈਲ ਲਾਂਚਰ, ਗ੍ਰਨੇਡ, ਗੋਲਾ ਬਾਰੂਦ ਵੀ ਜ਼ਬਤ ਕੀਤਾ ਗਿਆ। ਆਸਾਮ ਰਾਈਫਲਜ਼, ਮਣੀਪੁਰ ਪੁਲਸ ਅਤੇ ਸਰਹੱਦੀ ਸੁਰੱਖਿਆ ਫ਼ੋਰਸ (ਬੀ.ਐੱਸ.ਐੱਫ.) ਦੀ ਇਕ ਸੰਯੁਕਤ ਟੀਮ ਨੇ ਐਤਵਾਰ ਨੂੰ ਕਾਕਚਿੰਗ ਜ਼ਿਲ੍ਹੇ ਦੇ ਉਟਾਂਗਪੋਕਪੀ ਦੇ ਆਮ ਖੇਤਰ 'ਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਕਰਨ ਲਈ ਇਕ ਖੁਫ਼ੀਆ-ਆਧਾਰਤ ਮੁਹਿੰਮ ਸ਼ੁਰੂ ਕੀਤੀ, ਜਿਸ ਦੌਰਾਨ ਇਕ 0.22 ਰਾਈਫਲ, ਗੋਲਾ ਬਾਰੂਦ ਅਤੇ ਹੋਰ ਯੁੱਧ ਸੰਬੰਧੀ ਸਾਮਾਨ ਜ਼ਬਤ ਕੀਤਾ ਗਿਆ। ਜ਼ਬਤ ਸਾਮਾਨ ਮਣੀਪੁਰ ਪੁਲਸ ਨੂੰ ਸੌਂਪ ਦਿੱਤਾ ਗਿਆ ਹੈ। ਇਸ 'ਚ ਕਿਹਾ ਗਿਆ ਹੈ, ਇਨ੍ਹਾਂ ਸਮੱਗਰੀ ਦੀ ਸਫ਼ਲ ਬਰਾਮਦਗੀ ਭਾਰਤੀ ਫ਼ੌਜ, ਆਸਾਮ ਰਾਈਫਲਜ਼ ਅਤੇ ਹੋਰ ਕਾਨੂੰਨ ਇਨਫੋਰਸਮੈਂਟ ਏਜੰਸੀਆਂ ਵਿਚਾਲੇ ਸਹਿਯੋਗ ਨੂੰ ਦਰਸਾਉਂਦੀ ਹੈ

# ਸੁਪਰੀਮ ਕੋਰਟ ਨੇ ਪੰਜਾਬ ਨੂੰ 8 ਹਫ਼ਤਿਆਂ 'ਚ ਨਿਗਮ ਚੋਣਾਂ ਕਰਵਾਉਣ ਦੇ ਦਿੱਤੇ ਹੁਕਮ

**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਨਗਰ ਨਿਗਮ ਚੋਣਾਂ ਕਰਵਾਉਣ ਲਈ ਵੱਡੀ ਰਾਹਤ ਦਿੱਤੀ ਹੈ। ਸੁਪਰੀਮ ਕੋਰਟ ਨੇ ਸਰਕਾਰ ਨੂੰ 10 ਦਿਨ ਦੀ ਥਾਂ ਦੋ ਹਫ਼ਤਿਆਂ ਦੇ ਅੰਦਰ ਚੋਣ ਪ੍ਰੋਸੈਸ ਸ਼ੁਰੂ ਕਰਨ ਲਈ ਸਮਾਂ ਦੇ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਦੇ ਨਗਰ ਨਿਗਮ ਅਤੇ ਨਗਰ ਪਾਲਿਕਾਵਾਂ ਦੀਆਂ ਚੋਣਾਂ ਕਰਵਾਉਣ ਦੇ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਗਈ ਸੀ।

ਦੱਸ ਦਈਏ ਕਿ ਪੰਜਾਬ ਵਿਚ ਪੰਜ ਨਗਰ ਨਿਗਮਾਂ ਪਟਿਆਲਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਫਗਵਾੜਾ ਅਤੇ 42 ਮਿਉਂਸਿਪਲ ਕੌਂਸਲਾਂ ਦਾ ਕਾਰਜਕਾਲ ਖ਼ਤਮ ਹੋਏ ਕਾਫੀ ਸਮਾਂ ਬੀਤ ਚੁੱਕਾ ਹੈ। ਇਸੇ ਦੌਰਾਨ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹੁੰਚ ਗਿਆ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਗਰ ਨਿਗਮ ਤੇ ਮਿਉਂਸਿਪਲ ਕੌਂਸਲ ਚੋਣਾਂ ਕਰਵਾਉਣ ਵਿੱਚ ਕੀਤੀ ਜਾ ਰਹੀ ਦੇਰੀ ਤੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨਾਰਾਜ਼ ਸੀ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਅਦਾਲਤ ਦਾ ਨੋਟਿਸ ਜਾਰੀ ਕਰਦਿਆਂ 10 ਦਿਨਾਂ ਵਿਚ ਨਗਰ ਨਿਗਮ ਤੇ ਮਿਉਂਸਿਪਲ ਕੌਂਸਲ ਚੋਣਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਪੰਜਾਬ ਸਰਕਾਰ ਨੇ ਇਸ ਮਾਮਲੇ 'ਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਤਾਂ ਸਰਕਾਰ ਨੂੰ ਕੁਝ ਰਾਹਤ ਮਿਲਦੀ ਹੋਈ ਦਿਖਾਈ ਦਿੱਤੀ ਹੈ। ਸੁਪਰੀਪ ਕੋਰਟ ਦੇ ਦਿੱਤੇ ਹੁਕਮਾਂ ਮੁਤਾਬਕ ਹੁਣ ਪੰਜਾਬ ਸਰਕਾਰ ਨੂੰ ਪੰਜਾਬ 'ਚ ਨਿਗਮ ਅਤੇ ਨਗਰ ਕੌਂਸਲ ਚੋਣਾਂ ਲਈ 14 ਦਿਨਾਂ 'ਚ ਪ੍ਰੋਸੈਸ਼ ਸ਼ੁਰੂ ਕਰਨਾ ਹੋਵੇਗਾ ਅਤੇ ਚੋਣ ਪ੍ਰਕਿਰਿਆ ਨੂੰ ਅਗਲੇ 8 ਹਫ਼ਤਿਆ 'ਚ ਮੁਕੰਮਲ ਕਰਵਾਉਣਾ ਹੋਵੇਗਾ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਮਿਉਂਸਿਪਲ ਚੋਣਾਂ ਦਾ ਐਲਾਨ ਇਸੇ ਮਹਿਨੇ ਦੇ ਆਖਿਰ 'ਚ ਹੋ ਸਕਦਾ ਹੈ।

# ਜਸਟਿਸ ਸੰਜੀਵ ਖੰਨਾ ਨੇ ਭਾਰਤ ਦੇ 51ਵੇਂ ਚੀਫ਼ ਜਸਟਿਸ ਵਜੋਂ ਲਿਆ ਹਲਫ਼

**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਸਟਿਸ ਸੰਜੀਵ ਖੰਨਾ ਨੇ ਸੋਮਵਾਰ ਨੂੰ ਭਾਰਤ ਦੇ 51ਵੇਂ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿੱਚ ਹੋਏ ਸਹੁੰ ਚੁੱਕ ਸਮਾਗਮ ਵਿੱਚ ਜਸਟਿਸ ਖੰਨਾ ਨੂੰ ਅਹੁਦੇ ਦੀ ਸਹੁੰ ਚੁਕਾਈ।



ਭਾਰਤ ਦੇ ਚੀਫ਼ ਜਸਟਿਸ ਵਜੋਂ ਸਹੁੰ ਚੁੱਕਦੇ ਹੋਏ ਜਸਟਿਸ ਸੰਜੀਵ ਖੰਨਾ।

ਜਸਟਿਸ ਖੰਨਾ, ਜੋ ਛੇ ਮਹੀਨਿਆਂ ਤੋਂ ਘੱਟ ਸਮੇਂ ਲਈ ਸੀਜੇਆਈ ਵਜੋਂ ਸੇਵਾ ਕਰਨਗੇ 13 ਮਈ, 2025 ਨੂੰ ਅਹੁਦਾ ਛੱਡ ਦੇਣਗੇ। ਜ਼ਿਕਰਯੋਗ ਹੈ ਕਿ ਉਹ ਜਸਟਿਸ ਡੀ ਵਾਈ ਚੰਦਰਚੂੜ ਦੀ ਥਾਂ ਲੈਣਗੇ, ਜਿਨ੍ਹਾਂ ਨੇ ਐਤਵਾਰ ਨੂੰ 65 ਸਾਲ ਦੀ ਉਮਰ ਵਿੱਚ ਅਹੁਦਾ ਛੱਡ ਦਿੱਤਾ ਸੀ।

ਭਾਰਤ ਦੇ 51ਵੇਂ ਚੀਫ ਜਸਟਿਸ ਸੰਜੀਵ ਖੰਨਾ ਈਵੀਐਮ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ, ਧਾਰਾ 370 ਨੂੰ ਰੱਦ ਕਰਨ, ਚੋਣ ਬਾਂਡ ਸਕੀਮ ਨੂੰ ਰੱਦ ਕਰਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ ਵਰਗੇ ਕਈ ਇਤਿਹਾਸਕ ਫੈਸਲਿਆਂ ਵਾਲੇ ਬੈਂਚ ਦਾ ਹਿੱਸਾ ਰਹੇ ਹਨ। ਦਿੱਲੀ ਦੇ ਇੱਕ ਉੱਘੇ ਪਰਿਵਾਰ ਨਾਲ ਸਬੰਧਤ, ਜਸਟਿਸ ਖੰਨਾ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਦੇਵ ਰਾਜ ਖੰਨਾ ਦੇ ਪੁੱਤਰ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਐਚ ਆਰ ਖੰਨਾ ਦੇ ਭਤੀਜੇ ਹਨ।

# ਹਵਾਈ ਅੱਡਿਆਂ 'ਤੇ ਸਿੱਖਾਂ ਨੂੰ ਕਿਰਪਾਨ ਨਾ ਪਹਿਨਣ ਦੀ ਪਾਬੰਦੀ ਤੁਰੰਤ ਹਟਾਈ ਜਾਵੇ: ਸਪੀਕਰ ਸੰਧਵਾਂ

## ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਦੀਆਂ ਧਾਰਮਿਕ ਭਾਵਨਾਵਾਂ ਸੰਬਧੀ ਪ੍ਰਧਾਨ ਮੰਤਰੀ ਤੁਰੰਤ ਦਖਲ ਦੇਣ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਹਵਾਈ ਅੱਡਿਆਂ 'ਤੇ ਕੰਮ ਕਰਨ ਵਾਲੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ 'ਤੇ ਕਿਰਪਾਨ ਪਹਿਨਣ ਦੀ ਲਾਈ ਪਾਬੰਦੀ ਦੀ ਸਖਤ ਨਿਖੇਧੀ ਕਰਦਿਆਂ ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਇਸ ਮਾਮਲੇ ਨੂੰ ਹੱਲ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਖਲ ਦੀ ਮੰਗ ਕੀਤੀ ਹੈ।



ਅੱਜ ਇੱਥੋਂ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਸ. ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅੰਮ੍ਰਿਤਧਾਰੀ ਸਿੱਖਾਂ ਦੀਆਂ ਧਾਰਮਿਕ (ਚਿੰਨ੍ਹ) ਨਿਸ਼ਾਨੀਆਂ ਪਹਿਨਣ 'ਤੇ ਲਾਈ ਪਾਬੰਦੀ ਇੱਕ ਗਲਤ ਫੈਸਲਾ ਹੈ, ਜਿਸਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਸ਼ਹਿਰੀ ਹਵਾਬਾਜੀ ਵਿਭਾਗ ਵੀ ਇਸ ਸਿੱਖ ਵਿਰੋਧੀ ਫੈਸਲੇ ਨੂੰ ਵਾਪਸ ਲੈਣ ਲਈ ਲੋੜੀਂਦੇ ਕਦਮ ਚੁੱਕੇ।

ਸਪੀਕਰ ਨੇ ਕਿਹਾ ਕਿ ਸਿੱਖ ਹਮੇਸ਼ਾ ਮਿਹਨਤ 'ਚ ਵਿਸ਼ਵਾਸ਼ ਕਰਦੇ ਹਨ ਅਤੇ ਉਹ ਆਪਣੇ ਧਾਰਮਿਕ ਅਕੀਦੇ 'ਚ ਵੀ ਦ੍ਰਿੜ ਸੰਕਲਪ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿਭਿੰਨ ਧਰਮਾਂ, ਨਸਲਾਂ ਅਤੇ ਜਾਤਾਂ ਨਾਲ ਪਰੋਇਆ ਹੋਇਆ ਦੇਸ਼ ਹੈ। ਉਨ੍ਹਾਂ ਕਿਹਾ ਕਿ ਜਿਸ ਦੇਸ਼ ਵਿੱਚ ਸੰਵਿਧਾਨ ਹਰ ਇੱਕ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਦਿੰਦਾ ਹੈ ਤਾਂ ਉਸ ਦੇਸ਼ 'ਚ ਹਰ ਨਾਗਰਿਕ ਨੂੰ ਧਾਰਮਿਕ ਚਿੰਨ੍ਹ ਜਾਂ ਨਿਸ਼ਾਨੀ ਪਹਿਨਣ 'ਤੇ ਪਾਬੰਦੀ ਲਾਉਣੀ ਬਿਲਕੁੱਲ ਵੀ ਜਾਇਜ਼ ਫੈਸਲਾ ਨਹੀਂ।

ਸ. ਸੰਧਵਾਂ ਨੇ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਸੰਘਰਸ਼ 'ਚ ਬੇਮਿਸਾਲ ਬਹਾਦਰੀ ਦਿਖਾਈ ਹੈ ਅਤੇ ਦੇਸ਼ ਅਤੇ ਅਣਖ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਉਸੇ ਦੇਸ਼ ਦੇ ਮੌਜੂਦਾ ਸੱਤਾਧਾਰੀ ਸ਼ਾਸ਼ਕ ਸਿੱਖਾਂ ਦੀਆਂ ਧਾਰਮਿਕ ਨਿਸ਼ਾਨੀਆਂ ਨੂੰ ਪਹਿਨਣ 'ਤੇ ਪਾਬੰਦੀਆਂ ਲਗਾ ਰਹੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਸਿੱਧਾ ਦਖਲ ਹਨ, ਜਿਸ ਤੋਂ ਕੇਂਦਰ ਸਰਕਾਰ ਨੂੰ ਬਚਣਾ ਚਾਹੀਦਾ ਹੈ। ਸਪੀਕਰ ਸ. ਸੰਧਵਾਂ ਨੇ ਕੇਂਦਰ ਸਰਕਾਰ ਮੰਗ ਕੀਤੀ ਕਿ ਇਸ ਫੈਸਲੇ ਨੂੰ ਤੁਰੰਤ ਪ੍ਰਭਾਵ ਤੋਂ ਵਾਪਸ ਲਿਆ ਜਾਵੇ ਅਤੇ ਹਵਾਈ ਅੱਡਿਆਂ 'ਤੇ ਕੰਮ ਕਰਦੇ ਅੰਮ੍ਰਿਤਧਾਰੀ ਸਿੱਖਾਂ ਨੂੰ ਵਿਰਾਸਤੀ ਧਾਰਮਿਕ ਨਿਸ਼ਾਨੀ ਕਿਰਪਾਨ ਪਹਿਨਣ ਦੀ ਆਜ਼ਾਦੀ ਦਿੱਤੀ ਜਾਵੇ।

# ਪਿੰਡ ਮੋਰਾਂਵਾਲੀ ਵਿਖ਼ੇ ਹੋਏ ਤਿੰਨ ਕਤਲਾਂ ਦੇ ਦੋਸ਼ੀਆਂ ਨੂੰ ਪੁਲਿਸ ਨੇ ਕੀਤਾ ਕਾਬੂ

**ਗੜ੍ਹਸ਼ੰਕਰ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਰਿੰਦਰ ਲਾਂਬਾ ਆਈ.ਪੀ.ਐਸ., ਜਿਲਾ ਪੁਲਿਸ ਮੁਖੀ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਤੇ ਸ਼ਿਕੰਜਾ ਕਸਦੇ ਹੋਏ, ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ, ਕਪਤਾਨ ਪੁਲਿਸ, ਤਫਤੀਸ਼ ਹੁਸ਼ਿਆਰਪੁਰ, ਜਸਪ੍ਰੀਤ ਸਿੰਘ ਪੀ ਪੀ ਐਸ , ਉਪ ਕਪਤਾਨ ਪੁਲਿਸ ਸਬ-ਡਵੀਜ਼ਨ ਗੜ੍ਹਸ਼ੰਕਰ ਦੀ ਯੋਗ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਵਲੋਂ ਬੀਤੀ 9 ਨਵੰਬਰ ਨੂੰ ਪਿੰਡ ਮੋਰਾਂਵਾਲੀ, ਵਿਖੇ ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਬਲਵੀਰ ਸਿੰਘ, ਗੁਰਸੁਖਤਿਆਰ ਸਿੰਘ ਉਰਫ ਸੁੱਖਾ ਪੁੱਤਰ ਜਗਤਾਰ ਸਿੰਘ ਵਾਸੀਆਨ ਮੋਰਾਂਵਾਲੀ, ਥਾਣਾ ਗੜ੍ਹਸ਼ੰਕਰ ਅਤੇ ਗੁਰਸ਼ਰਨ ਸਿੰਘ ਪੁੱਤਰ ਸੁਖਜਿੰਦਰ ਸਿੰਘ ਮੁਹੱਲਾ ਤੁੰਗਲ ਗੇਟ ਬੰਗਾ, ਥਾਣਾ ਸਿਟੀ ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨੂੰ ਥਾਣਾ ਗੜ੍ਹਸ਼ੰਕਰ ਵਿੱਚ ਲੋੜੀਂਦੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ। ਜੋ ਕਿ ਉਕਤ ਟੀਮਾਂ ਵਲੋਂ ਖੁਫੀਆ ਅਤੇ ਟੈਕਨੀਕਲ ਸੋਰਸਾਂ ਦੀ ਮਦਦ ਨਾਲ ਤਫਤੀਸ਼ ਕਰਦੇ ਹੋਏ ਉਕਤ ਮੁਕੱਦਮੇ ਵਿੱਚ ਲੋੜੀਂਦੇ 11 ਕਥਿਤ ਦੋਸ਼ੀਆਂ ਵਿੱਚੋਂ 05 ਕਥਿਤ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

# ਪੰਜਾਬ ਵਿੱਚ ਫੁਟਬਾਲ ਦੇ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ; ਮਾਹਿਲਪੁਰ ਵਿਖੇ ਹੋਣਗੇ ਆਈ ਲੀਗ ਦੇ ਮੈਚ

**ਚੰਡੀਗੜ੍ਹ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਵਿਭਾਗ ਪੰਜਾਬ ਨੇ ਬੜੇ ਮਾਣ ਨਾਲ ਐਲਾਨ ਕੀਤਾ ਹੈ ਕਿ ਮਿਨਰਵਾ ਫੁਟਬਾਲ ਅਕੈਡਮੀ ਦੇ ਦਿੱਲੀ ਐਫ ਸੀ ਨਾਲ ਆਪਸੀ ਸਹਿਮਤੀ ਦਾ ਸਮਝੌਤਾ



(ਐਮ.ਓ.ਯੂ.) ਸਹੀਬੱਧ ਕੀਤਾ ਜਿਸਦੇ ਤਹਿਤ ਕਲੱਬ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਵਿੱਚ ਨਵੇਂ ਬਣੇ ਖੇਡ ਸਟੇਡੀਅਮ ਵਿੱਚ ਆਉਣ ਵਾਲੇ ਆਈ ਲੀਗ ਸੀਜ਼ਨ ਲਈ ਵਰਤਣ ਦੀ ਆਗਿਆ ਮਿਲੇਗੀ, ਜੋ ਆਲ ਇੰਡੀਆ ਫੁਟਬਾਲ ਫੈਡਰੇਸ਼ਨ ਦੁਆਰਾ ਕੀਤਾ ਜਾ ਰਿਹਾ ਹੈ। ਇਹ ਕਦਮ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਖੇਡਾਂ ਦੇ ਵਿਕਾਸ ਅਤੇ ਨੌਜਵਾਨ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਤਹਿਤ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਵੇਗਾ।

ਇਹ ਸਮਝੌਤਾ ਆਈ. ਲੀਗ ਮੈਚ ਕਰਵਾਉਣ ਕਰਨ ਲਈ ਨਾ ਸਿਰਫ ਪੰਜਾਬ ਦੇ ਖੇਡ ਢਾਂਚੇ ਨੂੰ ਮਜ਼ਬੂਤ ਕਰੇਗਾ, ਸਗੋਂ ਫੁਟਬਾਲ ਵਿੱਚ ਪੇਸ਼ੇਵਰ ਕਰੀਅਰ ਬਣਾਉਣ ਦੇ ਚਾਹਵਾਨ ਨੌਜਵਾਨ ਖਿਡਾਰੀਆਂ ਨੂੰ ਵੀ ਸਹਾਰਾ ਦੇਵੇਗਾ। ਇਹ ਆਈ ਲੀਗ ਸੀਜ਼ਨ 19 ਦਸੰਬਰ 2024 ਤੋਂ ਸ਼ੁਰੂ ਹੋਵੇਗਾ ਅਤੇ ਅਪਰੈਲ 2025 ਤੱਕ ਦੇ ਅੰਤ ਤੱਕ ਕੁੱਲ 12 ਮੈਚ ਖੇਡੇ ਜਾਣਗੇ।

ਮਾਹਿਲਪੁਰ ਜੋ ਕਿ ਫੁਟਬਾਲ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ, ਵਿਖੇ ਸਾਰੇ ਮੈਚਾਂ ਵਿੱਚ ਹਜ਼ਾਰਾਂ ਪ੍ਰਸ਼ੰਸਕ ਸ਼ਾਮਲ ਹੋਣਗੇ ਅਤੇ ਕੁਝ ਫੁਟਬਾਲ ਪ੍ਰੇਮੀ ਤਾਂ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਵੀ ਆਉਣਗੇ। ਇਹ ਦਿਲਚਸਪ ਹੈ ਕਿ 2024-25 ਆਈ. ਲੀਗ ਸੀਜ਼ਨ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ 12 ਟੀਮਾਂ ਹਿੱਸਾ ਲੈ ਰਹੀਆਂ ਹਨ, ਜਿਸ ਵਿੱਚ ਡੈਂਪੋ ਸਪੋਰਟਿੰਗ ਕਲੱਬ ਅਤੇ ਚਰਚਿਲ ਬ੍ਰਦਰਜ਼ ਵਰਗੇ ਰਵਾਇਤੀ ਕਲੱਬ ਵੀ ਸ਼ਾਮਲ ਹਨ।

ਇਸ ਸੀਜ਼ਨ ਵਿੱਚ, ਆਈ. ਲੀਗ ਦੇ ਮੈਚਾਂ ਨੂੰ ਯੂਰੋ ਸਪੋਰਟਸ ਇੰਡੀਆ ਤੇ ਲਾਈਵਟੀਵੀ ਉਤੇ ਪ੍ਰਸਾਰਿਤ ਕੀਤਾ ਜਾਵੇਗਾ ਅਤੇ ਫੈਨ ਕੋਡ ਪਲੇਟਫਾਰਮ 'ਤੇ ਆਨਲਾਈਨ ਸਟ੍ਰੀਮਿੰਗ ਵੀ ਕੀਤੀ ਜਾਵੇਗੀ, ਜਿਸ ਨਾਲ ਮਾਹਿਲਪੁਰ ਫੁਟਬਾਲ ਦੇ ਕੌਮੀ ਮੰਚ ਉਤੇ ਚਮਕੇਗਾ।

ਮਿਨਰਵਾ ਫੁਟਬਾਲ ਅਕੈਡਮੀ ਦੇ ਸੀ ਈ ਓ ਰਣਜੀਤ ਬਜਾਜਾ ਨੇ ਦੱਸਿਆ ਕਿ ਸਾਰੇ ਖੇਡ ਪ੍ਰੇਮੀ ਇਸ ਤੋਂ ਬਹੁਤ ਖੁਸ਼ ਹਨ ਅਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਅਤੇ ਖੇਡ ਵਿਭਾਗ ਦਾ ਧੰਨਵਾਦ ਕੀਤਾ।

ਖੇਡ ਵਿਭਾਗ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੂਦਨ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਵਿੱਚ ਪ੍ਰਤਿਭਾ ਨੂੰ ਵਧਾਉਣ ਲਈ ਅਤੇ ਖਿਡਾਰੀਆਂ ਨੂੰ ਸਹੂਲਤਾਂ ਅਤੇ ਮੰਚ ਪ੍ਰਦਾਨ ਕਰਨ ਲਈ ਵਚਨਬੱਧ ਹੈ

# ਕਿਸਾਨ ਆਗੂਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਬਿਨਾਂ ਗੱਡੀ 'ਚ ਬੈਠ ਕੇ ਨਿਕਲੇ ਮਨਪ੍ਰੀਤ ਬਾਦਲ

**ਗਿੱਦੜਬਾਹਾ (ਮੁਕਤਸਰ), 13 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਵਿੱਤ ਮੰਤਰੀ ਅਤੇ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਅੱਜ ਇੱਕ ਕਿਸਾਨ ਆਗੂ ਨਾਲ ਗੱਲਬਾਤ ਕਰਦੇ ਹੋਏ ਉਸ ਦੇ ਸਵਾਲਾਂ ਦਾ ਜਵਾਬ ਦਿੱਤੇ ਬਿਨਾਂ ਆਪਣੀ ਐੱਸਯੂਵੀ ਵਿੱਚ ਸਵਾਰ ਹੋ ਕੇ ਉੱਥੋਂ ਨਿਕਲ ਗਏ।



ਜ਼ਿਕਰਯੋਗ ਹੈ ਕਿ ਮਨਪ੍ਰਤੀ ਬਾਦਲ ਅੱਜ ਸਵੇਰੇ ਆਪਣੇ ਚੋਣ ਪ੍ਰਚਾਰ ਲਈ ਇਕ ਪਿੰਡ ਵਿੱਚ ਗਏ ਸਨ, ਜਿੱਥੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਇੱਕ ਕਾਰਕੁਨ ਬਿੱਟੂ ਮੱਲਣ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਕੁੱਝ ਸਵਾਲ ਪੁੱਛੇ। ਇਸ ਸਬੰਧੀ ਕੁੱਝ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕੀਤੀ ਗਈ ਗਈ ਹੈ।

ਇਸ ਦੌਰਾਨ ਭਾਵੇਂ ਮਨਪ੍ਰੀਤ ਬਾਦਲ ਨੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣੇ ਸ਼ੁਰੂ ਕਰ ਦਿੱਤੇ ਅਤੇ ਗਿੱਦੜਬਾਹਾ ਤੋਂ ਵਿਧਾਇਕ ਵਜੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਕੁਝ ਕਿਸਾਨ ਪੱਖੀ ਕੰਮਾਂ ਦੀ ਸੂਚੀ ਵੀ ਦਿੱਤੀ, ਪਰ ਜਦੋਂ ਕਿਸਾਨ ਆਗੂ ਨੇ ਕਿਸਾਨ ਸ਼ੁਭਕਰਨ ਸਿੰਘ ਅਤੇ ਝੋਨੇ ਬਾਰੇ ਸਵਾਲ ਪੁੱਛਿਆ ਤਾਂ ਮਨਪ੍ਰੀਤ ਬਾਦਲ ਗੱਲਬਾਤ ਛੱਡ ਆਪਣੀ ਗੱਡੀ ਵਿੱਚ ਬੈਠ ਕੇ ਉੱਥੋਂ ਤੁਰਦੇ ਬਣੇ। ਗ਼ੌਰਤਲਬ ਹੈ ਕਿ ਕਿਸਾਨ ਸ਼ੁਭਕਰਨ ਸਿੰਘ ਦੀ ਕਿਸਾਨ ਅੰਦੋਲਨ ਦੌਰਾਨ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ।

ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਕਿਸਾਨ ਭਾਜਪਾ ਆਗੂਆਂ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਹਨ। ਇਨ੍ਹਾਂ ਨੇ ਪਿੱਛੇ ਜਿਹੇ ਮਨਪ੍ਰੀਤ ਬਾਦਲ ਦੀ ਪਤਨੀ ਵੀਨੂੰ ਬਾਦਲ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਇਲਾਵਾ ਗਿੱਦੜਬਾਹਾ ਵਿੱਚ ਮਨਪ੍ਰੀਤ ਦੇ ਦਫ਼ਤਰ ਦੇ ਬਾਹਰ ਧਰਨਾ ਵੀ ਦੇ ਰਹੇ ਹਨ।

# ਇਨ ਸੀਟੂ ਤਕਨੀਕ ਨਾਲ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਏਡੀਸੀ ਵੱਲੋਂ ਪਿੰਡਾਂ ਦਾ ਦੌਰਾ

## ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਇਨ ਸੀਟੂ ਤਕਨੀਕਾਂ ਦੀ ਵਰਤੋਂ ਕਰਨ : ਇਸ਼ਾ ਸਿੰਗਲ

**ਪਟਿਆਲਾ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਇਨ ਸੀਟੂ ਤਕਨੀਕਾਂ ਨਾਲ ਪਰਾਲੀ ਦਾ ਨਿਪਟਾਰਾ ਖੇਤਾਂ ਵਿੱਚ ਹੀ ਕਰਨ ਲਈ ਉਤਸ਼ਾਹਤ ਕਰਨ ਦੇ ਮਕਸਦ ਨਾਲ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਖੇਤੀ ਮਾਹਰਾਂ ਨਾਲ ਕਿਸਾਨਾਂ ਨਾਲ ਸਿੱਧਾ ਰਾਬਤਾ ਕਰ ਰਿਹਾ ਹੈ। ਇਸ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੇ ਪਿੰਡ ਹਰਿਆਊ ਕਲਾ, ਹਰਿਆਊ ਖ਼ੁਰਦ, ਦੌਤਾਲ, ਸ਼ੁਤਰਾਣਾ, ਜੇਖਰ ਸਮੇਤ ਹੋਰਨਾਂ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ ਪਾਤੜਾਂ ਅਸ਼ੋਕ ਕੁਮਾਰ ਤੇ ਖੇਤੀਬਾੜੀ ਵਿਸਥਾਰ ਅਫ਼ਸਰ ਰਵਿੰਦਰਪਾਲ ਸਿੰਘ ਚੱਠਾ ਵੀ ਮੌਜੂਦ ਸਨ।



ਇਸ ਮੌਕੇ ਪਿੰਡਾਂ ਵਿੱਚ ਲਗਾਏ ਜਾਗਰੂਕਤਾ ਕੈਂਪਾਂ ਦੌਰਾਨ ਏਡੀਸੀ ਇਸ਼ਾ ਸਿੰਗਲ ਨੇ ਕਿਹਾ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਖਾਦਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਇਨ ਸੀਟੂ ਤਕਨੀਕਾਂ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਕਿਸਾਨਾਂ ਨੂੰ ਆਰਥਿਕ ਲਾਭ ਹੋਵੇਗਾ, ਉਥੇ ਹੀ ਵਾਤਾਵਰਣ ਪਲੀਤ ਹੋਣ ਤੋਂ ਬਚੇਗਾ। ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਵੱਲੋਂ ਪਰਾਲੀ ਪ੍ਰਬੰਧਨ ਲਈ ਨਵੀਂਆਂ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ ਜੋ ਕਿ ਸ਼ਲਾਘਾਯੋਗ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਵੀ ਕੀਤੀ ਕਿ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਅਤੇ ਧਰਤੀ ਮਾਂ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ ਪਰਾਲੀ ਨੂੰ ਅੱਗ ਲਾਉਣ ਤੋਂ ਬਗ਼ੈਰ ਕਣਕ ਦੀ ਬਿਜਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਲਈ ਸਰਕਾਰ ਨੇ ਵੱਡੀ ਮਸ਼ੀਨਰੀ ਕਿਸਾਨਾਂ ਨੂੰ ਸਬਸਿਡੀ ਉੱਤੇ ਦਿੱਤੀ ਹੈ ਜਿਸ ਦੀ ਵਰਤੋਂ ਕਰਕੇ ਇਹ ਬਿਜਾਈ ਕੀਤੀ ਜਾ ਸਕਦੀ ਹੈ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਰਵਿੰਦਰਪਾਲ ਸਿੰਘ ਚੱਠਾ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਮਾਹਰ ਵੀ ਕਿਸਾਨਾਂ ਲਈ ਹਰ ਤਰ੍ਹਾਂ ਦੀ ਸਲਾਹ ਅਤੇ ਮਦਦ ਲਈ ਤਿਆਰ ਹਨ ਅਤੇ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਲਈ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਉਹ ਸਾਡੇ ਬਲਾਕ ਪੱਧਰ ਉੱਤੇ ਬੈਠੇ ਅਧਿਕਾਰੀ ਜਾਂ ਜ਼ਿਲ੍ਹਾ ਪੱਧਰ ਉੱਤੇ ਸਾਡੇ ਨਾਲ ਰਾਬਤਾ ਕਰਕੇ ਸਹਾਇਤਾ ਲੈ ਸਕਦਾ ਹੈ।

# ਸ਼ਰਧਾਲੂਆਂ ਨਾਲ ਭਰੀ ਬੱਸ ਨਾਲ ਟਕਰਾਇਆ ਟਰੱਕ, 38 ਜ਼ਖ਼ਮੀ

**ਸੁਲਤਾਨਪੁਰ, 13 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਤੋਂ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਬੱਸ ਨੂੰ ਸੇਬਾਂ ਨਾਲ ਭਰੇ ਇਕ ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਬੱਸ ਵਿਚ ਸਵਾਰ 38 ਯਾਤਰੀ ਜ਼ਖਮੀ ਹੋਏ ਹਨ। ਹਾਦਸਾ ਰਾਤ 1 ਵਜੇ ਦੇ ਕਰੀਬ ਉਸ ਸਮੇਂ ਹੋਇਆ ਜਦੋਂ 50 ਤੋਂ ਵੱਧ ਸ਼ਰਧਾਲੂਆਂ ਨੂੰ ਲੈ ਕੇ ਬੱਸ ਮਹਾਰਾਸ਼ਟਰ ਦੇ ਕਲਿਆਣ ਤੋਂ ਆ ਰਹੀ ਸੀ। ਸਥਾਨਕ ਪੁਲੀਸ ਨੇ ਦੱਸਿਆ ਕਿ ਜ਼ਖਮੀਆਂ 'ਚ ਕਈ ਔਰਤਾਂ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਜ਼ਖਮੀਆਂ ਨੂੰ ਸਥਾਨਕ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ ਅਤੇ ਗੰਭੀਰ ਰੂਪ ਵਿਚ ਜ਼ਖਮੀ ਹੋਏ ਨੌਂ ਯਾਤਰੀਆਂ ਨੂੰ ਸੁਲਤਾਨਪੁਰ ਜ਼ਿਲ੍ਹਾ ਮੈਡੀਕਲ ਕਾਲਜ ਵਿੱਚ ਰੈਫਰ ਕੀਤਾ ਗਿਆ ਹੈ।

ਪੁਲੀਸ ਸਰਕਲ ਅਧਿਕਾਰੀ (ਲਾਂਭੂਆ) ਅਬਦੁਸ ਸਲਾਮ ਨੇ ਦੱਸਿਆ ਕਿ ਬੱਸ ਲਗਭਗ 15 ਦਿਨ ਪਹਿਲਾਂ ਮਹਾਰਾਸ਼ਟਰ ਤੋਂ ਰਵਾਨਾ ਹੋਈ ਸੀ, ਜਿਸ ਵਿੱਚ ਸ਼ਰਧਾਲੂ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਧਾਰਮਿਕ ਸਥਾਨਾਂ ਲਈ ਜਾ ਰਹੇ ਸਨ। ਸੁਲਤਾਨਪੁਰ-ਵਾਰਾਨਸੀ ਚਹੁੰ ਮਾਰਗੀ ਸੜਕ ਦੇ ਨਾਲ ਇੱਕ ਚਾਹ ਦੀ ਦੁਕਾਨ ਦੇ ਕੋਲ ਡਰਾਈਵਰ ਨੇ ਬੱਸ ਖੜ੍ਹੀ ਕੀਤੀ ਅਤੇ ਇੱਕ ਸਹਾਇਕ ਨਾਲ ਚਾਹ ਪੀਣ ਲਈ ਬਾਹਰ ਨਿਕਲਿਆ। ਇਸ ਦੌਰਾਨ ਸੇਬਾਂ ਨਾਲ ਭਰਿਆ ਇੱਕ ਟਰੱਕ ਖੜ੍ਹੀ ਬੱਸ ਨਾਲ ਟਕਰਾ ਗਿਆ। ਉਨ੍ਹਾਂ ਦੱਸਿਆ ਕਿ ਟਰੱਕ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ, ਪਰ ਪੁਲੀਸ ਵੱਲੋਂ ਟਰੱਕ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਟਰੰਪ-ਪੂਤਿਨ ਫੋਨ ਵਾਰਤਾ ਨੂੰ 'ਕੋਰਾ ਝੂਠ' ਦੱਸਦਿਆਂ ਰੂਸ ਵੱਲੋਂ ਅਮਰੀਕੀ ਮੀਡੀਆ ਰਿਪੋਰਟਾਂ ਖ਼ਾਰਜ

**ਮਾਸਕੋ, 13 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਸ ਨੇ ਸੋਮਵਾਰ ਨੂੰ ਅਮਰੀਕੀ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਦਾ ਜ਼ੋਰਦਾਰ ਖੰਡਨ ਕੀਤਾ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਪਿਛਲੇ ਹਫ਼ਤੇ ਹੋਈ ਟਰੰਪ ਦੀ ਜਿੱਤ ਤੋਂ ਬਾਅਦ ਫੋਨ 'ਤੇ ਗੱਲਬਾਤ ਕੀਤੀ ਹੈ। ਕ੍ਰੈਮਲਿਨ ਦੇ ਤਰਜਮਾਨ ਦਮਿਤਰੀ ਪੇਸਕੋਵ ਨੇ ਮਾਸਕੋ ਵਿੱਚ ਆਪਣੀ ਰੋਜ਼ਾਨਾ ਮੀਡੀਆ ਬ੍ਰੀਫਿੰਗ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਨੂੰ ਕਿਹਾ, "ਕੋਈ ਗੱਲਬਾਤ ਨਹੀਂ ਹੋਈ ਇਹ ਪੂਰੀ ਤਰ੍ਹਾਂ ਝੂਠ ਹੈ, ਕੋਰੀ ਕਲਪਨਾ ਹੈ।

ਰੂਸੀ ਰਾਸ਼ਟਰਪਤੀ ਦੇ ਪ੍ਰੈਸ ਸਕੱਤਰ ਨੇ ਉਨ੍ਹਾਂ ਅਮਰੀਕੀ ਮੀਡੀਆ ਪ੍ਰਕਾਸ਼ਨਾਵਾਂ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਉਠਾਏ ਹਨ ਜਿਨ੍ਹਾਂ ਨੇ ਇਸ ਤੋਂ ਪਹਿਲਾਂ ਦਿਨ ਵਿਚ ਦੋਵਾਂ ਆਗੂਆਂ ਦਰਮਿਆਨ ਕਥਿਤ



ਗੱਲਬਾਤ ਦੀਆਂ ਰਿਪੋਰਟਾਂ ਨਸ਼ਰ ਕੀਤੀਆਂ ਸਨ।

ਰੂਸੀ ਖ਼ਬਰ ਏਜੰਸੀ ਤਾਸ ਨੇ ਪੇਸਕੋਵ ਦੇ ਹਵਾਲੇ ਨਾਲ ਕਿਹਾ, "ਇਹ ਸਾਰਾ ਕੁਝ ਉਸ ਸੂਚਨਾ ਦੀ ਗੁਣਵੱਤਾ ਦੀ ਸਭ ਤੋਂ ਉੱਘੜਵੀਂ ਮਿਸਾਲ ਹੈ, ਜਿਹੜੀ ਅੱਜ-ਕੱਲ੍ਹ ਨਸ਼ਰ ਕੀਤੀ ਜਾ ਰਹੀ ਹੈ ਅਤੇ ਕਈ ਵਾਰ ਤਾਂ ਅਜਿਹਾ ਮੁਕਾਬਲਤਨ ਕਾਫ਼ੀ ਸਤਿਕਾਰਤ ਮੀਡੀਆ ਅਦਾਰਿਆਂ ਵੱਲੋਂ ਵੀ ਕੀਤਾ ਜਾਂਦਾ ਹੈ।"

ਗ਼ੌਰਤਲਬ ਹੈ ਕਿ ਇੱਕ ਪ੍ਰਮੁੱਖ ਅਮਰੀਕੀ ਮੀਡੀਆ ਅਖ਼ਬਾਰ ਨੇ ਐਤਵਾਰ ਦੇਰ ਰਾਤ ਰਿਪੋਰਟ ਦਿੱਤੀ ਕਿ ਟਰੰਪ ਨੇ ਫਲੋਰਿਡਾ ਸਥਿਤ ਆਪਣੇ ਅਸਟੇਟ ਤੋਂ ਪੂਤਿਨ ਨੂੰ ਕਾਲ ਕੀਤੀ ਸੀ, ਜਿਹੜੀ ਅਮਰੀਕੀ ਰਾਸ਼ਟਰਪਤੀ ਚੋਣ ਵਿਚ ਜਿੱਤ ਤੋਂ ਬਾਅਦ ਉਨ੍ਹਾਂ ਵੱਲੋਂ ਰੂਸੀ ਆਗੂ ਨੂੰ ਕੀਤੀ ਗਈ ਪਹਿਲੀ ਕਾਲ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟਰੰਪ ਨੇ ਪੂਤਿਨ ਨੂੰ ਯੂਕਰੇਨ ਵਿੱਚ ਚੱਲ ਰਹੀ ਜੰਗ ਨੂੰ ਅੱਗੇ ਵਧਾਉਣ ਤੋਂ ਵਰਜਿਆ ਸੀ। ਇਸ ਵਿਚ ਇਹ ਵੀ ਕਿਹਾ ਗਿਆ ਕਿ ਗੱਲਬਾਤ ਦੌਰਾਨ ਟਰੰਪ ਨੇ ਤਣਾਅ ਘਟਾਉਣ ਅਤੇ ਫਰਵਰੀ 2022 ਵਿਚ ਸ਼ੁਰੂ ਹੋਈ ਇਸ ਜੰਗ ਨੂੰ ਸੁਲਝਾਉਣ ਲਈ ਮਾਸਕੋ ਨਾਲ ਹੋਰ ਗੱਲਬਾਤ ਕਰਨ ਵਿਚ ਵੀ ਦਿਲਚਸਪੀ ਦਿਖਾਈ।

ਰਿਪੋਰਟ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਟਰੰਪ ਨੇ ਪੂਤਿਨ ਨੂੰ ਇਹ ਵੀ ਚੇਤੇ ਕਰਾਇਆ ਕਿ ਯੂਰਪ ਵਿੱਚ ਅਮਰੀਕੀ ਫ਼ੌਜੀ ਭਾਰੀ ਮੌਜੂਦਗੀ ਹੈ ਤੇ ਰੂਸ ਨੇ ਜੰਗ ਨੂੰ ਹੋਰ ਵਧਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗ਼ੌਰਤਲਬ ਹੈ ਕਿ ਰਿਪਬਲਿਕਨ ਆਗੂ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ 'ਜੰਗ ਖ਼ਤਮ ਕਰਨ' ਦਾ ਅਹਿਮ ਵਾਅਦਾ ਅਮਰੀਕੀ ਲੋਕਾਂ ਨਾਲ ਕੀਤਾ ਸੀ।

ਇਸ ਦੌਰਾਨ, ਯੂਕਰੇਨ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸ ਨੂੰ ਟਰੰਪ-ਪੂਤਿਨ ਫੋਨ ਕਾਲ ਬਾਰੇ ਪਹਿਲਾਂ ਕੋਈ ਸੂਚਨਾ ਨਹੀਂ ਸੀ।

# ਪ੍ਰਜਵਲ ਰੇਵੰਨਾ ਦੀ ਜ਼ਮਾਨਤ ਪਟੀਸ਼ਨ ਖਾਰਜ



**ਨਵੀਂ ਦਿੱਲੀ, 11 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਜਬਰ ਜਨਾਹ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਜੇਡੀ(ਐਸ) ਦੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਦੀ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ ਹੈ। ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਪਟੀਸ਼ਨ ਰੱਦ ਕਰਦਿਆਂ ਕਿਹਾ ਕਿ ਰੇਵੰਨਾ ਬਹੁਤ ਪ੍ਰਭਾਵਸ਼ਾਲੀ ਵਿਅਕਤੀ ਹੈ। ਰੇਵੰਨਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕੀਤੀ ਗਈ ਹੈ ਅਤੇ ਸ਼ੁਰੂਆਤੀ ਸ਼ਿਕਾਇਤ ਵਿੱਚ ਆਈਪੀਸੀ ਦੀ ਧਾਰਾ 376 ਨਹੀਂ ਸੀ।

ਬੈਂਚ ਨੇ ਕਿਹਾ ਕਿ ਉਹ ਕਰਨਾਟਕ ਹਾਈ ਕੋਰਟ ਦੇ 21 ਅਕਤੂਬਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਵਿੱਚ ਦਖਲ ਨਹੀਂ ਦੇ ਸਕਦਾ। ਰੋਹਤਗੀ ਨੇ ਛੇ ਮਹੀਨਿਆਂ ਬਾਅਦ ਅਦਾਲਤ ਦਾ ਰੁਖ ਕਰਨ ਦੀ ਆਜ਼ਾਦੀ ਮੰਗੀ। ਬੈਂਚ ਨੇ ਹਾਲਾਂਕਿ ਕਿਹਾ ਕਿ ਉਹ ਇਸ ਬਾਰੇ ਕੁਝ ਨਹੀਂ ਕਹਿ ਸਕਦੇ ਅਤੇ ਉਸ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

ਅਗਸਤ ਵਿੱਚ ਕਰਨਾਟਕ ਦੀ ਇੱਕ ਵਿਸ਼ੇਸ਼ ਜਾਂਚ ਟੀਮ ਜੋ ਰੇਵੰਨਾ ਦੇ ਖ਼ਿਲਾਫ਼ ਜਿਨਸੀ ਸ਼ੋਸ਼ਣ ਅਤੇ ਉਤਪੀੜਨ ਦੇ ਚਾਰ ਮਾਮਲਿਆਂ ਦੀ ਜਾਂਚ ਕਰ ਰਹੀ ਹੈ, ਨੇ 2,144 ਪੰਨਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਸੀ। ਚਾਰਜਸ਼ੀਟ ਉਸ ਕੇਸ ਨਾਲ ਸਬੰਧਤ ਹੈ ਜਿਸ ਵਿੱਚ ਰੇਵੰਨਾ 'ਤੇ ਇੱਕ ਔਰਤ ਨਾਲ ਜਬਰ ਜਨਾਹ ਕਰਨ ਦਾ ਦੋਸ਼ ਹੈ, ਜੋ ਉਸਦੇ ਪਰਿਵਾਰ ਲਈ ਘਰੇਲੂ ਨੌਕਰ ਵਜੋਂ ਕੰਮ ਕਰਦੀ ਸੀ। ਪ੍ਰਜਵਲ ਰੇਵੰਨਾ ਹੋਲੇਨਾਰਸੀਪੁਰਾ ਜੇਡੀ(ਐਸ) ਵਿਧਾਇਕ ਐਚਡੀ ਰੇਵੰਨਾ ਦਾ ਪੁੱਤਰ ਅਤੇ ਸਾਬਕਾ ਪ੍ਰਧਾਨ ਮੰਤਰੀ ਐਚਡੀ ਦੇਵਗੌੜਾ ਦਾ ਪੋਤਾ ਹੈ।

# ਜ਼ਿਲ੍ਹੇ ਦੇ ਕਿਸਾਨਾਂ ਨੂੰ ਖਰੀਦ ਕੀਤੇ ਗਏ ਝੋਨੇ ਦੀ ਹੁਣ ਤੱਕ ਕੀਤੀ ਗਈ 1494 ਕਰੋੜ 66 ਲੱਖ ਰੁਪਏ ਦੀ ਅਦਾਇਗੀ:ਡਿਪਟੀ ਕਮਿਸ਼ਨਰ

**ਤਰਨ ਤਾਰਨ, 13 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਖਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਸੁਚਾਰੂ ਤੇ ਨਿਰਵਿਘਨ ਢੰਗ ਨਾਲ ਜਾਰੀ ਹੈ ਅਤੇ ਹੁਣ ਤੱਕ ਜ਼ਿਲ੍ਹਾ ਤਰਨ ਤਾਰਨ ਦੀਆਂ ਮੰਡੀਆਂ ਵਿੱਚ 8,07,158 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ 7,97,002 ਮੀਟ੍ਰਿਕ ਟਨ ਝੋਨੇ ਦੀ ਖਰੀਦ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ।

ਉਹਨਾਂ ਦੱਸਿਆ ਕਿ 09 ਨਵੰਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਪਨਗਰੇਨ ਵੱਲੋਂ 3,65,722 ਮੀਟਰਿਕ ਟਨ, ਮਾਰਕਫੈੱਡ ਵੱਲੋਂ 1,82,663 ਮੀਟਰਿਕ ਟਨ, ਪਨਸਪ ਵੱਲੋਂ 1,57,769 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਕਾਰਪੋਰੇਸ਼ਨ ਵੱਲੋਂ 89,792 ਮੀਟਰਿਕ ਟਨ ਅਤੇ ਵਪਾਰੀਆਂ ਵੱਲੋਂ 1057 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਹੁਣ ਤੱਕ ਖਰੀਦ ਕੀਤੀ ਗਈ ਫਸਲ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ 1494 ਕਰੋੜ 66 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 48 ਘੰਟਿਆਂ ਵਿੱਚ ਕਰਨੀ ਯਕੀਨੀ ਬਣਾਈ ਜਾਵੇ।ਉਹਨਾਂ ਦੱਸਿਆ ਕਿ ਮੰਡੀਆਂ ਵਿੱਚੋਂ ਖਰਦੀ ਕੀਤੇ ਗਏ 5,83,170 ਮੀਟਰਿਕ ਟਨ ਝੋਨੇ ਦੀ ਚੁਕਾਈ ਮੰਡੀਆਂ ਵਿੱਚੋਂ ਕੀਤੀ ਜਾ ਚੁੱਕੀ ਹੈ। ਉਹਨਾਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਅਲਾਟ ਕੀਤੇ ਗਏ ਖਰੀਦ ਕੇਂਦਰਾਂ ਵਿੱਚ ਹਾਜ਼ਰ ਰਹਿਣ ਅਤੇ ਸਰਕਾਰੀ ਖਰੀਦ ਦੇ ਮਾਪਦੰਡਾਂ 'ਤੇ ਪੂਰੇ ਉੱਤਰਦੇ ਝੋਨੇ ਦੀ ਤੁਰੰਤ ਖਰੀਦ ਯਕੀਨੀ ਬਣਾਉਣ।ਉਹਨਾਂ ਕਿਹਾ ਕਿ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਨਾਲ ਦੀ ਨਾਲ ਕਰਨ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ ਅਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਉਣ ਦਿੱਤੀ ਜਾਵੇ।

ਉਹਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕੇਵਲ ਪੂਰੇ ਪੱਕੇ ਹੋਏ ਝੋਨੇ ਦੀ ਹੀ ਕਟਾਈ ਕਰਵਾਉਣ, ਹਰਾ ਅਤੇ ਨਮੀ ਵਾਲਾ ਝੋਨਾ ਨਾ ਕਟਾਉਣ ਤਾਂ ਕਿ ਉਹਨਾਂ ਨੂੰ ਮੰਡੀਆਂ ਵਿੱਚ ਆਪਣਾ ਝੋਨਾ ਵੇਚਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

## ਸੰਪਾਦਕੀ

# ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਲਾਮਿਸਾਲ

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏਐੱਮਯੂ) ਦੇ ਘੱਟਗਿਣਤੀ ਦਰਜੇ 'ਤੇ ਮੁੜ ਗੌਰ ਕਰਨ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਭਾਰਤ ਦੇ ਵਿਦਿਅਕ ਢਾਂਚੇ ਅੰਦਰ ਘੱਟਗਿਣਤੀਆਂ ਦੇ ਹੱਕਾਂ ਉਤੇ ਚੱਲਦੀ ਵਿਚਾਰ-ਚਰਚਾ 'ਚ ਲਾਮਿਸਾਲ ਪਲ਼ ਹੈ। ਸਿਖ਼ਰਲੀ ਅਦਾਲਤ ਨੇ 4-3 ਦੇ ਬਹੁਮਤ ਨਾਲ ਸ਼ੁੱਕਰਵਾਰ ਨੂੰ ਇਹ ਫੈਸਲਾ ਸੁਣਾ ਕੇ 1967 ਦੇ ਐੱਸ ਅਜ਼ੀਜ਼ ਬਾਸ਼ਾ ਬਨਾਮ ਭਾਰਤ ਸਰਕਾਰ ਫੈਸਲੇ ਨੂੰ ਪਲਟਾ ਦਿੱਤਾ ਹੈ। ਉਸ ਫੈਸਲੇ 'ਚ ਅਲੀਗੜ੍ਹ ਯੂਨੀਵਰਸਿਟੀ ਦੇ ਘੱਟਗਿਣਤੀ ਦਰਜੇ ਨੂੰ ਕਾਨੂੰਨ ਦੁਆਰਾ ਇਸ ਦੀ ਸਥਾਪਨਾ ਦੇ ਆਧਾਰ 'ਤੇ ਨਕਾਰਿਆ ਗਿਆ ਸੀ। ਬਹੁਮਤ ਵਾਲੇ ਜੱਜਾਂ 'ਚ ਸ਼ਾਮਲ ਚੀਫ ਜਸਟਿਸ ਡੀਵਾਈ ਚੰਦਰਚੂੜ ਨੇ ਦਲੀਲ ਦਿੱਤੀ ਕਿ ਸੰਸਥਾ ਦੀ ਅਧਿਕਾਰਤ ਸਥਾਪਨਾ ਨਾਲੋਂ ਇਸ ਦੀਆਂ ਜੜ੍ਹਾਂ ਉਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਵਿਰੋਧ 'ਚ ਨਿੱਤਰੇ ਜੱਜਾਂ ਜਸਟਿਸ ਸੂਰੀਆ ਕਾਂਤ, ਦੀਪਾਂਕਰ ਦੱਤਾ ਅਤੇ ਐੱਸਸੀ ਸ਼ਰਮਾ ਨੇ ਕਿਹਾ ਕਿ ਅਸਲ ਘੱਟਗਿਣਤੀ ਸੰਸਥਾਵਾਂ ਨੂੰ ਪ੍ਰਸ਼ਾਸਕੀ ਕੰਟਰੋਲ ਆਪਣੇ ਕੋਲ ਰੱਖਣਾ ਚਾਹੀਦਾ ਹੈ।

ਸੰਨ 1875 ਵਿਚ ਮੁਸਲਿਮ ਭਾਈਚਾਰੇ ਵੱਲੋਂ ਸਥਾਪਿਤ ਕੀਤੀ ਗਈ ਇਹ ਯੂਨੀਵਰਸਿਟੀ ਮਗਰੋਂ ਬਰਤਾਨਵੀ ਕਾਲ ਅਧੀਨ ਇਕ ਕਾਨੂੰਨ ਰਾਹੀਂ 1120 'ਚ ਅਧਿਕਾਰਤ ਰੂਪ ਵਿਚ ਸਰਕਾਰ ਤਹਿਤ ਲਿਆਂਦੀ ਗਈ। ਏਐੱਮਯੂ ਦੀ ਸਥਾਪਨਾ ਦਾ ਮਨੋਰਥ ਇਸ ਦੇ ਪੁਨਰ-ਮੁਲਾਂਕਣ 'ਚ ਅਹਿਮ ਥਾਂ ਰੱਖਦਾ ਹੈ। ਇਸ ਵਿਆਖਿਆ ਤਹਿਤ ਏਐੱਮਯੂ ਦੀ ਪਛਾਣ ਇਸ ਦੀ ਬੁਨਿਆਦ ਤੋਂ ਹੈ, ਭਾਵੇਂ ਇਹ ਹੁਣ ਸਰਕਾਰੀ ਨਿਗਰਾਨੀ ਤਹਿਤ ਆਉਂਦੀ ਹੈ। ਇਹ ਦ੍ਰਿਸ਼ਟੀਕੋਣ ਜ਼ੋਰ ਦਿੰਦਾ ਹੈ ਕਿ ਜ਼ਰੂਰੀ ਨਹੀਂ ਕਿ ਘੱਟਗਿਣਤੀ ਸੰਸਥਾਵਾਂ ਨੂੰ ਸਿਰਫ਼ ਤੇ ਸਿਰਫ਼ ਸੰਸਥਾਪਕ ਭਾਈਚਾਰੇ ਦੇ ਮੈਂਬਰ ਹੀ ਚਲਾਉਣ, ਤੇ ਨਾ ਹੀ ਉਹ ਆਪਣੇ ਘੱਟਗਿਣਤੀ ਦਰਜੇ ਨੂੰ ਬਰਕਰਾਰ ਰੱਖਣ ਲਈ ਨਿਰੋਲ ਉਸੇ ਭਾਈਚਾਰੇ ਨੂੰ ਪਹਿਲ ਦੇ ਸਕਦੇ ਹਨ।

ਸੁਪਰੀਮ ਕੋਰਟ ਦੇ ਹੁਕਮ ਨੇ ਏਐੱਮਯੂ ਦੇ ਦਰਜੇ 'ਤੇ ਤਿੰਨ ਜੱਜਾਂ ਦੇ ਆਖ ?ਰੀ ਫੈਸਲੇ ਨੂੰ ਮੁਲਤਵੀ ਕਰ ਦਿੱਤਾ। ਇਸ ਨਾਲ ਸੰਭਾਵਨਾ ਬਣੀ ਹੈ ਕਿ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਮੁਸਲਿਮ ਵਿਦਿਆਰਥੀਆਂ ਲਈ ਸੀਟਾਂ ਰਾਖਵੀਆਂ ਕਰ ਸਕਦੀ ਹੈ ਜੋ ਫ਼ਿਰਕੇ ਦੀ ਸੇਵਾ ਕਰਨ ਦੇ ਇਸ ਦੇ ਮਨੋਰਥ ਨੂੰ ਮਜ਼ਬੂਤ ਕਰ ਸਕਦਾ ਹੈ। ਇਸ ਫੈਸਲੇ ਦਾ ਕਾਫੀ ਮਹੱਤਵ ਹੈ ਕਿਉਂਕਿ ਇਹ ਘੱਟਗਿਣਤੀਆਂ ਦੇ ਹੱਕਾਂ ਅਤੇ ਖ਼ੁਦਮੁਖ਼ਤਾਰੀ 'ਤੇ ਜਾਰੀ ਵਿਆਪਕ ਵਿਚਾਰ-ਚਰਚਾ ਵਿਚਾਲੇ ਆਇਆ ਹੈ। ਇਸ ਮਾਮਲੇ 'ਚੋਂ ਸਰਕਾਰੀ ਨਿਯਮਾਂ ਅਤੇ ਵੱਖ-ਵੱਖ ਫਿਰਕਿਆਂ ਦੀ ਅਗਵਾਈ 'ਚ ਚੱਲਦੀ ਅਜਿਹੀ ਸਿੱਖਿਆ ਵਿਚਾਲੇ ਸੰਤੁਲਨ ਬਣਾਉਣ ਦਾ ਸਵਾਲ ਵੀ ਉੱਭਰਿਆ ਸੀ।

ਅਦਾਲਤ ਦੇ ਸੂਖਮ ਰੁਖ ਨੇ ਸਵੀਕਾਰਿਆ ਹੈ ਕਿ ਭਾਰਤ ਦੇ ਅਕਾਦਮਿਕ ਭੂ-ਦ੍ਰਿਸ਼ ਵਿਚ ਵੰਨ-ਸਵੰਨਤਾ ਨੂੰ ਹੁਲਾਰਾ ਦੇਣ ਲਈ ਘੱਟਗਿਣਤੀਆਂ ਨੂੰ ਵਿਦਿਅਕ ਹੱਕ ਦੇਣਾ ਜ਼ਰੂਰੀ ਹੈ। ਪੱਖ ਵਿਚ ਆਇਆ ਇਹ ਫੈਸਲਾ, ਨਾ ਸਿਰਫ਼ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਲਈ ਬਲਕਿ ਘੱਟਗਿਣਤੀ ਦਰਜਾ ਮੰਗ ਰਹੀਆਂ ਅਜਿਹੀਆਂ ਹੋਰਨਾਂ ਸੰਸਥਾਵਾਂ ਲਈ ਵੀ ਰਾਹ ਦਸੇਰਾ ਬਣ ਸਕਦਾ ਹੈ। ਇਹ ਸਿੱਖਿਆ 'ਚ ਘੱਟਗਿਣਤੀਆਂ ਦੇ ਹੱਕਾਂ ਪ੍ਰਤੀ ਮੁਲਕ ਦੀ ਪਹੁੰਚ ਵਿਚ ਤਬਦੀਲੀ ਦਾ ਕਾਰਨ ਵੀ ਬਣ ਸਕਦਾ ਹੈ।

# ਕਿਸਾਨ ਖਾਦ ਦੀ ਵਰਤੋਂ ਜ਼ਮੀਨ ਦੀ ਲੋੜ ਅਨੁਸਾਰ ਕਰਨ : ਮੁੱਖ ਖੇਤੀਬਾੜੀ ਅ.ਫਸਰ

## ਡੀ.ਏ.ਪੀ. ਖਾਦ ਦੇ ਬਦਲ ਵਜੋਂ ਹੋਰਨਾਂ ਖਾਦਾਂ ਦੀ ਵਰਤੋਂ ਵੀ ਕਰਨ ਕਿਸਾਨ



**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ ਝੋਨੇ ਦੀ ਕਟਾਈ ਮੁਕੰਮਲ ਹੋਣ ਨੇੜੇ ਹੈ ਤੇ ਕਿਸਾਨਾਂ ਵੱਲੋਂ ਕਣਕ ਤੇ ਹੋਰਨਾਂ ਫ਼ਸਲਾਂ ਦੀ ਬਿਜਾਈ ਸ਼ੁਰੂ ਕਰ ਦਿੱਤੀ ਗਈ ਹੈ। ਕਣਕ ਦੀ ਬਿਜਾਈ ਲਈ ਫਾਸਫੋਰਸ ਤੱਤ ਦੀ ਜ਼ਰੂਰਤ ਹੁੰਦੀ ਹੈ। ਪਿਛਲੇ ਸਮੇਂ ਦੌਰਾਨ ਕਿਸਾਨਾਂ ਵੱਲੋਂ ਫ਼ਸਲਾਂ ਲਈ ਲੋੜੀਂਦੇ ਫਾਸਫੋਰਸ ਤੱਤਾਂ ਦੀ ਪੂਰਤੀ ਡੀ.ਏ.ਪੀ ਖਾਦ ਤੋਂ ਕੀਤੀ ਜਾਂਦੀ ਰਹੀ ਹੈ, ਪ੍ਰੰਤੂ ਫਾਸਫੋਰਸ ਤੱਤ ਦੀ ਪੂਰਤੀ ਬਾਜ਼ਾਰ ਵਿਚ ਮੌਜੂਦ ਹੋਰ ਖਾਦਾਂ ਤੋਂ ਵੀ ਕੀਤੀ ਜਾ ਸਕਦੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਡੀ.ਏ.ਪੀ. ਦੇ ਬਦਲ ਦੇ ਤੌਰ 'ਤੇ ਬਾਜ਼ਾਰ ਵਿਚ ਹੋਰ ਬਹੁਤ ਖਾਦਾਂ ਹਨ, ਜੋ ਹਾੜ੍ਹੀ ਦੀਆਂ ਫ਼ਸਲਾਂ ਲਈ ਡੀ.ਏ.ਪੀ. ਖਾਦ ਜਿੰਨੀਆਂ ਹੀ ਕਾਰਗਰ ਹਨ। ਉਨ੍ਹਾਂ ਦੱਸਿਆ ਕਿ ਡੀ.ਏ.ਪੀ. ਵਿਚੋਂ ਫ਼ਸਲ ਨੂੰ 18 ਫ਼ੀਸਦੀ ਨਾਈਟ੍ਰੋਜਨ ਅਤੇ 46 ਫ਼ੀਸਦੀ ਫਾਸਫੋਰਸ ਖੁਰਾਕੀ ਤੱਤ ਮਿਲ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਡੀ.ਏ.ਪੀ. ਖਾਦ ਦੇ ਬਦਲ ਵਜੋਂ ਬਾਜ਼ਾਰ ਵਿਚ ਹੋਰ ਖਾਦਾਂ ਜਿਵੇਂ ਟ੍ਰਿਪਲ ਸੁਪਰ ਫਾਸਫੇਟ, ਸਿੰਗਲ ਸੁਪਰ ਫਾਸਫੇਟ, ਕਿਸਾਨ ਖਾਦ ਉਪਲਬਧ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਖਾਦ ਦੀ ਵਰਤੋਂ ਜ਼ਮੀਨ ਦੀ ਲੋੜ ਅਨੁਸਾਰ ਹੀ ਕਰਨ, ਇਸ ਲਈ ਕਿਸਾਨ ਆਪਣੇ ਖੇਤ ਦੀ ਮਿੱਟੀ ਦਾ ਟੈਸਟ ਵੀ ਜ਼ਰੂਰ ਕਰਵਾਉਣ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਡੀ.ਏ.ਪੀ. ਦੇ ਬਦਲ ਵਜੋਂ ਹੋਰਨਾਂ ਖਾਦਾਂ ਦੀ ਵਰਤੋਂ ਜ਼ਰੂਰ ਕਰਨ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਤੇ ਜ਼ਿਲ੍ਹੇ ਵਿੱਚ ਲਗਾਤਾਰ ਡੀਲਰਾਂ ਦੀਆਂ ਦੁਕਾਨਾਂ ਤੇ ਚੈਕਿੰਗ ਵੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਉਹ ਖਾਦ ਅਤੇ ਦਵਾਈ ਵਿਕਰੇਤਾ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਦੁਕਾਨਦਾਰ ਖਾਦ ਦੇ ਨਾਲ ਧੱਕੇ ਨਾਲ ਦਵਾਈ ਦਿੰਦਾ ਹੈ ਜਾਂ ਬਿੱਲ ਨਹੀਂ ਦਿੰਦਾ ਤਾਂ ਉਸ ਖਿਲਾਫ਼ ਕਾਰਵਾਈ ਕਰਵਾਉਣ ਲਈ ਸਬੰਧਤ ਖੇਤੀਬਾੜੀ ਦਫ਼ਤਰ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

# ਬਰਨਾਲਾ ਜ਼ਿਮਨੀ ਚੋਣ:ਕੀਤੂਗਰੁੱਪ ਕਿੰਗ ਮੇਕਰ ਦੀ ਭੂਮਿਕਾ ਵਿੱਚ ਹੋਵੇਗਾ ਜਾਂ ਨਹੀਂ..ਕੁਲਵੰਤ ਕੀਤੂ ਦੇ ਬਿਆਨ ਨੇ ਛੇੜੀ ਨਵੀਂ ਚਰਚਾ

**ਬਰਨਾਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਬਰਨਾਲਾ ਦੀ ਜ਼ਿਮਨੀ ਚੋਣ ਦਾ ਮਾਹੌਲ ਗਰਮ ਹੁੰਦਾ ਜਾ ਰਿਹਾ ਹੈ। ਕਾਂਗਰਸ ਦੇ ਕਾਲਾ ਢਿੱਲੋਂ,ਭਾਜਪਾ ਦੇ ਕੇਵਲ ਸਿੰਘ ਢਿੱਲੋਂ,ਆਪ ਦੇ ਹਰਿੰਦਰ ਧਾਲੀਵਾਲ ਅਤੇ ਆਜ਼ਾਦ ਉਮੀਦਵਾਰ ਗੁਰਦੀਪ ਸਿੰਘ ਬਾਠ ਵੱਲੋਂ ਆਪੋ ਆਪਣੀ ਜਿੱਤ ਦਾ ਦਾਅਵਾ ਠੋਕਿਆ ਜਾ ਰਿਹਾ ਹੈ। ਆਉਣ ਵਾਲੇ ਕੁਝ ਦਿਨਾਂ 'ਚ ਰਾਜਨੀਤਿਕ ਪਾਰਟੀਆਂ ਦੇ ਸਟਾਰ ਆਗੂ ਚੋਣ ਮੈਦਾਨ ਵਿੱਚ ਉਤਰ ਰਹੇ ਹਨ, ਜਿਸ ਨਾਲ ਜ਼ਿਮਨੀ ਚੋਣ ਦੀਆਂ ਸਰਗਰਮੀਆਂ ਹੋਰ ਵੀ ਸਿਖਰਾਂ 'ਤੇ ਹੋਣਗੀਆਂ। ਬਰਨਾਲਾ ਜ਼ਿਮਨੀ ਚੋਣ ਵਿੱਚ ਕੁਝ ਫੈਕਟਰ ਅਜਿਹੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਨੇ ਸਾਰੀਆਂ ਸਿਆਸੀ ਪਾਰਟੀਆਂ ਦੇ ਸਮੀਕਰਨ ਵਿਗਾੜੇ ਹੋਏ ਹਨ, ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੋਟ ਬੈਂਕ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਸੇ ਤਰ੍ਹਾਂ ਨੇ ਕੁਲਵੰਤ ਸਿੰਘ ਕੀਤੂ ਦੇ ਇੱਕ ਬਿਆਨ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਕੀਤੂ ਨੇ ਇੱਕ ਨਿੱਜੀ ਚੈਨਲ ਦੇ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਬਰਨਾਲਾ ਜ਼ਿਮਨੀ ਚੋਣ 'ਚ ਉਹ ਜਨਤਕ ਤੌਰ 'ਤੇ ਸ਼ਰੇਆਮ ਐਲਾਨ



ਕਰਕੇ ਕਿਸੇ ਇੱਕ ਉਮੀਦਵਾਰ ਦੀ ਮਦਦ ਕਰਨਗੇ। ਕੀਤੂ ਦੇ ਇਸ ਬਿਆਨ ਨੂੰ ਕੱਚਖਰੜ ਰਾਜਨੀਤੀ ਦਾ ਇੱਕ ਹਿੱਸਾ ਮੰਨਿਆ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਂਡ ਨੇ ਅਜੇ ਤੱਕ ਇਸ ਮਾਮਲੇ 'ਚ ਆਪਣੇ ਪੱਤੇ ਨਹੀਂ ਖੋਲੇ।

ਹੈਰਾਨੀ ਇਸ ਗੱਲ ਦੀ ਹੈ ਕਿ ਆਪਣੇ ਪੱਧਰ 'ਤੇ ਹਲਕਾ ਇੰਚਾਰਜ ਅਕਾਲੀ ਦਲ ਦੀਆਂ ਵਿਰੋਧੀ ਪਾਰਟੀਆਂ ਦੀ ਕਿਸੇ ਉਮੀਦਵਾਰ ਨੂੰ ਹਮਾਇਤ ਦੇਣ ਸੰਬੰਧੀ ਐਲਾਨ ਕਿਵੇਂ ਕਰ ਸਕਦਾ ਹੈ। ਸਵਾਲ ਇਹ ਵੀ ਉੱਠਦੇ ਹਨ ਕਿ ਜੇਕਰ ਕੀਤੂ ਵੱਲੋਂ ਕਿਸੇ ਇੱਕ ਉਮੀਦਵਾਰ ਨੂੰ ਸ਼ਰੇਆਮ ਹਮਾਇਤ ਦੇਣ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਉਸ ਦੀ ਹਮਾਇਤ ਦੇ ਬਾਵਜੂਦ ਵੀ ਜੇਕਰ ਉਸਦੀ ਹਮਾਇਤ ਵਾਲਾ ਉਮੀਦਵਾਰ ਚੋਣ ਹਾਰ ਗਿਆ ਤਾਂ ਕੀਤੂ ਦੀ ਸਿਆਸੀ ਛਵੀ 'ਤੇ ਕੀ ਪ੍ਰਭਾਵ ਪਵੇਗਾ। ਬਰਨਾਲਾ 'ਚ ਅਕਾਲੀ ਦਲ ਦੇ ਕਈ ਸੂਬਾ ਪੱਧਰੀ ਆਗੂ ਵੀ ਬੈਠੇ ਹਨ ਜਿਨਾਂ ਦੀ ਬਾਦਲ ਪਰਿਵਾਰ ਨਾਲ ਚੰਗੀ ਨੇੜ੍ਹਤਾ ਹੈ।

ਇਹ ਆਗੂ ਜ਼ਿਮਨੀ ਚੋਣਾਂ ਦੇ ਸੰਦਰਭ ਵਿੱਚ ਹਾਈਕਮਾਂਡ ਦਾ ਇਸ਼ਾਰਾ ਉਡੀਕ ਰਹੇ ਹਨ ਪ੍ਰੰਤੂ ਕੁਲਵੰਤ ਸਿੰਘ ਕੀਤੂ ਦੇ ਬਿਆਨ ਨੇ ਇਹਨਾਂ ਅਕਾਲੀ ਆਗੂਆਂ ਨੂੰ ਵੀ ਭੰਬਲਭੂਸੇ ਵਿੱਚ ਪਾ ਦਿੱਤਾ ਹੈ।ਕੁਲਵੰਤ ਸਿੰਘ ਕੀਤੂ ਦੇ ਬਿਆਨ ਨੂੰ ਜ਼ਿਮਨੀ ਚੋਣਾਂ ਦੇ ਸੰਦਰਭ ਵਿੱਚ ਇਸ ਨਜ਼ਰੀਏ ਤੋਂ ਵੀ ਵੇਖਿਆ ਜਾ ਰਿਹਾ ਹੈ ਕਿ ਕੀਤੂ ਗਰੁੱਪ ਜ਼ਿਮਨੀ ਚੋਣਾਂ 'ਚ ÷ਕਿੰਗ ਮੇਕਰ÷ ਦੀ ਭੂਮਿਕਾ ਵਿੱਚ ਰਹਿਣਾ ਚਾਹੁੰਦਾ ਹੈ, ਪ੍ਰੰਤੂ ਜ਼ਿਮਨੀ ਚੋਣ ਵਿੱਚ ਸਰਕਾਰ ਦੇ ਦਬਾਅ ਹੇਠ ਸਰਕਾਰੀ ਤੰਤਰ ਦੀ ਦਖਲਅੰਦਾਜ਼ੀ ਦੇ ਚਲਦਿਆਂ ਕੀਤੂ ਗਰੁੱਪ ਕਿੰਗ ਮੇਕਰ ਦੀ ਭੂਮਿਕਾ ਵਿੱਚ ਰਹੇਗਾ ਜਾਂ ਨਹੀਂ ਇਹ ਸਮਾਂ ਦੱਸੇਗਾ।

# ਫੋਟੋ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਤਹਿਤ ਹਲਕਾ ਭਦੌੜ ਅਤੇ ਮਹਿਲ ਕਲਾਂ 'ਚ ਕੈਂਪ ਅੱਜ ਅਤੇ ਭਲਕੇ: ਜ਼ਿਲ੍ਹਾ ਚੋਣ ਅ.ਫਸਰ

**ਬਰਨਾਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਪੈਂਦੇ ਵਿਧਾਨ ਸਭਾ ਚੋਣ ਹਲਕਾ 102-ਭਦੌੜ (ਅ.ਜ.) ਅਤੇ 104-ਮਹਿਲ ਕਲਾਂ (ਅ.ਜ.) ਵਿੱਚ ਸਾਰੇ ਪੋਲਿੰਗ ਬੂਥਾਂ 23 ਨਵੰਬਰ (ਸ਼ਨੀਵਾਰ) ਤੇ 24 ਨਵੰਬਰ (ਐਤਵਾਰ) ਨੂੰ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਨ੍ਹਾਂ ਕੈਂਪਾਂ ਵਿੱਚ ਬੂਥ ਲੈਵਲ ਅਫ਼ਸਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਆਪੋ ਆਪਣੇ ਬੂਥਾਂ 'ਤੇ ਰਹਿ ਕੇ ਦਾਅਵੇ ਤੇ ਇਤਰਾਜ਼ ਪ੍ਰਾਪਤ ਕਰਨਗੇ।

ਉਹਨਾਂ ਦੱਸਿਆ ਕਿ ਜਿਹੜੇ ਵੋਟਰਾਂ ਦੀ ਉਮਰ 1 ਜਨਵਰੀ 2025 ਨੂੰ 18 ਸਾਲ ਹੋਣ ਵਾਲੀ ਹੈ ਅਤੇ ਜਿਨ੍ਹਾਂ ਨੇ ਅਜੇ ਤੱਕ ਆਪਣੀ



ਵੋਟ ਨਹੀਂ ਬਣਵਾਈ ਉਹ ਇਨ੍ਹਾਂ ਕੈਂਪਾਂ ਵਾਲੇ ਦਿਨ ਆਪਣੇ ਪੋਲਿੰਗ ਸਟੇਸ਼ਨ 'ਤੇ ਜਾ ਕੇ ਬੀ.ਐਲ.ਓ. ਕੋਲ ਫਾਰਮ ਜਮ੍ਹਾਂ ਕਰਵਾ ਸਕਦੇ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਸਪੈਸ਼ਲ ਕੈਂਪ ਦੌਰਾਨ ਨਵੀਂ ਵੋਟ ਬਣਵਾਉਣ ਲਈ ਫਾਰਮ ਨੰ: 6, ਪ੍ਰਵਾਸੀ ਭਾਰਤੀਆਂ ਦੀ ਵੋਟ ਬਣਵਾਉਣ ਲਈ ਫਾਰਮ ਨੰ: 6-ਏ, ਵੋਟ ਕਟਵਾਉਣ ਲਈ ਫਾਰਮ ਨੰ: 7, ਵੋਟਰ ਵੇਰਵਿਆਂ ਵਿੱਚ ਸੋਧ ਕਰਾਉਣ, ਡੁਪਲੀਕੇਟ ਵੋਟਰ ਕਾਰਡ ਲੈਣ ਲਈ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰ: 8 ਭਰ ਕੇ ਦਿੱਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਫਾਰਮ ਪੋਰਟਲ nvsp ਜਾਂ ਮੋਬਾਇਲ ਐਪ ਵੋਟਰ ਹੈਲਪਲਾਇਨ 'ਤੇ ਵੀ ਅਪਲਾਈ ਕੀਤੇ ਜਾ ਸਕਦੇ ਹਨ। ਕਿਸੇ ਵੀ ਕਿਸਮ ਦੀ ਵਧੇਰੇ ਜਾਣਕਾਰੀ ਲਈ ਟੋਲ ਫਰੀ ਨੰਬਰ 1950 'ਤੇ ਦਫਤਰੀ ਸਮੇ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

# ਗਿੱਦੜਬਾਹਾ ਹਲਕੇ ਦੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਮਿਲ ਰਿਹਾ ਹੈ ਭਰਵਾਂ ਹੁੰਗਾਰਾ



**ਗਿੱਦੜਬਾਹਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਚੋਣ ਮੁਹਿੰਮ ਦੌਰਾਨ ਉਸ ਸਮੇਂ ਭਰਮਾ ਹੁੰਗਾਰਾ ਮਿਲਿਆ ਜਦੋਂ ਪਿੰਡ ਮੱਲਣ ਵਿਖੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖਦੇ ਹੋਏ ਅਨੇਕਾਂ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਕੇ ਡਿੰਪੀ ਢਿੱਲੋਂ ਦਾ ਸਾਥ ਦੇਣ ਦਾ ਭਰੋਸਾ ਦਿੱਤਾ ਜਿਨਾਂ ਵਿੱਚ ਸੁਖਮੰਦਰ ਸਿੰਘ ਦੇ ਗ੍ਰਹਿ ਵਿਖੇ ਅਰਸਦੀਪ ਸਿੰਘ ਮੰਦਰ ਸਿੰਘ ਦਰਸ਼ਨ ਸਿੰਘ ਮੈਂਬਰ ਜਸਵਿੰਦਰ ਕੌਰ ਵੀਰਪਾਲ ਕੌਰ ਮਨਵੀਰ ਕੌਰ ਸਰਬਜੀਤ ਕੌਰ ਅਤੇ ਮੁਖਤਿਆਰ ਕੌਰ ਓਮ ਪ੍ਰਕਾਸ਼ ਸਰਬਜੀਤ ਸਿੰਘ ਹਰਬੰਸ ਲਾਲ ਮਨਜੀਤ ਸਿੰਘ ਸੁਧੀਰ ਵਰਿੰਦਰ ਕੁਮਾਰ ਵੀਰਪਾਲ ਕੌਰ ਸੀਮਾ ਰਾਣੀ ਵਤਨਦੀਪ ਜਸਵਿੰਦਰ ਸਿੰਘ ਬਲਵਿੰਦਰ ਬਿੱਲੂ ਆਪਣੇ ਪਰਿਵਾਰ ਸਮੇਤ ਪਾਰਟੀ ਵਿੱਚ ਸ਼ਾਮਿਲ ਹੋਏ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਡਿੰਪੀ ਢਿੱਲੋ ਨੇ ਪਾਰਟੀ ਚਨ ਦੇ ਕੇ ਸਨਮਾਨਿਤ ਕੀਤਾ ਅਤੇ ਉਨਾਂ ਨੂੰ ਪਾਰਟੀ ਵਿੱਚ ਬਣਨ ਦਾ ਮਾਣ ਸਨਮਾਨ ਦੇਣ ਦਾ ਭਰੋਸਾ ਵੀ ਦਿੱਤਾ ਇਸ ਮੌਕੇ ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਗਿੱਦੜਬਾਹਾ ਹਲਕੇ ਦੀ ਨੁਹਾਰ ਬਦਲ ਸਕਦੀ ਹੈ। ਇਸ ਲਈ ਗਿੱਦੜਬਾਹਾ ਹਲਕੇ ਦੀ ਸੀਟ ਜਿੱਤ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾਉਣ ਲਈ ਹਰ ਇੱਕ ਵੋਟਰ ਆਪਣੇ ਆਪ ਨੂੰ ਉਮੀਦਵਾਰ ਸਮਝ ਕੇ ਪਾਰਟੀ ਲਈ ਅੱਗੇ ਹੋ ਕੇ ਕੰਮ ਕਰਨ ਦੀ ਬਹੁਤ ਲੋੜ ਹੈ ਇਸ ਮੌਕੇ ਹਾਜ਼ਰ ਸਨ ਸ਼ਮਿੰਦਰ ਸਿੰਘ ਸਾਬਕਾ ਸਰਪੰਚ ਕੋਟਲੀ ਬਲਕਰਨ ਸਿੰਘ ਬਾਲੀ ਸਾਬਕਾ ਸਰਪੰਚ ਮੱਲਣ ਰਾਜਾ ਸਿੰਘ ਸਰਪੰਚ ਤਾਰਾ ਸਿੰਘ ਸਾਬਕਾ ਸਰਪੰਚ ਭਿੰਦਰ ਮੈਂਬਰ ਜਗਦੀਪ ਮੈਂਬਰ ਸੁੱਚਾ ਸਿੰਘ ਬਲਜਿੰਦਰ ਸਿੰਘ ਕੁਲਵਿੰਦਰ ਸਿੰਘ ਬਲਾਕ ਕੋਆਰਡੀਨੇਟਰ ਆਮ ਆਦਮੀ ਪਾਰਟੀ ਡਾਕਟਰ ਇਕਬਾਲ ਸਿੰਘ ਢਿੱਲੋ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂ ਹਾਜ਼ਰ ਸਨ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਚੋਣ ਮੁਹਿੰਮ ਦੌਰਾਨ ਉਸ ਸਮੇਂ ਭਰਮਾ ਹੁੰਗਾਰਾ ਮਿਲਿਆ ਜਦੋਂ ਪਿੰਡ ਮੱਲਣ ਵਿਖੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖਦੇ ਹੋਏ ਅਨੇਕਾਂ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਕੇ ਡਿੰਪੀ ਢਿੱਲੋਂ ਦਾ ਸਾਥ ਦੇਣ ਦਾ ਭਰੋਸਾ ਦਿੱਤਾ ਜਿਨਾਂ ਵਿੱਚ ਸੁਖਮੰਦਰ ਸਿੰਘ ਦੇ ਗ੍ਰਹਿ ਵਿਖੇ ਅਰਸਦੀਪ ਸਿੰਘ ਮੰਦਰ ਸਿੰਘ ਦਰਸ਼ਨ ਸਿੰਘ ਮੈਂਬਰ ਜਸਵਿੰਦਰ ਕੌਰ ਵੀਰਪਾਲ ਕੌਰ ਮਨਵੀਰ ਕੌਰ ਸਰਬਜੀਤ ਕੌਰ ਅਤੇ ਮੁਖਤਿਆਰ ਕੌਰ ਓਮ ਪ੍ਰਕਾਸ਼ ਸਰਬਜੀਤ ਸਿੰਘ ਹਰਬੰਸ ਲਾਲ ਮਨਜੀਤ ਸਿੰਘ ਸੁਧੀਰ ਵਰਿੰਦਰ ਕੁਮਾਰ ਵੀਰਪਾਲ ਕੌਰ ਸੀਮਾ ਰਾਣੀ ਵਤਨਦੀਪ ਜਸਵਿੰਦਰ ਸਿੰਘ ਬਲਵਿੰਦਰ ਬਿੱਲੂ ਆਪਣੇ ਪਰਿਵਾਰ ਸਮੇਤ ਪਾਰਟੀ ਵਿੱਚ ਸ਼ਾਮਿਲ ਹੋਏ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਡਿੰਪੀ ਢਿੱਲੋ ਨੇ ਪਾਰਟੀ ਚਨ ਦੇ ਕੇ ਸਨਮਾਨਿਤ ਕੀਤਾ ਅਤੇ ਉਨਾਂ ਨੂੰ ਪਾਰਟੀ ਵਿੱਚ ਬਣਨ ਦਾ ਮਾਣ ਸਨਮਾਨ ਦੇਣ ਦਾ ਭਰੋਸਾ ਵੀ ਦਿੱਤਾ ਇਸ ਮੌਕੇ ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਗਿੱਦੜਬਾਹਾ ਹਲਕੇ ਦੀ ਨੁਹਾਰ ਬਦਲ ਸਕਦੀ ਹੈ। ਇਸ ਲਈ ਗਿੱਦੜਬਾਹਾ ਹਲਕੇ ਦੀ ਸੀਟ ਜਿੱਤ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾਉਣ ਲਈ ਹਰ ਇੱਕ ਵੋਟਰ ਆਪਣੇ ਆਪ ਨੂੰ ਉਮੀਦਵਾਰ ਸਮਝ ਕੇ ਪਾਰਟੀ ਲਈ ਅੱਗੇ ਹੋ ਕੇ ਕੰਮ ਕਰਨ ਦੀ ਬਹੁਤ ਲੋੜ ਹੈ ਇਸ ਮੌਕੇ ਹਾਜ਼ਰ ਸਨ ਸ਼ਮਿੰਦਰ ਸਿੰਘ ਸਾਬਕਾ ਸਰਪੰਚ ਕੋਟਲੀ ਬਲਕਰਨ ਸਿੰਘ ਬਾਲੀ ਸਾਬਕਾ ਸਰਪੰਚ ਮੱਲਣ ਰਾਜਾ ਸਿੰਘ ਸਰਪੰਚ ਤਾਰਾ ਸਿੰਘ ਸਾਬਕਾ ਸਰਪੰਚ ਭਿੰਦਰ ਮੈਂਬਰ ਜਗਦੀਪ ਮੈਂਬਰ ਸੁੱਚਾ ਸਿੰਘ ਬਲਜਿੰਦਰ ਸਿੰਘ ਕੁਲਵਿੰਦਰ ਸਿੰਘ ਬਲਾਕ ਕੋਆਰਡੀਨੇਟਰ ਆਮ ਆਦਮੀ ਪਾਰਟੀ ਡਾਕਟਰ ਇਕਬਾਲ ਸਿੰਘ ਢਿੱਲੋ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂ ਹਾਜ਼ਰ ਸਨ।

# 1158 ਫ਼ਰੰਟ ਵੱਲੋਂ ਜ਼ਿਮਨੀ ਚੋਣਾਂ ਵਿਚ 'ਆਪ' ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਦਾ ਐਲਾਨ

**ਗੜ੍ਹਸ਼ੰਕਰ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

1158 ਸਹਾਇਕ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਫ਼ਰੰਟ ਨੇ ਰਹਿੰਦੇ 411 ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਤੁਰੰਤ ਨਿਯੁਕਤੀ ਦੀ ਮੰਗ ਨੂੰ ਲੈ ਕੇ ਜ਼ਿਮਨੀ ਚੋਣਾਂ ਵਿਚ 'ਆਪ' ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਫ਼ਰੰਟ ਦੇ ਆਗੂ ਬਲਵਿੰਦਰ ਚਹਿਲ ਨੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ 1158 ਭਰਤੀ ਨੂੰ ਅੱਧ ਵਿਚਾਲੇ ਲਟਕਾ ਰਹੀ ਹੈ।

600 ਉਮੀਦਵਾਰ ਕਾਲਜਾਂ ਵਿਚ ਨਿਯੁਕਤ ਕਰ ਲਏ ਗਏ ਹਨ ਪਰ 411 ਉਮੀਦਵਾਰਾਂ ਨੂੰ ਹਾਈਕੋਰਟ ਦੇ ਫ਼ੈਸਲੇ ਦੇ ਬਾਵਜੂਦ 45 ਦਿਨਾਂ ਤੋਂ ਖੱਜਲ ਕੀਤਾ ਜਾ ਰਿਹਾ ਹੈ। 'ਆਪ' ਸਰਕਾਰ ਵੱਲੋਂ ਨਿਯੁਕਤੀ ਲਈ ਤਰਸਾਉਣ ਦੀ ਇਸ ਨੀਤੀ ਵਿਚੋਂ ਭਾਸ਼ਾਵਾਂ ਨਾਲ ਵਿਤਕਰਾ ਕਰਨ ਅਤੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਨੂੰ ਜਿੰਦੇ ਮਾਰਨ ਦੀ ਬਦਨੀਤ ਨਜ਼ਰ ਆ ਰਹੀ ਹੈ। 1158 ਫ਼ਰੰਟ 'ਸਿੱਖਿਆ ਕ੍ਰਾਂਤੀ' ਦੇ ਖੋਖਲੇ ਦਾਅਵੇ ਕਰਨ ਵਾਲੀ 'ਆਪ' ਸਰਕਾਰ ਖ਼ਿਲਾਫ਼ ਜ਼ਿਮਨੀ ਚੋਣਾਂ ਵਿਚ ਰੋਸ ਪ੍ਰਦਰਸ਼ਨ ਕਰਨ ਜਾ ਰਿਹਾ ਹੈ। ਇਸਦੀ ਸ਼ੁਰੂਆਤ ਮਿਤੀ 12 ਨਵੰਬਰ 2024 ਦਿਨ ਐਤਵਾਰ ਨੂੰ ਗਿੱਦੜਬਾਹਾ ਵਿਖੇ ਰੋਸ ਪ੍ਰਦਰਸ਼ਨ ਕਰਕੇ ਕੀਤੀ ਜਾਵੇਗੀ।

ਮਨੀਸ਼ ਕੁਮਾਰ ਨੇ ਦੱਸਿਆ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਡਬਲ ਬੈਂਚ ਨੇ ਮਿਤੀ 23 ਸਤੰਬਰ, 2024 ਨੂੰ 1158 ਸਹਾਇਕ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਭਰਤੀ ਨੂੰ ਨੇਪਰੇ ਚੜ੍ਹਾਉਣ ਲਈ ਹਰੀ ਝੰਡੀ ਦਿੱਤੀ। ਪੰਜਾਬ ਸਰਕਾਰ ਨੇ ਮਾਣਯੋਗ ਅਦਾਲਤ ਦੇ ਹੁਕਮ ਅਨੁਸਾਰ ਭਰਤੀ ਨੂੰ ਨੇਪਰੇ ਚੜ੍ਹਾਉਣ ਦਾ ਕਾਰਜ ਸ਼ੁਰੂ ਤਾਂ ਕੀਤਾ ਪਰ ਅੱਧ ਵਿਚਾਲੇ ਲਟਕਾ ਦਿੱਤਾ। ਮਸਲਨ 600 ਤੋਂ ਵੱਧ ਸਹਾਇਕ ਪ੍ਰੋਫ਼ੈਸਰ ਕਾਲਜਾਂ ਵਿਚ ਨਿਯੁਕਤ ਹੋ ਚੁੱਕੇ ਹਨ ਪਰ ਪਿੱਛੇ ਬਚਦੇ 411 ਸਹਾਇਕ ਪ੍ਰੋਫ਼ੈਸਰ ਤੇ ਲਾਇਬ੍ਰੇਰੀਅਨ ਉਮੀਦਵਾਰ ਪਿਛਲੇ ਡੇਢ ਮਹੀਨੇ ਤੋਂ ਨਿਯੁਕਤੀ ਦੀ ਉਡੀਕ ਵਿੱਚ ਹਨ। ਪੰਜਾਬੀ ਦੇ 142, ਅੰਗਰੇਜ਼ੀ ਦੇ 154, ਹਿੰਦੀ ਦੇ 30, ਭੂਗੋਲ ਦੇ 15, ਐਜੂਕੇਸ਼ਨ ਦੇ 03 ਸਹਾਇਕ ਪ੍ਰੋਫ਼ੈਸਰ ਅਤੇ 67 ਲਾਇਬ੍ਰੇਰੀਅਨ ਕਾਲਜਾਂ ਵਿਚ ਨਿਯੁਕਤ ਹੋਣੋਂ ਰਹਿੰਦੇ ਹਨ। 411 ਦਾ ਇਹ ਹਿੱਸਾ ਸਮੁੱਚੀ ਭਰਤੀ ਦਾ ਲਗਭਗ 34% ਹੈ।ਜਸਪ੍ਰੀਤ ਸਿਵੀਆਂ ਨੇ ਕਿਹਾ ਕਿ ਇਹ ਮਸਲਾ ਇਕੱਲੀ 1158 ਉਮੀਦਵਾਰਾਂ ਦੀ ਭਰਤੀ ਦਾ ਹੀ ਨਹੀਂ ਬਲਕਿ ਸਰਕਾਰੀ ਕਾਲਜਾਂ ਨੂੰ ਬਚਾਉਣ ਦਾ ਮਸਲਾ ਹੈ।

ਸਰਕਾਰੀ ਕਾਲਜਾਂ ਵਿਚ ਪਿਛਲੇ 25 ਸਾਲਾਂ ਤੋਂ ਪ੍ਰੋਫ਼ੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ। ਆਉਂਦੇ 5-7 ਸਾਲਾਂ ਨੂੰ ਵੱਡੀ ਗਿਣਤੀ ਵਿਚ ਰੈਗੂਲਰ ਪ੍ਰੋਫ਼ੈਸਰ ਰਿਟਾਇਰ ਹੋ ਜਾਣੇ ਹਨ। ਸਿੱਟੇ ਵਜੋਂ ਸਰਕਾਰੀ ਕਾਲਜ ਖ਼ਾਲੀ ਹੋਣਗੇ, ਬੰਦ ਹੋਣਗੇ ਜਾਂ ਨਿੱਜੀ ਹੱਥਾਂ ਵਿਚ ਜਾ ਪੈਣਗੇ।

ਪੰਜਾਬੀਆਂ ਦੇ ਧੀਆਂ ਪੁੱਤਾਂ ਕੋਲੋਂ ਚੰਗੇ ਰੁਜ਼ਗਾਰ ਦੇ ਮੌਕੇ ਤਾਂ ਖੁੱਸਣਗੇ ਹੀ, ਉਹ ਉਚੇਰੀ ਸਿੱਖਿਆ ਹਾਸਿਲ ਕਰਨੋਂ ਵਾਂਝੇ ਰਹਿ ਜਾਣਗੇ।ਪਰਮਜੀਤ ਸਿੰਘ ਨੇ ਕਿਹਾ ਕਿ ਫ਼ਰੰਟ ਦੀ ਇੱਕੋ ਇੱਕ ਮੰਗ ਹੈ ਕਿ ਰਹਿੰਦੇ 411 ਉਮੀਦਵਾਰਾਂ ਨੂੰ ਤੁਰੰਤ ਕਾਲਜਾਂ ਵਿਚ ਨਿਯੁਕਤ ਕਰਕੇ 1158 ਭਰਤੀ ਮੁਕੰਮਲ ਕੀਤੀ ਜਾਵੇ। ਜੇਕਰ ਸਰਕਾਰ ਭਰਤੀ ਨੂੰ ਮੁਕੰਮਲ ਕਰਨ ਵੱਲ ਠੋਸ ਕਦਮ ਨਹੀ ਪੁੱਟਦੀ ਤਾਂ ਸੰਘਰਸ਼ ਨੂੰ ਤਿੱਖਾ ਕਰਦਿਆਂ ਜ਼ਿਮਨੀ ਚੋਣ ਦੇ ਹਰ ਹਲਕੇ ਵਿਚ ਭਰਵੇਂ ਰੂਪ ਵਿਚ ਸਰਕਾਰ ਦਾ ਭੰਡੀ ਪ੍ਰਚਾਰ ਕੀਤਾ ਜਾਵੇਗਾ। 'ਆਪ' ਦੇ ਉਮੀਦਵਾਰਾਂ, ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ।

# ਵਿਜੈਇੰਦਰ ਸਿੰਗਲਾ ਦੀ ਮਿਹਨਤ ਸਦਕਾ ਬਰਨਾਲਾ ਜਿਮਨੀ ਚੋਣ ਦੀ ਜਿਤ ਕਾਂਗਰਸ ਦੀ ਝੋਲੀ : ਸ਼ਕਤੀਜੀਤ



**ਸੰਗਰੂਰ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਬਿਨਾਂ ਵਾਦੇਆ ਤੋਂ ਵੀਂ ਜਨਤਾ ਲਈ ਉਹ ਕੰਮ ਕਿਤੇ ਹਨ ਜੋ ਵਿਰੋਧੀ ਸੋਚ ਵੀਂ ਨਹੀਂ ਸਕਦੇ ਹਨ।ਇਹਨਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਕਾਂਗਰਸ ਐ.ਸੀ ਵਿੰਗ ਦੇ ਸੂਬਾ ਕੋਰਡੀਨੇਟਰ ਸ਼ਕਤੀਜੀਤ ਨੇ ਰੋਜ਼ਾਨਾ ਪ੍ਰੈਸ ਕੀ ਤਾਕਤ ਸੰਗਰੂਰ ਨਾਲ ਕਰਦਿਆਂ ਕੀਤਾ ।ਓਹਨਾ ਕਿਹਾ ਕੀ ਅਕਸਰ ਹੀ ਵੋਟਾਂ ਨੇੜੇ ਬਹੁਤਿਆਂ ਪਾਰਟੀਆਂ ਵੋਟਾਂ ਵਟੋਰਨ ਲਈ ਬਹੁਤ ਵਡੇ ਵਡੇ ਵਾਧੇ ਜਨਤਾ ਨਾਲ ਕਰ ਜਾਂਦੇ ਹਨ ਅਤੇ ਸਮਾਂ ਆਉਣ ਤੇ ਵਾਦੇਆ ਤੋਂ ਪਾਸਾ ਵੱਟ ਜਾਂਦੀ ਹੈ।ਪਰ ਕਾਂਗਰਸ ਪਾਰਟੀ ਦੇ ਲੀਡਰ ਸਤਾ ਵਿੱਚ ਆਉਣ ਮਗਰੋਂ ਵਿਕਾਸ ਦੀਆ ਹਨੇਰੀਆਂ ਲਿਆਂ ਦਿੰਦੇ ਹਨ ਜਿਸਦਾ ਪੁਖਤਾ ਪਰੂਫ ਵਿਜੈਇੰਦਰ ਸਿੰਗਲਾ ਸਾਬਕਾ ਕੈਬਿਨੇਟ ਮੰਤਰੀ ਦੇ ਹਲਕੇ ਸੰਗਰੂਰ ਤੋਂ ਮਿਲਦਾ ਹੈ।ਓਹਨਾ ਕਿਹਾ ਸਿੰਗਲਾ ਸਾਹਿਬ ਨੇ ਸਰਕਾਰ ਦਾ ਹਿਸਾ ਰਹਿੰਦੇ ਸੰਗਰੂਰ ਨੂੰ ਪੰਜਾਬ ਹੀ ਨਹੀਂ ਵਿਦੇਸ਼ਾਂ ਤੱਕ ਬੈਠੇ ਪੰਜਾਬੀਆਂ ਤੱਕ ਸੰਗਰੂਰ ਨੂੰ ਅੱਜ ਦੇ ਸਮੇ ਦੀ ਜਰੂਰਤ ਅਨੁਸਾਰ ਵਿਕਸਤ ਕਰ ਵੱਖਰੀ ਪਹਿਚਾਣ ਦਿੱਤੀ ਜਦੋਂ ਸੰਗਰੂਰ ਦੇ ਵਿਦੇਸ਼ਾਂ ਵਿੱਚ ਬੈਠੇ ਵਾਪਿਸ ਆਂ ਸ਼ਹਿਰ ਦੀ ਸਹੂਲਤਾਂ ਨੂੰ ਵੇਖਦੇ ਹਨ ਤਾਂ ਪਤਾ ਲੱਗਦਾ ਕੀ ਵਾਕਿਆ ਹੀ ਵਿਕਾਸ ਗੱਲਾਂ ਦੇ ਕੜਾਹ ਤੋਂ ਇਲਾਵਾ ਜਮੀਨੀ ਪੱਧਰ ਤੇ ਵੀਂ ਹੁੰਦਾ ਹੈ।ਓਹਨਾ ਕਿਹਾ ਤਾਹੀਓਂ ਸਿੰਗਲਾ ਸਾਹਿਬ ਇੱਕ ਵਿਕਾਸ ਪੁਰਸ਼ ਨੇਤਾ ਦੇ ਖਿਤਾਬ ਨਾਲ ਵੀਂ ਜਾਣੇ ਜਾਂਦੇ ਹਨ।ਓਹਨਾ ਕਿਹਾ ਪਾਰਟੀ ਵਲੋਂ ਲੱਗੀ ਬਰਨਾਲਾ ਜਿਮਨੀ ਚੋਣਾਂ ਵਿੱਚ ਸਿੰਗਲਾ ਸਾਹਿਬ ਦੇ ਪਰਿਵਾਰ ਨਾਲ ਬਰਨਾਲਾ ਤੋਂ ਉਮੀਦਵਾਰ ਕਾਲਾ ਕਾਂਗਰਸ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਬਰਨਾਲਾ ਦੀ ਜਨਤਾ ਦਾ ਪੂਰਾ ਵਿਸ਼ਵਾਸ ਅਤੇ ਜਿੱਤ ਦਾ ਸਾਥ ਮਿੱਲ ਰਿਹਾ ਕਿਉਂਕਿ ਬਰਨਾਲਾ ਦੀ ਜਨਤਾ ਨੇ ਬਹੁਤ ਨੇੜੇ ਤੋਂ ਆਪਣੇ ਗੁਆਂਢੀ ਹਲਕਾ ਸੰਗਰੂਰ ਦਾ ਕਾਂਗਰਸ ਸਮੇਂ ਰਹੇ ਮੰਤਰੀ ਸਿੰਗਲਾ ਵੱਲੋਂ ਕਿਤੇ ਵਿਕਾਸ ਦੀ ਤਸਵੀਰ ਵੇਖੀ ਹੈ ।ਜਿਸ ਕਰਕੇ ਬਰਨਾਲਾ ਦੀ ਜਨਤਾ ਨੂੰ ਕਾਂਗਰਸ ਤੋਂ ਪੂਰੀ ਉਮੀਦ ਹੈ ਉਹ ਜਿਮਨੀ ਦੇ ਨਾਲ ਨਾਲ 27 ਦੀਆ ਵੋਟਾਂ ਵਿੱਚ ਵੀਂ ਕਾਂਗਰਸ ਦੀ ਸਰਕਾਰ ਬਣਾਉ ਦਾ ਮਨ ਬਣਾਈ ਬੈਠੀ ਹੈ।

# ਜਗਤਾਰ ਸਿੰਘ ਜੱਗਾ ਦੀ ਅੰਤਿਮ ਅਰਦਾਸ ਅੱਜ

**ਚੰਡੀਗੜ੍ਹ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜੋ ਵੀ ਇਸ ਸੰਸਾਰ ਵਿਚ ਆਇਆ ਹੈ, ਉਸ ਨੇ ਜਾਣਾ ਹੈ, ਪਰ ਅੱਧ ਵਿਚਾਲੇ ਛੱਡ ਜਾਣ ਵਾਲਿਆਂ ਦਾ ਦੁੱਖ ਜ਼ਿੰਦਗੀ ਭਰ ਦਾ ਸੁਪਨਾ ਬਣ ਕੇ ਰਹਿ ਜਾਂਦਾ ਹੈ। ਕੇਵਲ ਉਹੀ ਚੰਗਾ ਹੈ ਜੋ ਪਰਮਾਤਮਾ ਨੂੰ ਮਨਜ਼ੂਰ ਹੈ। ਮੁਹਾਲੀ ਜ਼ਿਲ੍ਹੇ ਦੇ ਨੇੜਲੇ ਪਿੰਡ ਖੈਰਪੁਰ ਨਿਊ ਚੰਡੀਗੜ੍ਹ ਦਾ ਨੌਜਵਾਨ ਆਗੂ ਜਗਤਾਰ ਸਿੰਘ ਜੱਗਾ ਦਸੰਬਰ 2020 ਵਿੱਚ ਆਪਣੀ ਜਵਾਨੀ ਵਿੱਚ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਕਾਰਨ ਉਹ ਸਿਰ ਵਿੱਚ ਸੱਟ ਲੱਗਣ ਕਾਰਨ ਮੰਜੇ 'ਤੇ ਪਿਆ ਰਿਹਾ। ਜ਼ਿੰਦਗੀ ਨੇ ਮੌਤ ਨਾਲ ਜੰਗ ਲੜੀ ਅਤੇ 31 ਅਕਤੂਬਰ ਦੀਵਾਲੀ ਦੀ ਸਵੇਰ ਨੂੰ ਦੁਨੀਆਂ ਦੇ ਰਾਜਿਆਂ ਦੀ ਜ਼ਿੰਦਗੀ ਦਾ ਦੀਵਾ ਸਦਾ ਲਈ ਬੁਝ ਗਿਆ। ਦਰਮਿਆਨੇ ਕੱਦ ਦਾ ਗੱਭਰੂ ਜੱਗਾ ਇੱਕ ਅਜਿਹਾ ਵਿਅਕਤੀ ਸੀ, ਜਿਸ ਨੇ ਇੱਕ ਵਾਰ ਮਿਲਦਿਆਂ ਹੀ ਆਪਣੀ ਕਾਬਲੀਅਤ ਅਤੇ ਗੱਲਬਾਤ ਨਾਲ ਦਿਲਾਂ 'ਤੇ ਡੂੰਘੀ ਛਾਪ ਛੱਡੀ। ਉਸ ਕੋਲ ਇੱਕ ਅਜੀਬ ਚੁੰਬਕੀ ਸ਼ਕਤੀ ਸੀ। ਚੁਸਤ, ਚਲਾਕ, ਮਿਹਨਤੀ, ਹੱਸਮੁੱਖ ਅਤੇ ਸੱਚਾ। ਜਦੋਂ ਕਿ ਅਜਿਹੇ ਲੋਕ ਦੂਸਰਿਆਂ ਨੂੰ ਕੌੜੇ ਬੋਲ ਬੋਲਦੇ ਹਨ, ਇਹ ਜ਼ਿੰਦਗੀ ਦਾ ਸੱਚ ਹੈ। ਪਰ ਆਪਣੀ ਪ੍ਰਭਾਵਸ਼ਾਲੀ ਸ਼ਖ਼ਸੀਅਤ



ਕਾਰਨ ਜੱਗਾ ਕੁਝ ਪਲਾਂ ਵਿੱਚ ਹੀ ਸਾਹਮਣੇ ਵਾਲੇ ਨੂੰ ਮਨਾ ਲੈਂਦਾ ਸੀ। ਇਸ ਸੱਚੇ ਦਿਲ ਵਾਲੇ ਨੌਜਵਾਨ ਵਿੱਚ ਕੋਈ ਧੋਖਾ ਨਹੀਂ ਸੀ, ਸਗੋਂ ਉਸ ਦਾ ਝੁਕਾਅ ਦੂਜਿਆਂ ਦਾ ਭਲਾ ਕਰਨ ਵੱਲ ਸੀ। ਨਸ਼ੇ ਤੋਂ ਮੁਕਤ, ਸਿਹਤ ਪ੍ਰਤੀ ਫਿਕਰਮੰਦ ਇਸ ਨੌਜਵਾਨ ਕੋਲ ਸਵੇਰ ਤੋਂ ਰਾਤ ਤੱਕ ਕੰਮ ਕਰਨ ਦੀ ਲੋਹੇ ਦੀ ਤਾਕਤ ਸੀ, ਕਦੇ ਥੱਕਦਾ ਨਹੀਂ, ਕਦੇ ਥੱਕਦਾ ਨਹੀਂ। ਜੱਗੇ ਦੀ ਇਮਾਨਦਾਰੀ, ਇਮਾਨਦਾਰੀ ਅਤੇ ਕਾਮਯਾਬੀ ਦੀਆਂ ਕਈ ਕਹਾਣੀਆਂ ਉਸ ਦੇ ਸਾਥੀਆਂ ਵਿੱਚ ਮਸ਼ਹੂਰ ਹਨ। ਡੇਰਾਬੱਸੀ ਨੇੜੇ ਇੱਕ ਪਿੰਡ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਦੇ ਘਰ ਵਿੱਚ ਫਸੇ ਹੋਣ ਬਾਰੇ ਸੁਣ ਕੇ ਜੱਗਾ ਆਪਣੇ ਸਾਥੀਆਂ ਸਮੇਤ ਉੱਥੇ ਪਹੁੰਚਿਆ ਅਤੇ ਪ੍ਰਵਾਸੀ ਨੂੰ ਛੁਡਾਇਆ ਅਤੇ ਘਰ ਭੇਜਣ ਤੱਕ ਉਸ ਦੀ ਮਦਦ ਕੀਤੀ।

# ਸੀਟੀ ਯੂਨੀਵਰਸਿਟੀ ਦੀ ਵਿਦਿਆਰਥਣ ਕਾਜਲ ਬਿਸਵਾਸ ਨੇ ਦੇਸ਼ ਦਾ ਨਾਂ ਕੀਤਾ ਰੌਸ਼ਨ

**ਲੁਧਿਆਣਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ ਦੀ ਹੋਣਹਾਰ ਵਿਦਿਆਰਥਣ ਕਾਜਲ ਬਿਸਵਾਸ ਨੇ ਉਜ਼ਬੇਕਿਸਤਾਨ ਦੇ ਤਾਸ਼ਕੰਦ ਵਿੱਚ ਹੋਈ ਚੌਥੀ ਵਿਸ਼ਵ ਸਕਵਾਯ ਚੈਂਪੀਅਨਸ਼ਿਪ ਵਿੱਚ ਗੋਲਡ ਤਗਮਾ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਇਹ ਸ਼ਾਨਦਾਰ ਪ੍ਰਾਪਤੀ ਸੀਟੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਅਸਾਧਾਰਨ ਪ੍ਰਤਿਭਾ ਅਤੇ ਸਮਰਪਣ ਨੂੰ ਦਰਸਾਉਂਦੀ ਹੈ।ਸਕਵਾਯ, ਕਰਾਟੇ, ਤਾਈਕਵਾਂਡੋ ਅਤੇ ਕਿੱਕਬਾਕਸਿੰਗ ਦੇ ਤੱਤਾਂ ਨੂੰ ਜੋੜਨ ਵਾਲੀ ਇੱਕ ਗਤੀਸ਼ੀਲ ਮਾਰਸ਼ਲ ਆਰਟ ਹੈ, ਜਿਸ ਲਈ ਬਹੁਤ ਜ਼ਿਆਦਾ ਸਰੀਰਕ ਅਤੇ ਮਾਨਸਿਕ ਕਸਰਤ ਦੀ ਲੋੜ ਹੁੰਦੀ ਹੈ।



ਕਾਜਲ ਦੀ ਜਿੱਤ ਉਸਦੀ ਸਖਤ ਸਿਖਲਾਈ, ਅਟੁੱਟ ਦ੍ਰਿੜ ਇਰਾਦੇ ਅਤੇ ਉਸਦੀ ਖੇਡ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀਆਂ ਜਿੱਤਾਂ ਨਾ ਸਿਰਫ਼ ਉਨ੍ਹਾਂ ਦੀਆਂ ਵਿਅਕਤੀਗਤ ਪ੍ਰਤਿਭਾਵਾਂ ਨੂੰ ਉਜਾਗਰ ਕਰਦੀਆਂ ਹਨ, ਸਗੋਂ ਸੀਟੀ ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਸਹਾਇਕ ਅਤੇ ਪਾਲਣ ਪੋਸ਼ਣ ਵਾਲੇ ਮਾਹੌਲ ਨੂੰ ਵੀ ਰੇਖਾਂਕਿਤ ਕਰਦੀਆਂ ਹਨ।

# ਸਵੀਪ ਟੀਮ ਪਟਿਆਲਾ ਨੇ ਵਿਦਿਆਰਥੀਆਂ ਨੂੰ ਵੋਟਰ ਪੰਜੀਕਰਨ ਦਾ ਦਿੱਤਾ ਸੁਨੇਹਾ

**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਅੰਤਰ ਖੇਤਰੀ ਯੁਵਕ ਮੇਲਾ 2024 ਵਿੱਚ ਵਿਦਿਆਰਥੀਆਂ ਨੂੰ ਸਵੀਪ ਨੋਡਲ ਅਫਸਰ ਪਟਿਆਲਾ ਦਿਹਾਤੀ -110 ਸਤਵੀਰ ਸਿੰਘ ਗਿੱਲ ਵੱਲੋਂ ਵੋਟਰ ਪੰਜੀਕਰਨ ਬਾਰੇ ਜਾਗਰੂਕ ਕੀਤਾ ਗਿਆ। ਭਾਰਤੀ ਚੋਣ ਕਮਿਸ਼ਨ, ਮੁੱਖ ਚੋਣ ਅਫਸਰ ਪੰਜਾਬ ਅਤੇ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਸਵੀਪ ਨੋਡਲ ਅਫਸਰ ਸਤਵੀਰ ਸਿੰਘ ਗਿੱਲ ਨੇ ਵੱਖ-ਵੱਖ ਕਾਲਜਾਂ ਤੋਂ ਭਾਗ ਲੈਣ ਵਾਲੀਆਂ ਗਿੱਧਾ, ਭੰਗੜਾ, ਗੀਤ-ਸੰਗੀਤ ਟੀਮਾਂ ਅਤੇ ਹੋਰ ਕਲਾਕਾਰਾਂ ਨੂੰ ਵੱਖ-ਵੱਖ ਵੋਟਰ ਐਪਸ ਬਾਰੇ ਜਾਣਕਾਰੀ ਦਿੱਤੀ।

ਨੋਡਲ ਅਫਸਰ ਨੇ ਸਮੂਹ ਕਲਾਕਾਰਾਂ ਨੂੰ ਦੱਸਿਆ ਕਿ ਵਿਸੇ.ਸ਼ ਸਰਸਰੀ ਸੁਧਾਈ 2025 ਤੇ ਨਵੀਂ ਵੋਟ ਬਣਵਾਉਣ/ ਕਟਵਾਉਣ ਜਾਂ ਸੋਧ ਕਰਨ ਲਈ ਲਗਾਏ ਜਾ ਰਹੇ ਵਿਸੇ.ਸ਼ ਕੈਂਪਾਂ ਤੋਂ ਵੱਧ ਤੋਂ ਵੱਧ ਫਾਇਦਾ ਚੁੱਕਿਆ ਜਾਵੇ।ਇਸ ਮੌਕੇ ਬੀ.ਐਲ.ਓ ਜਸਪਾਲ ਸਿੰਘ ਅਤੇ ਰਵਿੰਦਰ ਸਿੰਘ ਹਾਜ਼ਰ ਸਨ।ਇਸ ਮੌਕੇ ਪੰਜਾਬ ਦੇ ਪ੍ਰਸਿੱਧ ਗਾਇਕ ਪੰਮੀ ਬਾਈ, ਪ੍ਰਸਿੱਧ ਕਲਾਕਾਰ ਸਵਰਨ ਬਰਨਾਲਾ ਅਤੇ ਉਨ੍ਹਾਂ ਦੀ ਟੀਮ ਵੱਲੋ ਵੀ ਨੌਜਵਾਨਾਂ ਨੂੰ ਵੋਟ ਬਣਵਾਉਣ ਲਈ ਪ੍ਰੇਰਿਤ ਕੀਤਾ ਗਿਆ।

# ਗੋਬਿੰਦ ਸਿੰਘ ਸੰਧੂ ਦੀ ਚੋਣ ਮੁਹਿੰਮ ਵਿੱਚ ਡਟੇ ਬਰਨਾਲਾ ਜ਼ਿਲ੍ਹੇ ਦੇ ਵਪਾਰੀ

**ਬਰਨਾਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਗੋਬਿੰਦ ਸਿੰਘ ਸੰਧੂ ਨੂੰ ਹਿੰਦੂ ਭਾਈਚਾਰਾ ਵੱਡੀ ਗਿਣਤੀ ਚ ਦੇ ਰਿਹਾ ਸਮਰਥਨ ਤੇ ਚੋਣ ਮੁਹਿੰਮ ਨੂੰ ਹੁਲਾਰਾ ਜਿਸ ਦਾ ਪ੍ਰਮਾਣ ਆਏ ਦਿਨ ਸ਼ਹਿਰ ਦੇ ਬਾਜ਼ਾਰਾਂ ਵਿੱਚ ਹੁੰਦੇ ਵੱਡੇ ਇਕੱਠਾਂ ਅਤੇ ਹਿੰਦੂ ਵਰਗ ਦੇ ਨੌਜਵਾਨਾਂ ਵੱਲੋਂ ਗੋਬਿੰਦ ਸੰਧੂ ਦੇ ਕੀਤੇ ਜਾ ਰਹੇ ਹੱਥ ਮਜਬੂਤ ਤੋਂ ਮਿਲਦਾ ਹੈ

ਪੰਜਾਬ ਦੀਆਂ 4 ਸੀਟਾਂ ਤੇ ਹੋ ਰਹੀਆਂ ਜਿਮਨੀ ਚੋਣਾ ਦਾ ਦੌਰ ਪੂਰੀ ਚਰਮ ਸੀਮਾ ਤੇ ਚੱਲ ਰਿਹਾ ਖਾਸਕਰ ਪੰਜਾਬ ਦੀ ਸਭ ਤੋਂ ਹੌਟ ਤੇ ਚਰਚਿਤ ਸੀਟ ਬਣੀ ਬਰਨਾਲਾ ਵਿਧਾਨ ਸਭਾ ਸੀਟ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਜਿੱਥੇ ਸ਼੍ਰੋਮਣੀ ਅਕਾਲੀਦਲ (ਅਮ੍ਰਿਤਸਰ) ਪਾਰਟੀ ਤੋਂ ਉਮੀਦਵਾਰ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਦੇ ਵੰਸ਼ ਵਿੱਚੋਂ 27 ਸਾਲਾਂ ਦੇ ਨੌਜਵਾਨ ਗੋਬਿੰਦ ਸਿੰਘ ਸੰਧੂ ਚੰਗੇ ਪੜ੍ਹੇ ਲਿਖੇ ,ਸਫਲ ਬਿਜ਼ਨਸਮੈਨ (ਬਾਲਟੀ) ਚੋਣ ਨਿਸ਼ਾਨ ਤੇ ਚੋਣ ਲੜ੍ਹ ਰਹੇ ਹਨ ਜਿਨਾ ਵਲੋਂ ਬਰਨਾਲਾ ਦੇ ਵਿਕਾਸ ਨੂੰ ਇੱਕ ਮਿਸਨ ਵਜੋਂ ਬਰਨਾਲਾ ਚ ਪੱਕੀ ਰਿਹਾਇਸ਼ ਰੱਖਦਿਆਂ ਚੋਣ ਲੜ੍ਹ ਰਹੇ ਹਨ

ਗੋਬਿੰਦ ਸਿੰਘ ਸੰਧੂ ਦੀ ਚੋਣ ਮੁਹਿੰਮ ਚ ਪਹਿਲਾਂ ਤੋਂ ਹੀ ਡਟੇ ਵਪਾਰ ਮੰਡਲ ਦੇ ਵਪਾਰੀ,ਪੈਟਰੋਲ ਪੰਪਾਂ ਦੇ ਮਲਿਕ, ਲੋਕਾਂ ਦੇ ਚੁਣੇ ਨੁਮਾਂਦੀਆਂ ਦੇ ਨੌਜਵਾਨ ਵਿਦਿਆਰਥੀ ,ਪਿੰਡਾਂ ਸਹਿਰੀ ਵਾਰਡਾਂ ਦੇ ਪੰਥਕ ਵੋਟਰ ਗੋਬਿੰਦ ਸਿੰਘ ਸੰਧੂ ਦੀ ਚੋਣ ਮੁਹਿੰਮ ਚ ਵੱਡੀ ਭੂਮਿਕਾ ਨਿਭਾ ਰਹੇ ਹਨ ਜਿਸ ਨਾਲ ਗੋਬਿੰਦ ਸਿੰਘ ਸੰਧੂ ਦੀ ਚੋਣ ਮੁਹਿੰਮ ਸਿਖਰਾਂ ਤੇ ਚੱਲ ਰਹੀ ਹੈ

ਗੋਬਿੰਦ ਸਿੰਘ ਸੰਧੂ ਦੀ ਮਹਿਜ ਥੋੜੇ ਸਮੇਂ ਚ ਬਣੀ ਲੋਕਪ੍ਰਿਅਤਾ ਦਾ ਅੰਦਾਜ਼ਾ ਇੱਥੋਂ ਲਾਇਆ ਜਾ ਸਕਦਾ ਹੈ ਬਰਨਾਲਾ ਜਿਲੇ ਦੇ ਵਪਾਰੀ ਵੱਡੀ ਗਿਣਤੀ ਚ ਗੋਬਿੰਦ ਸਿੰਘ ਸੰਧੂ ਦੀ ਸਪੋਰਟ ਤੇ ਡਟੇ ਹਨ ਜਿਸ ਤਹਿਤ ਆਏ ਦਿਨ ਸ਼ਹਿਰ ਦੇ ਵਪਾਰੀਆਂ ਵਲੋਂ ਵੱਡੀਆਂ ਮੀਟਿੰਗ ! ਕਰਦਿਆਂ ਚੋਣ ਮੁਹਿੰਮ ਭਖਾ ਰੱਖੀ ਹੈ ! ਜਿਸ ਤਹਿਤ ਗੋਬਿੰਦ ਸਿੰਘ ਸੰਧੂ ਨੇ ਵਿਰੋਧੀ ਉਮੀਦਵਾਰਾਂ ਦੀਆਂ ਨੀਂਦਰਾਂ ਉਡਾ ਰੱਖੀਆਂ ਹਨ ਵਪਾਰੀਆਂ ਚ ਖਾਸਕਰ ਨੌਜਵਾਨ ਗੋਬਿੰਦ ਸਿੰਘ ਸੰਧੂ ਦੇ ਮੋਢੇ ਨਾਲ ਮੋਢਾ ਲੈ ਕੇ ਚੱਲ ਰਹੇ ਹਨ

ਵਪਾਰੀਆਂ ਨੇ ਜ਼ੋਰ ਦੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਤੋਂ ਅੱਕੇ ਵਪਾਰੀਆਂ ਨੂੰ ਗੋਬਿੰਦ ਸਿੰਘ ਸੰਧੂ ਆਸ ਦੀ ਕਿਰਨ ਨਜਰ ਆ ਰਹੀ ਹੈ ! ਵਪਾਰੀਆਂ ਤੋਂ ਫ਼ਿਰੌਤੀਆਂ ਮੰਗੀਆਂ ਜਾ ਰਹੀਆਂ ਹਨ ਦਿਨ ਦਿਹਾੜੇ ਲੁੱਟਣ ਖੋਹਾਂ ਕੀਤੀਆਂ ਜਾ ਰਹੀਆਂ ਹਨ ਗੋਬਿੰਦ ਸੰਧੂ ਹਿੰਦੂ ਸਿੱਖ ਏਕਤਾ ਦੇ ਮੁੱਦਈ ਭਾਈਚਾਰਕ ਸਾਂਝ,ਹਰੇਕ ਧਰਮ ਦੇ ਵਸਿੰਦੇ ਆਪਣਾ ਧਰਮ ਚ ਪਰਪਕਕ ਰਹਿਣ ਲਈ ਪ੍ਰੇਰਿਤ ਕਰਦੇ ਹਨ ।

ਗੋਬਿੰਦ ਸੰਧੂ ਵਲੋਂ ਦੱਸਿਆ ਗਿਆ ਗਰਾਂਟ ਕਿ ਹੁੰਦੀ ਹੈ ਇਹ ਸਿਮਰਨਜੀਤ ਮਾਨ ਨੇ ਹੀ ਦੱਸਿਆ ਮੰਦਰਾਂ ਗੁਰਦੁਆਰਿਆਂ,ਗਊਸ਼ਾਲਾ ਨੂੰ ਬਿਨਾ ਕਿਸੇ ਭੇਦਭਾਵ ਤੋਂ ਵੰਡੀਆਂ,ਬਰਨਾਲਾ ਦੇ ਹਸਪਤਾਲ ਦੀ ਮੋਰਚਰੀ ਚ ਮਿਰਤਕ ਦੇਹਾਂ ਰੱਖਣ ਲਈ 4 ਫਰੀਜ਼ਰ ਦਿੱਤੇ ,ਸੈਂਕੜੇ ਪਾਣੀ ਦੀਆਂ ਟੈਂਕੀਆਂ ,ਵੱਡੀਆਂ ਪੇਂਡੂ ਸੜਕਾਂ ਦੇ ਜਾਲ ਵਿਛਾਏ ਗੋਬਿੰਦ ਸੰਧੂ ਵਲੋਂ ਲੁੱਟਾਂ ਖੋਹਾਂ, ਫ਼ਿਰੌਤੀਆਂ,ਧੱਕਿਆਂ ,ਜ਼ੁਲਮਾਂ ਦੇ ਵਿਰੁੱਧ ਸੰਘਰਸ਼ ਦੇ ਕੀਤੇ ਐਲਾਨ ਨਾਲ ਸਹਿਰੀਆਂ ਚ ਇਕ ਜੋਸ਼ ਜਾਗਿਆ ਹੈ

ਗੋਬਿੰਦ ਸਿੰਘ ਸੰਧੂ ਵਲੋਂ ਕਿਹਾ ਕਿ ਬਰਨਾਲਾ ਚ ਆਮ ਲੋਕਾਂ ਦੇ ਇਲਾਜ਼ ਲਾਇ ਕਿਸੇ ਸੁਪਰ ਸਪੇਸਿਲਿਟੀ ਹਸਪਤਾਲ ਦੀ ਘਾਟ ,ਨਾ ਕੋਈ ਵੱਡਾ ਉਚੇਰੀ ਸਿਖਿਆ ਦਾ ਅਦਾਰਾ ਵੱਡੀਆਂ ਘਾਟਾਂ ਦਾ ਜਿਕਰ ਕਰਨਾ ਹਲਕੇ ਦੇ ਲੋਕਾਂ ਦੇ ਦਿਲਾਂ ਚ ਘਰ ਕਰ ਰਿਹਾ ਗੋਬਿੰਦ ਸਿੰਘ ਸੰਧੂ ਵਲੋਂ ਮੀਡਿਆ ਦੀ ਹਾਜਰੀ ਚ ਕਿਹਾ ਕਿ ਵਿਧਾਨ ਸਭਾ ਦੀ ਸਾਰੀ ਤਾਕਤ ਤੁਹਾਡੇ ਹੱਥ ਹੋਵੇਗੀ ਐਮ ਪੀ ਲੈਂਡ ਦੇ ਫੰਡ ਲੋਕਾਂ ਮਰਜੀ ਨਾਲ ਲਾਏ ਜਾਣਗੇ ਜਿਸ ਲਾਇ ਪਿੰਡਾਂ ਸ਼ਹਿਰਾਂ ਚ ਕਮੇਟੀਆਂ ਬਣਾਈਆਂ ਜਾਣਗੀਆਂ ਉਹਨਾਂ ਕਿਹਾ ਕਿ ਥਾਣਿਆਂ ਚ ਰੁਪਿਆਂ ਤਹਿਤ ਹੁੰਦੇ ਰਾਜ਼ੀਨਾਮੇ ਸਮਝੋਤੇ ਬੰਦ ਕਰਕੇ ਹਲਕਾ ਨਿਵਾਸੀਆਂ ਨੂੰ ਰਾਹਤ ਦਿੱਤੀ ਜਾਵੇਗੀ ਬਰਨਾਲਾ ਸ਼ਹਿਰ ਦੀ ਸਮੱਸਿਆ ਸਮੇਤ ਸ਼ਹਿਰੀਆਂ ਵਾਸਤੇ ਲੜਾਂਗੇ ਖੜਾਂਗੇ ਬਰਨਾਲਾ ਹਲਕੇ ਦੇ ਪਿੰਡ ਨੰਗਲ ਵਿਖੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਬੀਜੇਪੀ ਵਿੱਚ ਸ਼ਮੂਲੀਅਤ ਕਰਕੇ ਕੇਵਲ ਢਿੱਲੋ ਦੀ ਡੱਟ ਕੇ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ।

# ਵਿਧਾਇਕ ਛੀਨਾ ਵੱਲੋਂ ਵਾਰਡ ਨੰਬਰ 31 'ਚ ਟਿਊਬਵੈੱਲ ਨਿਰਮਾਣ ਕਾਰਜ਼ਾਂ ਦਾ ਉਦਘਾਟਨ



**ਲੁਧਿਆਣਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 1 ਅਧੀਨ ਮੁਹੱਲਾ ਗੁਰੂ ਨਾਨਕ ਨਗਰ, ਗਲੀ ਨੰ 1 ਦੇ ਵਿੱਚ 25 ਹਾਰਸ ਪਾਵਰ ਵਾਲੇ ਟਿਊਬਵੈੱਲ ਲਗਾਉਣ ਦੇ ਕੰਮ ਦਾ ਉਦਘਾਟਨ ਕੀਤਾ ਗਿਆ।

ਵਿਧਾਇਕ ਛੀਨਾ ਨੇ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਕਰੀਬ 12 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀ ਪਿਛਲੇ ਲੰਮੇ ਸਮੇਂ ਤੋਂ ਪਾਣੀ ਦੀ ਸਮੱਸਿਆ ਤੋਂ ਪ੍ਰੇਸ਼ਾਨ ਸਨ ਅਤੇ ਹੁਣ ਉਨ੍ਹਾਂ ਨੂੰ ਜਲਦ ਰਾਹਤ ਮਿਲੇਗੀ।

ਉਨ੍ਹਾਂ ਕਿਹਾ ਕਿ ਮੁਹੱਲਾ ਗੁਰੂ ਨਾਨਕ ਨਗਰ ਦੇ ਵਸਨੀਕ ਪਿਛਲੀਆਂ ਸਰਕਾਰਾਂ ਤੋਂ ਟਿਊਬਵੈੱਲਾਂ ਦੀ ਮੰਗ ਕਰਦੇ ਆ ਰਹੇ ਸਨ ਪਰ ਕਿਸੇ ਨੇ ਬਾਂਹ ਨਾ ਫੜੀ। ਹੁਣ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ'ਸਰਕਾਰ ਦੌਰਾਨ ਉਨ੍ਹਾ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ। ਇਸ ਮੌਕੇ ਸਰਬਜੀਤ ਸਰਬਾ ਤੋਂ ਇਲਾਵਾ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।

## ਖੇਤੀਬਾੜੀ ਵਿਭਾਗ ਵੱਲੋਂ ਖਾਦ ਵਿਕਰੇਤਾ ਦਾ ਲਾਇਸੈਂਸ ਰੱਦ

# ਜਮ੍ਹਾਖੋਰਾਂ ਤੇ ਕਾਲਾਬਜ਼ਾਰੀ ਕਰਨ ਵਾਲਿਆਂ 'ਤੇ ਕੀਤੀ ਜਾਵੇਗੀ ਸਖ਼ਤ ਕਾਰਵਾਈ : ਡਿਪਟੀ ਕਮਿਸ਼ਨਰ



**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੂੰ ਵਿੱਤੀ ਸ਼ੋਸ਼ਣ ਤੋਂ ਬਚਾਉਣ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਵਿੱਚ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਡੀ.ਏ.ਪੀ. ਅਤੇ ਹੋਰ ਖਾਦਾਂ, ਦੀ ਨਿਰਵਿਘਨ ਅਤੇ ਲੋੜੀਂਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਕੀਤੀ ਜਾ ਰਹੀ ਚੈਕਿੰਗ ਦੌਰਾਨ ਮੈਸ ਸ਼ਾਰਦਾ ਐਗਰੋ ਕੈਮੀਕਲਜ, ਘੱਗਾ ਵੱਲੋਂ ਖਾਦ ਦਾ ਬਿਨ੍ਹਾਂ ਪ੍ਰਵਾਨਗੀ ਸਟਾਕ ਰੱਖਣ ਕਾਰਨ ਲਾਇਸੈਂਸ ਰੱਦ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਸਾਰੇ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸੇ ਦੌਰਾਨ ਮੈਸ ਸ਼ਾਰਦਾ ਐਗਰੋ ਕੈਮੀਕਲਜ ਘੱਗਾ ਦੇ ਰਿਕਾਰਡ ਦੀ ਜਦ ਜਾਂਚ ਕੀਤੀ ਗਈ ਤਾਂ ਫਰਮ ਵੱਲੋਂ ਆਪਣੇ ਕੋਲ ਮੌਜੂਦ ਖਾਦ ਦੀ ਅਡੀਸ਼ਨ ਆਪਣੇ ਫਰਟੀਲਾਈਜ਼ਰ ਲਾਇਸੈਂਸ ਵਿੱਚ ਨਹੀਂ ਕਰਵਾਈ ਗਈ ਸੀ ਅਤੇ ਦੁਕਾਨ ਅਤੇ ਗੋਦਾਮ ਦੀ ਚੈਕਿੰਗ ਦੌਰਾਨ ਪਾਇਆ ਗਿਆ ਕਿ ਫਰਮ ਵੱਲੋਂ ਬਿਨ੍ਹਾਂ ਅਡੀਸ਼ਲ ਕਰਵਾਏ ਵੱਡੀ ਮਾਤਰਾ ਵਿੱਚ ਯੂਰੀਆ ਖਾਦ ਅਤੇ ਕੁਝ ਹੋਰ ਖਾਦਾਂ ਸਟੋਰ ਕੀਤੀ ਹੋਈਆਂ ਸਨ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਫਰਮ ਦੀ ਸੇਲ ਤੁਰੰਤ ਬੰਦ ਕਰਵਾ ਦਿੱਤੀ ਗਈ ਹੈ ਤੇ ਫਰਮ ਖਿਲਾਫ਼ ਖਾਦ ਲਾਇਸੈਂਸ ਦੀਆਂ ਸ਼ਰਤਾਂ ਅਤੇ ਖਾਦ ਕੰਟਰੋਲ ਆਰਡਰ 1985 ਦੀ ਧਾਰਾ 8 ਦੀ ਉਲੰਘਣਾ ਦੀ ਕਾਰਵਾਈ ਕਰਦਿਆਂ ਫਰਮ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਬੀਜਾਂ, ਕੀਟਨਾਸ਼ਕਾਂ ਅਤੇ ਖਾਦਾਂ ਦੀ ਵਿਕਰੀ ਤੇ ਸਪਲਾਈ 'ਤੇ ਨੇੜਿਓਂ ਨਜ਼ਰ ਰੱਖਣ ਲਈ ਪਟਿਆਲਾ ਜ਼ਿਲ੍ਹੇ ਵਿੱਚ ਟੀਮਾਂ ਖਾਦਾਂ ਦੇ ਸਟਾਕ ਦੀ ਲਗਾਤਾਰ ਚੈਕਿੰਗ ਕਰ ਰਹੀਆਂ ਹਨ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਨੂੰ ਵੀ ਕਿਸਾਨਾਂ ਦਾ ਸ਼ੋਸ਼ਣ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਅੰਤਰਰਾਸ਼ਟਰੀ ਕਬੱਡੀ ਖਿਡਾਰੀ ਵਿਧਾਇਕ ਗੁਰਲਾਲ ਘਨੌਰ ਸਰਬ ਸੰਮਤੀ ਨਾਲ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਬਣੇ ਪ੍ਰਧਾਨ

**ਰਾਜਪੁਰਾ 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਤੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੂੰ ਸਰਬ ਸੰਮਤੀ ਨਾਲ ਕਬੱਡੀ ਐਸੋਸੀਏਸ਼ਨ ਪੰਜਾਬ ਦਾ ਪ੍ਰਧਾਨ ਚੁਣਿਆ ਗਿਆ ਹੈ।ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਰਾਜਪੁਰਾ ਵਿਖੇ ਕੀਤੀ ਮੀਟਿੰਗ ਦੌਰਾਨ ਇਹ ਚੋਣ ਸਰਬ ਸੰਮਤੀ ਕੀਤੀ। ਇਸ ਮੌਕੇ ਤੇਜਿੰਦਰ ਸਿੰਘ ਮਿੱਡੂ ਖੇੜਾ ਨੂੰ ਜਨਰਲ ਸਕੱਤਰ ਚੁਣਿਆ ਗਿਆ।




ਕਬੱਡੀ ਐਸੋਸੀਏਸ਼ਨ ਪੰਜਾਬ ਦੀ ਇਹ ਚੋਣ ਮੁੱਖ ਚੋਣ ਅਧਿਕਾਰੀ ਦਲ ਸਿੰਘ ਬਰਾੜ, ਚੋਣ ਅਬਜ਼ਰਵਰ ਉਪਕਾਰ ਸਿੰਘ ਵਿਰਕ ਅਤੇ ਜ਼ਿਲ੍ਹਾ ਖੇਡ ਅਫਸਰ ਪਟਿਆਲਾ ਹਰਪਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਪੰਜਾਬ ਦੇ ਕੁੱਲ 23 ਜ਼ਿਲ੍ਹਿਆਂ ਵਿੱਚੋਂ 18 ਜ਼ਿਲ੍ਹਿਆਂ ਦੇ 36 ਮੈਂਬਰਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ। ਜਿਸ ਵਿੱਚ ਸਰਬ ਸੰਮਤੀ ਦੇ ਨਾਲ ਚੋਣ ਪ੍ਰਕਿਰਿਆ ਆਰੰਭੀ ਗਈ ਜਿਸ ਤਹਿਤ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੂੰ ਕਬੱਡੀ ਐਸੋਸੀਏਸ਼ਨ ਪੰਜਾਬ ਦਾ ਪ੍ਰਧਾਨ, ਤੇਜਿੰਦਰ ਸਿੰਘ ਮਿੱਡੂ ਖੇੜਾ ਜਰਨਲ ਸਕੱਤਰ, ਬਲਜੀਤ ਸਿੰਘ ਅਤੇ ਇਕਬਾਲ ਸਿੰਘ ਸੀਨੀਅਰ ਵਾਈਸ ਪ੍ਰਧਾਨ, ਭੁਪਿੰਦਰ ਸਿੰਘ ਕਮਲਪ੍ਰੀਤ ਸਿੰਘ ਹਰਜੀਤ ਸਿੰਘ ਅਤੇ ਨਿਰਮਲ ਸਿੰਘ ਵਾਈਸ ਪ੍ਰਧਾਨ, ਕਮਲਜੀਤ ਸਿੰਘ ਕੁਲਦੀਪ ਸਿੰਘ ਬਲਜਿੰਦਰ ਸਿੰਘ ਅਤੇ ਜਸਕਰਨ ਕੌਰ ਜੁਆਇੰਟ ਸਕੱਤਰ ਅਤੇ ਚਰਨ ਸਿੰਘ ਨੂੰ ਖਜਾਨਚੀ ਚੁਣ ਲਿਆ ਗਿਆ। ਨਵੇਂ ਚੁਣੇ ਗਏ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਅੱਜ ਦੀ ਚੋਣ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਨੇਪਰੇ ਚੜ੍ਹੀ ਹੈ। ਉਹਨਾਂ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਹੁਤ ਜਲਦ ਪੰਜਾਬ ਪੱਧਰ ਉੱਤੇ ਦੋ ਨੈਸ਼ਨਲ ਪੱਧਰ ਦੇ ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ ਇਸ ਤੋਂ ਇਲਾਵਾ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰਨ ਦੇ ਲਈ ਵੱਖ-ਵੱਖ ਉਪਰਾਲੇ ਕੀਤੇ ਜਾਣਗੇ। ਗੁਰਲਾਲ ਘਨੌਰ ਨੇ ਕਿਹਾ ਕਿ ਭਾਵੇਂ ਕਿ ਐਸੋਸੀਏਸ਼ਨ ਦੀ ਚੋਣ ਚਾਰ ਸਾਲਾਂ ਦੇ ਲਈ ਹੁੰਦੀ ਹੈ ਪਰ ਹੁਣ ਲੰਬੇ ਸਮੇਂ ਤੋਂ ਐਸੋਸੀਏਸ਼ਨ ਦੀ ਚੋਣ ਨਹੀਂ ਹੋਈ ਸੀ ਜਿਸ ਦੇ ਚਲਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਉਪਰਾਲਿਆਂ ਸਦਕਾ ਕਬੱਡੀ ਐਸੋਸੀਏਸ਼ਨ ਪੰਜਾਬ ਦੀ ਚੋਣ ਨੇਪਰੇ ਚੜ੍ਹੀ ਹੈ। ਇਸ ਮੌਕੇ ਗੁਰਤਾਜ ਸਿੰਘ ਸੰਧੂ, ਰਣਜੋਧ ਸਿੰਘ ਵਿਰਕ, ਗੁਰਮੀਤ ਸਿੰਘ ਢੰਡਾ, ਮਨਜੀਤ ਸਿੰਘ ਦਰਸਨ ਮਜੋਲੀ, ਇੰਦਰਜੀਤ ਸਿੰਘ ਸਿਆਲੂ, ਨਿਸ਼ਾਨ ਸਿੰਘ ਸੰਧੂ, ਡਿੰਪਲ ਸੁਹਰੋ, ਚਰਨਜੀਤ ਸਿੰਘ, ਗੁਰਨਾਮ ਸਿੰਘ, ਲਾਲਾ ਸੰਧਾਰਸੀ, ਦਮਨਪ੍ਰੀਤ ਸਿੰਘ ਖੇੜੀ, ਰਛਪਾਲ ਸਿੰਘ,ਪਿੰਦਰ ਬਘੋਰਾ, ਰੋਡੀ ਗੁਰਨਾ ਖੇੜੀ, ਗੁਰਪ੍ਰੀਤ ਸਿੰਘ ਢਿਲੋਂ, ਵਰਿੰਦਰ ਲੋਚਮਾ, ਐਡਵੋਕੇਟ ਪਰਮਵੀਰ ਸਿੰਘ, ਸੰਦੀਪ ਜਰੀਕਪੁਰ, ਸਤਨਾਮ ਸਿੰਘ ਹਰਪਾਲਾ, ਸਰਬਾ ਨਰੜੂ, ਮਨਦੀਪ ਸਿੰਘ ਢਿੱਲੋਂ, ਸਮੇਤ ਵੱਡੀ ਗਿਣਤੀ ਵਿਚ ਸਾਬਕਾ ਖਿਡਾਰੀ ਪੰਚ ਸਰਪੰਚ ਅਤੇ ਹਲਕਾ ਨਿਵਾਸੀ ਮੌਜੂਦ ਸਨ।

# ਏ.ਡੀ.ਸੀ ਵੱਲੋਂ ਡੇਂਗੂ ਤੇ ਚਿਕਨਗੁਨੀਆਂ ਦੀ ਰੋਕਥਾਮ ਲਈ ਫੋਗਿੰਗ 'ਚ ਤੇਜੀ ਲਿਆਉਣ ਦੇ ਦਿੱਤੇ ਆਦੇਸ਼



**ਮਲੇਰਕੋਟਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਕਿਹਾ ਕਿ ਸ਼ਹਿਰ ਵਿੱਚ ਮੱਛਰਾਂ ਦੇ ਵੱਧ ਜਾਣ ਕਾਰਨ ਡੇਂਗੂ ਤੇ ਚਿਕਨਗੁਨੀਆ ਬੁਖਾਰ ਦੇ ਕੇਸ ਵਧ ਰਹੇ ਹਨ ਜਿਸ ਦੀ ਰੋਕਥਾਮ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ ਫਾਗਿੰਗ ਵਿੱਚ ਕੋਈ ਕਸਰ ਨਾ ਛੱਡੀ ਜਾਵੇ । ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਸਜੀਲਾ ਖਾਨ,ਐਪੀਡਿਮੋਲੋਜਿਸਟ ਡਾ ਮੁਨੀਰ, ਕਾਰਜ ਸਾਧਕ ਅਫ਼ਸਰ ਅਪਰਅਪਾਰ ਸਿੰਘ, ਕਾਰਜ ਸਾਧਕ ਅਫ਼ਸਰ ਵਿਕਾਸ ਉਪਲ, ਏ.ਪੀ.ਓ ਅਮਰਜੀਤ ਸਿੰਘ ਤੋਂ ਇਲਾਵਾ ਪੰਚਾਇਤੀ ਰਾਜ ਅਤੇ ਸਿੱਖਿਆ ਵਿਭਾਗ ਦੇ ਨੁਮਾਇੰਦੇ ਮੌਜੂਦ ਸਨ । ਇਸ ਮੌਕੇ ਏ.ਡੀ.ਸੀ. ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਡੇਂਗੂ ਤੇ ਚਿਕਨਗੁਨੀਆਂ ਦੀ ਰੋਕਥਾਮ ਲਈ ਮੱਛਰ ਪੈਦਾ ਹੋਣ ਵਾਲੇ ਫੋਗਿੰਗ 'ਚ ਤੇਜੀ ਲਿਆਉਣ ਦੇ ਆਦੇਸ਼ ਦਿੱਤੇ ਹਨ । ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮੁੱਖ ਮੰਤਰੀ ਪੰਜਾਬ ਦੀਆਂ ਹਦਾਇਤਾ ਅਨੁਸਾਰ ਸਿਹਤ ਵਿਭਾਗ ਨਾਲ ਮਿਲਕੇ ਡੇਂਗੂ ਵਿਰੁੱਧ ਮੁਹਿੰਮ ਚਲਾਈ ਗਈ ਹੈ ਤਾਂ ਜੋ ਆਮ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾ ਸਕੇ ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਅਤੇ ਜਾਗਰੂਕਤਾ ਨਾਲ ਇਸ ਤੇ ਕੰਟਰੋਲ ਸੰਭਵ ਹੈ। ਡੇਂਗੂ ਵਿਰੁੱਧ ਜਾਗਰੂਕ ਕਰਦਿਆਂ ਕਿਹਾ ਕਿ ਡੇਂਗੂ ਮੱਛਰ ਦੇ ਪਨਪਣ ਤੋਂ ਪਹਿਲਾਂ ਹੀ ਇਸ ਨੂੰ ਰੋਕਣ ਲਈ ਲੋਕ ਸਹਿਯੋਗ ਕਰਨ ਅਤੇ ਆਪਣੇ ਘਰਾਂ ਸਮੇਤ ਆਲੇ-ਦੁਆਲੇ ਵਿੱਚ ਸਾਫ਼ ਪਾਣੀ ਦੇ ਸਰੋਤ ਦੀ ਨਿਯਮਤ ਸਫ਼ਾਈ ਕਰਨ ਤਾਂ ਕਿ ਡੇਂਗੂ ਮੱਛਰ ਦਾ ਲਾਰਵਾ ਨਾ ਪਨਪ ਸਕੇ।

ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਜਿਹੇ ਖੇਤਰਾਂ, ਜਿੱਥੇ ਪਿਛਲੇ ਸਾਲ ਡੇਂਗੂ ਦੇ ਮਾਮਲੇ ਸਾਹਮਣੇ ਆਏ ਸਨ ਅਤੇ ਇਸ ਵਾਰ ਵੀ ਡੇਂਗੂ ਫੈਲਣ ਦਾ ਖ਼ਤਰਾ ਹੈ, ਵਿਖੇ ਡੇਂਗੂ ਮੱਛਰ ਦੀ ਪੈਦਾਵਾਰ ਰੋਕਣ ਲਈ ਖੜ੍ਹੇ ਪਾਣੀ 'ਚ ਤੇਲ ਤੇ ਮੱਛਰ ਮਾਰ ਦਵਾਈ ਦਾ ਛਿੜਕਾਅ ਕੀਤਾ ਜਾਵੇ ਅਤੇ ਫਾਗਿੰਗ ਵੀ ਕੀਤੀ ਜਾਵੇ ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਜਿਹੜੇ ਘਰਾਂ ਵਿੱਚ ਡੇਂਗੂ ਮੱਛਰ ਦਾ ਲਾਰਵਾ ਮਿਲਦਾ ਹੈ, ਉਸਦਾ ਚਲਾਨ ਜਰੂਰ ਕੱਟਿਆ ਜਾਵੇ, ਅਤੇ ਜਿਹੜੇ ਲੋਕ ਚਲਾਨ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਉਨ੍ਹਾਂ ਖਿਲਾਫ ਸ਼ਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ । ਉਨ੍ਹਾਂ ਕਿਹਾ ਕਿ ਡੇਂਗੂ ਮੱਛਰ ਦੀ ਪੈਦਾਵਾਰ ਆਮ ਲੋਕਾਂ ਦੇ ਸਾਂਝੇ ਹੰਭਲੇ ਨਾਲ ਹੀ ਰੋਕੀ ਜਾ ਸਕਦੀ ਹੈ, ਇਸ ਲਈ ਆਮ ਲੋਕ ਆਪਣੇ ਘਰਾਂ ਦੇ ਅੰਦਰ, ਕੂਲਰਾਂ, ਫਰਿੱਜਾਂ ਦੀਆਂ ਟ੍ਰੇਆਂ, ਗਮਲਿਆਂ ਅਤੇ ਆਲੇ ਦੁਆਲੇ ਖੜ੍ਹੇ ਪਾਣੀ ਅਤੇ ਡੇਂਗੂ ਮੱਛਰ ਦੀ ਪੈਦਾਇਸ਼ ਦੇ ਸਰੋਤ ਨੂੰ ਤੁਰੰਤ ਖ਼ਤਮ ਕਰਨ ।

# ਫੀਲਖਾਨਾ ਸਕੂਲ ਵਲੋਂ ਬਾਲਾ ਜੀ, ਖਾਟੂ ਸ਼ਾਮ ਦਾ ਦੌਰਾ




**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

)ਸਟੇਟ ਅਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਜੀ ਦੀ ਗਤੀਸ਼ੀਲ ਅਗਵਾਈ ਦੇ ਵਿੱਚ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਦੇ ਵਿਦਿਆਰਥੀਆਂ ਨੂੰ ਬਾਲਾ ਜੀ ,ਖਾਟੂ ਸ਼ਾਮ ਜੈਪੁਰ ਦੇ ਵਿਦਿਅਕ ਦੌਰੇ ਤੇ ਪ੍ਰਿੰਸੀਪਲ ਗੁਪਤਾ ਜੀ ਵੱਲੋਂ ਹਰੀ ਝੰਡੀ ਦੇ ਕੇ,ਰਵਾਨਾ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਜੀ ਨੇ ਮਾਂਪਿਆਂ , ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਅਕ ਦੌਰੇ, ਵਿਦਿਆਰਥੀਆਂ ਵਿੱਚ ਨਵੀਂ ਊਰਜਾ , ਦੇਸ਼ ਦੇ ਵੱਖ-ਵੱਖ ਹਿੱਸਿਆਂ ਨੂੰ ਜਾਨਣ ਦਾ ਉਥੋਂ ਦੇ ਸੱਭਿਆਚਾਰ ,ਉਥੋਂ ਦੇ ਖਾਣ ਪੀਣ ਤੇ ਰਹਿਣ ਸਹਿਣ ਦਾ ਆਨੰਦ ਮਾਨਣ ਦਾ ਮੌਕਾ ਪ੍ਰਦਾਨ ਕਰਦੇ ਹਨ। ਉਹਨਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਤੇ ਨਿਰਦੇਸ਼ਾਂ ਤਹਿਤ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਾਲ ਦੇ ਵਿੱਚ ਚਾਰ ਤੋਂ ਛੇ ਵਿਦਿਅਕ ਦੌਰੇ ਕਰਵਾਏ ਜਾਂਦੇ ਹਨ, ਇਹਨਾਂ ਦੌਰਿਆਂ ਦੇ ਵਿੱਚ ਜਿੱਥੇ ਵੱਖ ਵੱਖ ਫੈਕਟਰੀਆਂ ,ਪ੍ਰਬੰਧਕੀ ਅਦਾਰਿਆਂ ਅਤੇ ਪ੍ਰੋਫੈਸ਼ਨਲ ਕਾਲਜਾਂ ਆਦਿ ਦੇ ਦੌਰੇ ਕਰਵਾਈ ਜਾਂਦੇ ਹਨ, ਉਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਦੌਰੇ ਵੀ ਕਰਵਾਏ ਜਾ ਰਹੇ ਹਨ, ਇਸ ਮੌਕੇ ਮਾਪਿਆਂ ਨੇ ਪ੍ਰਿੰਸੀਪਲ ਅਤੇ ਸਟਾਫ਼ ਦਾ ਧੰਨਵਾਦ ਕੀਤਾ, ਟੂਰ ਇੰਚਾਰਜ ਸ੍ਰੀ ਮਨੋਜ ਥਾਪਰ ਨੇ ਪ੍ਰਿੰਸੀਪਲ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਉਹਨਾਂ ਨੇ ਸਰਕਾਰੀ ਪ੍ਰਵਾਨਗੀ ਲੈ ਕੇ ਇਸ ਵਿਦਿਅਕ ਦੌਰੇ ਦਾ ਆਯੋਜਨ ਕੀਤਾ ਹੈ। ਇਸ ਵਿਦਿਅਕ ਦੌਰੇ ਨੂੰ ਸਫਲ ਬਣਾਉਣ ਲਈ ਸੀ. ਲੈਕਚਰਾਰ ਮੈਡਮ ਬਲਵਿੰਦਰ ਕੌਰ, ਲੈਕਚਰਾਰ ਹਰਪ੍ਰੀਤ ਤੇ ਮੈਡਮ ਕਰਮਜੀਤ ਕੌਰ ਵਿਸ਼ੇਸ਼ ਤੌਰ ਤੇ ਵਿਦਿਆਰਥੀਆਂ ਦੀ ਅਗਵਾਈ ਕੀਤੀ। ਇਸ ਵਿਦਿਅਕ ਦੌਰੇ ਦੌਰਾਨ ਵਿਦਿਆਰਥੀ ਨੇ ਸਾਲਾਸਰ ਵਿਖੇ ਬਾਲਾ ਜੀ ਤੇ ਖਾਟੂ ਵਿਖੇ ਬਰਬਰੀਕ ਭਾਵ ਸ਼ਿਆਮ ਬਾਬਾ ਜੀ ਦੇ ਦਰਸ਼ਨ ਕੀਤੇ, ਜੈਪੁਰ ਦੇ ਵੱਖ ਵੱਖ ਇਤਿਹਾਸਿਕ ਥਾਂਵਾਂ ਜਿਵੇਂ ਕਿ ਐਲਬਰਟ ਮਿਊਜ਼ੀਅਮ ਹਾਲ, ਹਵਾ ਮਹਿਲ ,ਜਲ ਮਹਿਲ , ਜੈਪੁਰ ਦੇ ਗੁਲਾਬੀ ਸ਼ਹਿਰ, ਸਿਸੋਦੀਆ ਰਾਣੀ ਬਾਗ , ਪੰਨਾ ਮੀਨਾ ਦੀ ਦੀ ਬਾਵੜੀ , *ਯੂਨੇਸਕੋ ਦੀ ਵਿਸ਼ਵ ਧਰੋਹਰ ਤੇ ਰਾਜਪੂਤਾਨਾ ਦੀ ਸ਼ਾਨ ਦੇ ਪ੍ਰਤੀਕ ਆਮੇਰ ਕਿਲੇ ਦਾ ਆਨੰਦ ਮਾਣਿਆ*। ਟੂਰ ਦੌਰਾਨ ਸਟਾਫ ਤੇ ਵਿਦਿਆਰਥੀਆਂ ਨੇ ਰਾਜਸਥਾਨ ਦੇ ਖਾਣ ਪੀਣ , ਪੰਰਪਾਰਿਕ ਕੱਪੜੇ ਪਹਿਨਣ ਰਹਿਣ ਸਹਿਣ, ਪ੍ਰਸਿੱਧ ਲਾਖ ਦੀ ਚੂੜੀਆਂ, ਸੰਗਮਰਮਰ ਦੇ ਪੱਥਰ ਦੀ ਮੂਰਤੀ ਕਲਾ, ਹੱਥ ਨਾਲ ਬੁਣਤੀ ਊਠ ਦੇ ਚਮੜੇ (ਕੁਦਰਤੀ ਮੌਤ ਤੋਂ ਬਾਅਦ) ਦੀ ਜੁੱਤੀਆਂ ਪਰਸ ਤੇ ਜੈਕਟਾਂ ਦੀ ਦੁਕਾਨਾਂ/ ਫੈਕਟਰੀਆਂ ਵੀ ਵੇਖੀਆਂ ।

## ਜਿਨ ਪਰ ਕਿਰਪਾ ਰਾਮ ਕਰੇ ਵੋ ਪੱਥਰ ਭੀ ਤਰ ਜਾਤੇ ਹੈਂ : ਸਾਧਵੀ ਈਸ਼ਵਰਪ੍ਰੀਤਾ ਭਾਰਤੀ



**ਸੁਨਾਮ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਅਤੇ ਸੁਨਾਮ ਸ਼ਹਿਰ ਦੀਆਂ ਸਮੂਹ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਭਗਵਾਨ ਸ਼੍ਰੀ ਰਾਮ ਦੀ ਕਥਾ ਦੇ ਕੀਤੇ ਜਾ ਰਹੇ ਆਯੋਜਨ ਤਹਿਤ ਅੱਜ ਦੀ ਸੰਧਿਆ ਫੇਰੀ ਦੀ ਸ਼ੁਰੂਆਤ ਸ਼੍ਰੀ ਸ਼ਿਵ ਮੰਦਰ ਮੁਹੱਲਾ ਮਜ਼ੌਰਾਂ ਵਾਲਾ ਸੁਨਾਮ ਤੋਂ ਹੋਈ, ਜਿਸਦੀ ਸ਼ੁਰੂਆਤ ਪੁਜਾਰੀ ਜਨਕ ਰਾਜ ਸ਼ਰਮਾ, ਪ੍ਰਧਾਨ ਰਤਨ ਚੰਦ ਗੋਇਲ, ਸਕੱਤਰ ਪਵਨ ਕੁਮਾਰ ਗੋਇਲ, ਸੰਜੀਵ ਮੋਦਗਿੱਲ, ਰਵਿੰਦਰ ਮੋਦਗਿੱਲ, ਬਲਜਿੰਦਰ ਗੋਇਲ, ਡਾ. ਕ੍ਰਿਸ਼ਨ ਲਾਲ, ਬਬਲੂ ਕੁਮਾਰ, ਰਿੰਕੂ ਕੁਮਾਰ, ਲਕਸ਼ੈ ਸਿੰਗਲਾ, ਸੰਤ ਸਮਾਜ ਵੱਲੋਂ ਭਗਵਾਨ ਦੀ ਪੂਜਾ ਅਰਚਨਾ ਕਰਕੇ ਅਤੇ ਨਾਰੀਅਲ ਤੋੜ ਕੇ ਕੀਤੀ ਗਈ। ਇਸ ਦੌਰਾਨ ਇਕੱਠੀਆਂ ਹੋਈਆਂ ਸੰਗਤਾਂ ਨੇ ਮਿੱਠੀਆਂ ਆਵਾਜ਼ਾਂ ਵਿੱਚ ਪ੍ਰਭੂ ਦਾ ਗੁਣਗਾਨ ਕੀਤਾ। ਇਸ ਦੌਰਾਨ ਸੰਸਥਾਨ ਦੀ ਪ੍ਰਵਕਤਾ ਸਾਧਵੀ ਈਸ਼ਵਰਪ੍ਰੀਤਾ ਭਾਰਤੀ ਨੇ ਦੱਸਿਆ ਕਿ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਅਤੇ ਸੁਨਾਮ ਸ਼ਹਿਰ ਦੀਆਂ ਸਮੂਹ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਭਗਵਾਨ ਸ਼੍ਰੀ ਰਾਮ ਜੀ ਦੀ ਕਥਾ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਇਲਾਕੇ ਦੀਆਂ ਸੰਗਤਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਕਥਾ ਦੇ ਸੰਬੰਧ ਵਿੱਚ ਕੱਢੀਆਂ ਜਾ ਰਹੀਆਂ ਸੰਧਿਆ ਫੇਰੀਆਂ ਵਿੱਚ ਵੱਡੀ ਗਿਣਤੀ ਸ਼ਰਧਾਲੂ ਅਤੇ ਆਮ ਲੋਕ ਵੀ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਉਹਨਾਂ ਕਿਹਾ ਕਿ ਥਾਂ-ਥਾਂ ਤੇ ਇਹਨਾਂ ਸੰਧਿਆ ਫੇਰੀਆਂ ਦਾ ਲੋਕਾਂ ਵੱਲੋਂ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਇਕੱਠੀਆਂ ਹੋਈਆਂ ਸੰਗਤਾਂ ਨੇ ਰਾਮ ਨਾਮ ਆਧਾਰ ਜਿਨਹੇ ਵੋ ਜਲ ਮੇਂ ਰਾਹ ਬਨਾਤੇ ਹੈ, ਜਿਨ ਪਰ ਕਿਰਪਾ ਕਰੇਂ ਵੋ ਪੱਥਰ ਵੀ ਤਰ ਜਾਤੇ ਹੈ ਦਾ ਭਜਨ ਗਾਇਨ ਕੀਤਾ।

# ਟੋਲ ਪਲਾਜਾ ਵਰਕਰਜ ਯੂਨੀਅਨ ਘੱਟ ਤਨਖਾਹ ਮਿਲਣ ਕਰਕੇ ਕੀਤੀ ਨਾਰੇਬਾਜੀ ਲਗਾਇਆ ਧਰਨਾ



**ਬਰਨਾਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਲ ਪਲਾਜਾ ਵਰਕਰਜ ਯੂਨੀਅਨ ਪੰਜਾਬ ਨੇ ਤਨਖਾਹ ਤੇ ਬਣਦਾ ਭੱਤੇ ਨਾ ਦੇਣ ਤੇ ਬਡਬਰ ਟੋਲ ਪਲਾਜਾ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸਮਰਥਨ ਨਾਲ ਕੰਪਨੀਆਂ ਤੇ ਸਰਕਾਰਾਂ ਖਿਲਾਫ ਕੀਤੀ ਜੰਮ ਕੇ ਨਾਅਰੇਬਾਜੀ ਕੀਤੀ। ਹਜਾਰਾਂ ਦੀ ਤਾਦਾਦ 'ਚ ਪੁੱਜੇ ਪੰਜਾਬ ਤੇ 45 ਟੋਲ ਪਲਾਜਿਆਂ ਦੇ ਸੂਬਾ ਪ੍ਰਧਾਨ ਦਰਸਨ ਸਿੰਘ ਲਾਡੀ ਢੈਂਠਲ,ਸੂਬਾ ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ ਪੈਂਦ,ਸੂਬਾ ਜਰਨਲ ਸਕੱਤਰ ਰਾਜਵੰਤ ਸਿੰਘ ਤਰਨਤਾਰਨ, ਗੁਰਬਾਜ ਸਿੰਘ, ਭੁਪਿੰਦਰ ਕੌਰ ਜੀਦਾ,ਭਗਵੰਤ ਸਿੰਘ ਲਾਡੋਵਾਲ ਨੇ ਕਿਹਾ ਕੰਪਨੀਆਂ ਜਾਣ ਬੁੱਝ ਕੇ ਕਰਮਚਾਰੀਆਂ ਨੂੰ ਪ੍ਰੇਸਾਨ ਕਰ ਰਹੀਆਂ ਹਨ ਤੇ ਦੂਸਰੇ ਸੂਬਿਆਂ ਚੋਂ ਲਿਆ ਕੇ ਮੁਲਾਜਮ ਰੱਖ ਰਹੀਆਂ ਹਨ, ਸਾਡੀਆਂ ਤਨਖਾਂਹਾਂ ਰੋਕ ਰੱਖੀਆਂ ਹਨ, ਸਾਨੂੰ ਪਰਿਵਾਰ ਪਾਲਣੇ ਔਖੇ ਹੋ ਰਹੇ ਹਨ ਜਦੋਂ ਕਿ ਟੋਲ ਪਲਾਜੇ ਪੰਜਾਬ ਦੇ ਕਿਸਾਨਾਂ ਦੀਆਂ ਜਮੀਨਾਂ ਤੇ ਲੱਗੇ ਹੋਏ ਹਨ ਇਹਨਾਂ ਆਪਣੀਆਂ ਮੰਗਾਂ ਮੰਨਣ ਦੀ ਅਪੀਲ ਕਰਦਿਆਂ ਕਿਹਾ ਕਿ ਟੋਲ ਪਲਾਜਾ ਵਰਕਰਜ ਯੂਨੀਅਨ ਦੇ ਟੋਲ ਕਰਮਚਾਰੀਆ ਦੀਆ ਤਨਖਾਹ ਰੈਗੂਲਰ ਦਿੱਤੀਆ ਜਾਣ, ਟੋਲ ਕਰਮਚਾਰੀਆ ਦਾ ਬਣਦਾ ਦੀਵਾਲੀ ਬੋਨਸ ਦਿੱਤਾ ਜਾਵੇ, ਟੋਲ ਤੇ ਨੈਸਨਲ ਹਾਈਵੇਅ ਅਥਾਰਟੀ ਦੇ ਅਧੀਨ ਮੈਨਪਾਵਰ ਪੂਰੀ ਕੀਤੀ ਜਾਵੇ ,ਨੈਸਨਲ ਹਾਈਵੇਅ ਅਥਾਰਟੀ ਸੈਂਟਰ ਦਾ ਪ੍ਰੋਜੈਕਟ ਹੈ ਤਾਂ ਟੋਲ ਕਰਮਚਾਰੀਆ ਨੂੰ ਪੱਕੇ ਨਿਯੁਕਤੀ ਪੱਤਰ ਦਿੱਤੇ ਜਾਣ, ਸਿਫਟ ਇੰਚਾਰਜ ਦੀ ਤਨਖਾਹ ਘਟੋ ਘੱਟ 90 ਹਾਜਰ ਤੇ ਸੁਪਰਵਾਈਜਰ ਦੀ ਤਨਖਾਹ 85 ਹਜਾਰ ਅਤੇ ਟੋਲ ਕਲੈਕਟਰ ਅਤੇ ਹੋਰ ਕਰਮਚਾਰੀ ਯੌ ਸਕਿੱਲ ਵਿੱਚ ਆਉਦੇ ਸਮੂਹ ਮੁਲਾਜਮਾਂ ਦੀ 80 ਹਾਜਰ ਤਨਖਾਹ,ਸਫਾਈ ਸੇਵਕ ਦੀ 50 ਹਾਜਰ ਤਨਖਾਹ, ਸਾਰੇ ਮੁਲਾਜਮਾਂ ਨੂੰ ਮਾਣ ਭੱਤੇ ਸੈਂਟਰਲ ਮਿਨੀਮਮ ਵੇਜਿਜ ਦੇ ਅਧੀਨ ਦਿੱਤੇ ਜਾਣ, ਨੈਸਨਲ ਫੈਸਟੀਵਲ ਤੇ ਗਜਟਿਡ ਦੇ ਅਧੀਨ ਛੁੱਟੀਆ ਦਿੱਤੀਆ ਜਾਣ । ਸੂਬਾ ਕਮੇਟੀ ਸੂਬਾ ਪ੍ਰਧਾਨ ਦਰਸਨ ਸਿੰਘ ਲਾਡੀ , ਸੂਬਾ ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ, ਜਨਰਲ ਸਕੱਤਰ ਰਾਜਵੰਤ ਸਿੰਘ, ਮੀਤ ਪ੍ਰਧਾਨ ਹਰਪ੍ਰੀਤ ਕੌਰ, ਸਲਾਹਕਾਰ ਜੈਸਮੀਨ ਕੌਰ,ਮੀਤ ਖਜਾਨਚੀ ਅਮਨਦੀਪ ਸਿੰਘ ਸਹਾਇਕ ਖਜਾਨਚੀ ਰਾਜਿੰਦਰ ਸਿੰਘ, ਪ੍ਰੈਸ ਸਕੱਤਰ ਅੰਮਿਰਤ ਸਿੰਘ, ਮੀਤ ਪ੍ਰੈਸ ਸਕੱਤਰ ਜਸਪ੍ਰੀਤ ਸਿੰਘ ਸਕੱਤਰ ਬਚਿੱਤਰ ਸਿੰਘ ਮੀਤ ਸਕੱਤਰ ਭੁਪਿੰਦਰ ਕੌਰ, ਪ੍ਰਚਾਰ ਸਕੱਤਰ ਰਾਜਦੀਪ ਸਿੰਘ ਲਹਿਰਾ,ਮੀਤ ਸਲਾਹਕਾਰ ਸੁਖਵਿੰਦਰ ਸਿੰਘ ਲਾਡੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਬਲੌਰ ਸਿੰਘ ਛੰਨਾਂ, ਮਾਸਟਰ ਨਰਿੱਪਜੀਤ ਸਿੰਘ ਨਿੱਪੀ, ਜਵਾਲਾ ਸਿੰਘ ਬਡਬਰ, ਦਰਸਨ ਸਿੰਘ ਹਰੀਗੜ., ਬੂਟਾ ਸਿੰਘ ਲੌਂਗੋਵਾਲ ਨੇ ਕੰਪਨੀਆਂ ਤੇ ਠੇਕੇਦਾਰਾਂ ਨੂੰ ਸਖਤ ਚਿਤਾਵਨੀ ਦਿੱਤੀ।

# ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤਰਿਤਵਾ ਅਭਿਆਨ ਤਹਿਤ ਲਗਾਇਆ ਵਿਸ਼ੇਸ਼ ਕੈਂਪ : ਡਾ. ਦਲਜੀਤ ਕੌਰ



**ਸ੍ਰੀ ਕੀਰਤਪੁਰ ਸਾਹਿਬ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਪੀ.ਐਚ.ਸੀ ਕੀਰਤਪੁਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤਰਿਤਵਾ ਅਭਿਆਨ ਤਹਿਤ ਕੈਂਪ ਲਗਾਇਆ ਗਿਆ।

ਡਾ.ਦਲਜੀਤ ਕੌਰ ਨੇ ਦੱਸਿਆ ਕਿ ਹਰ ਮਹੀਨੇ ਦੀ 9 ਅਤੇ 23 ਤਰੀਕ ਨੂੰ ਗਰਭਵਤੀ ਮਹਿਲਾਵਾਂ ਦੀ ਜਾਂਚ ਲਈ ਮੁਫਤ ਸਿਹਤ ਜਾਂਚ ਕੈਂਪ ਲਗਾਇਆ ਜਾਂਦਾ ਹੈ, ਜਿਸ ਵਿੱਚ ਗਰਭਵਤੀ ਔਰਤ ਦੇ ਬਲੱਡ ਟੈਸਟ ਕਰਵਾ ਕੇ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਮਕਸਦ ਐਮ.ਡੀ.ਆਰ ਤੇ ਸੀ.ਡੀ.ਆਰ ਦਰ ਨੂੰ ਘੱਟ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਨਾਲ ਗਰਭਵਤੀ ਔਰਤਾਂ ਨੂੰ ਕਾਫੀ ਲਾਭ ਮਿੱਲ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ.ਅਨੂੰ ਸ਼ਰਮਾ, ਮੈਡੀਕਲ ਅਫਸਰ ਨੇ ਦੱਸਿਆ ਕਿ ਇਸ ਸਪੈਸ਼ਲ ਕੈਂਪ ਅਧੀਨ ਗਰਭਵਤੀ ਔਰਤਾਂ ਨੂੰ ਤੇ ਹਾਈ ਰਿਸਕ ਗਰਭਵਤੀ ਮਹਿਲਾਵਾਂ ਨੂੰ ਖਾਸ ਤੌਰ ਤੇ ਕਾਉਂਸਲਿੰਗ ਕੀਤੀ ਜਾਂਦੀ ਹੈ। ਇਸ ਕੈਂਪ ਵਿੱਚ ਗਰਭਵਤੀ ਮਾਵਾਂ ਦੇ ਬਲੱਡ ਟੈਸਟ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਦਾ ਪੂਰਨ ਚੈੱਕਅਪ ਕੀਤਾ ਜਾਂਦਾ ਹੈ, ਜਿਆਦਾ ਹਾਈ ਰਿਸਕ ਪਾਈਆਂ ਜਾਂਦੀਆਂ ਗਰਭਵਤੀ ਔਰਤਾਂ ਨੂੰ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਰੈਫਰ ਕੀਤਾ ਜਾਂਦਾ ਹੈ। ਗਰਭਵਤੀ ਮਾਵਾਂ ਨੂੰ ਜਣੇਪਾ ਸਰਕਾਰੀ ਸਿਹਤ ਅਦਾਰੇ ਵਿੱਚ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਚੈੱਕ ਮੈਡੀਕਲ ਸਪੈਸ਼ਲਿਸਟ ਅਤੇ ਗਾਇਨੋਕੋਲੋਜਿਸਟ ਤੋਂ ਕਰਵਾ ਕੇ ਸੰਸਥਾ ਵਿੱਚ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਸਾਰਾ ਫੋਲੋਅਪ ਕੀਤਾ ਜਾ ਸਕੇ ਤੇ ਸਬੰਧਤ ਫੀਲਡ ਸਟਾਫ ਨੂੰ ਜਾਣਕਾਰੀ ਦਿੱਤੀ ਜਾ ਸਕੇ। ਇਸ ਮੌਕੇ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਜਾਂਦੀ ਹੈ।

ਇਸ ਕੈਂਪ ਨੂੰ ਸਫਲ ਕਰਨ ਲਈ ਸੀ.ਐਚ.ਓ, ਏ.ਐਨ.ਐਮ ਅਤੇ ਆਸ਼ਾ ਵਰਕਰ ਵੱਲੋਂ ਗਰਭਵਤੀ ਔਰਤਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਉਨ੍ਹਾਂ ਦੇ ਲੋੜੀਂਦੇ ਚੈੱਕਅਪ ਕੀਤੇ ਗਏ। ਇਸ ਮੌਕੇ ਹਰਜੀਤ ਕੌਰ ਸਟਾਫ ਨਰਸ, ਆਸ਼ਾ ਵਰਕਰ ਹਾਜ਼ਰ ਸਨ।

# 22 ਏਕੜ 'ਚ ਕਾਲਾ ਢਿੱਲੋਂ ਨੇ ਕੀਤਾ ਡੋਰ-ਟੂ- ਡੋਰ ਪ੍ਰਚਾਰ, ਮਿਲਿਆ ਭਰਵਾਂ ਹੁੰਗਾਰਾ



**ਬਰਨਾਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਬਰਨਾਲਾ ਦੀ ਜ਼ਿਮਨੀ ਚੋਣ ਲਈ ਚੋਣ ਅਖ਼ਾੜਾ ਦਿਨੋਂ-ਦਿਨ ਭੱਖਦਾ ਜਾ ਰਿਹਾ ਹੈ। ਜਿਸ 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੂੰ ਹਲਕੇ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕਾਲਾ ਢਿੱਲੋਂ ਵਲੋਂ ਜਿੱਥੇ ਵੱਖ-ਵੱਖ ਪਿੰਡਾਂ 'ਚ ਚੋਣ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਡੋਰ-ਟੂ-ਡੋਰ ਕੀਤੇ ਜਾ ਰਹੇ ਚੋਣ ਪ੍ਰਚਾਰ ਦੌਰਾਨ ਸ਼ਹਿਰ ਵਾਸੀਆਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ।

ਇਸੇ ਲੜੀ ਤਹਿਤ ਸ਼ਨਿੱਚਰਵਾਰ ਨੂੰ ਬਰਨਾਲਾ ਦੇ 22 ਏਕੜ ਖੇਤਰ 'ਚ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਡੋਰ ਟੂ ਡੋਰ ਲੋਕਾਂ ਨਾਲ ਰਾਬਤਾ ਕਾਇਮ ਕੀਤਾ, ਜਿੱਥੇ ਲੋਕਾਂ ਨੇ ਪੂਰੀ ਤਨਦੇਹੀ ਨਾਲ ਕਾਂਗਰਸ ਪਾਰਟੀ ਦਾ ਸਮਰਥਨ ਕਰਨ ਦਾ ਭਰੋਸਾ ਦਿੱਤਾ। ਲੋਕਾਂ ਦੇ ਮਿਲ ਰਹੇ ਭਰਪੂਰ ਹੁੰਗਾਰੇ ਲਈ ਸਮੂਹ ਇਲਾਕਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਾਲਾ ਢਿੱਲੋਂ ਨੇ ਕਿਹਾ ਕਿ ਮੈਂ ਤੁਹਾਡੇ ਵਿਸ਼ਵਾਸ 'ਤੇ ਖਰਾ ਉਤਰਨ ਲਈ ਦਿਨ ਰਾਤ ਇੱਕ ਕਰ ਦਿਆਂਗਾ।

# ਨੈਸ਼ਨਲ ਮਿਸ਼ਨ ਹੈਲਥ ਕਾਮਿਆਂ ਨੇ ਕੀਤੀ ਬਰਨਾਲਾ ਵਿਖੇ ਸੂਬਾ ਪੱਧਰੀ ਰੈਲੀ



**ਬਰਨਾਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਐਚ ਐਮ ਨੈਸ਼ਨਲ ਹੈਲਥ ਮਿਸ਼ਨ ਦੇ ਕਾਮਿਆਂ ਵੱਲੋਂ ਬਰਨਾਲਾ ਵਿਖੇ ਸੂਬਾ ਪੱਧਰੀ ਰੈਲੀ ਦਾ ਆਯੋਜਨ ਕੀਤਾ ਗਿਆ। ਵਧੇਰੇ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰਧਾਨ ਡਾਕਟਰ ਵਾਹਿਦ ਨੇ ਦੱਸਿਆ ਕਿ ਪਿਛਲੇ 15 ਸਾਲਾਂ ਤੋਂ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਕਾਮੇ ਸਰਕਾਰਾਂ ਦੇ ਮੂੰਹ ਵੱਲ ਤੱਕ ਰਹੇ ਹਨ ਕਿ ਕਦੋਂ ਇਹ ਸਰਕਾਰਾਂ ਉਹਨਾਂ ਨੂੰ ਆਪਣਾ ਮੁਲਾਜ਼ਮ ਮੰਨਣਗੀਆਂ ਅਤੇ ਕਦੋਂ ਉਹਨਾਂ ਨੂੰ ਉਹਨਾਂ ਦੇ ਬਣਦੇ ਹੱਕ ਮਿਲਣਗੇ।

ਮੁਲਾਜ਼ਮਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਤੱਕ ਕਦੀ ਵੀ ਇੰਝ ਨਹੀਂ ਹੋਇਆ ਕਿ ਕਾਮਿਆਂ ਨੂੰ ਸਲਾਨਾ ਵਾਧਾ ਨਾ ਮਿਲਿਆ ਹੋਵੇ ਪਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅੱਜ ਤੱਕ ਦੀਆ ਬਣੀਆਂ ਸਰਕਾਰਾਂ ਦੇ ਸਾਰੇ ਰਿਕਾਰਡ ਤੋੜਦੇ ਹੋਏ ਜਿੱਥੇ ਆਪਣੇ ਵਾਅਦਿਆਂ ਤੋਂ ਚਿੱਟਾ ਮੁੱਕਰਦੇ ਹੋਏ ਨਜ਼ਰ ਆਏ ਉੱਥੇ ਹੀ ਸਲਾਨਾ ਵਾਧੇ ਤੋਂ ਵੀ ਮੁੱਕਰ ਗਏ। ਉਹਨਾਂ ਨੇ ਕਿਹਾ ਕਿ 9000 ਤੋਂ ਜਿਆਦਾ ਕੱਚੇ ਕਾਮੇ ਨਿਗੂਣੀਆਂ ਤਨਖਾਹਾਂ ਮਾਣ ਭੱਤੇ ਆਦ ਤੋਂ ਵਾਂਝੇ ਰਹਿ ਰਹੇ ਹਨ। ਸਰਕਾਰਾਂ ਵੱਲੋਂ ਭਾਵੇਂ ਸਿਹਤ ਸਹੂਲਤਾਂ ਦੇ ਨਾਮ ਤੇ ਅੱਜ ਤੱਕ ਵੋਟਾਂ ਅਤੇ ਵਾਹ ਵਾਹ ਬਟੋਰੀ ਗਈ ਹੋਵੇ ਪਰੰਤੂ ਇਹ ਸਿਹਤ ਕਾਮਿਆਂ ਦੀ ਜਮੀਨੀ ਪੱਧਰ ਦੀ ਹਾਲਤ ਸਰਕਾਰ ਨੇ ਕਿੰਨੀ ਭੈੜੀ ਕਰ ਦਿੱਤੀ ਹੈ ਇਸ ਦਾ ਅੰਦਾਜ਼ਾ ਲਾਉਣਾ ਵੀ ਅੱਜ ਮੁਸ਼ਕਿਲ ਹੋਇਆ ਪਿਆ ਹੈ।

**ਸਰਕਾਰ ਨੂੰ ਵੋਟਾਂ ਚ ਮਿਲੇਗਾ ਧੱਕੇਸ਼ਾਹੀ ਦਾ ਜਵਾਬ - ਸੰਦੀਪ ਕੌਰ**

ਵਧੇਰੇ ਜਾਣਕਾਰੀ ਦਿੰਦੇ ਹੋਏ ਸੰਦੀਪ ਕੌਰ ਬਰਨਾਲਾ ਨੇ ਦੱਸਿਆ ਕਿ ਸਰਕਾਰ ਵੱਲੋਂ ਕਿਸ ਤਰ੍ਹਾਂ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਉਹਨਾਂ ਦੇ ਬਣਦੇ ਹੱਕ ਦੱਬੇ ਜਾ ਰਹੇ ਹਨ। ਸਰਕਾਰ ਦੇ ਝੂਠੇ ਲਾਰਿਆਂ ਤੋਂ ਤੰਗ ਆ ਚੁੱਕੇ ਕੱਚੇ ਮੁਲਾਜ਼ਮਾ ਵੱਲੋਂ ਸਰਕਾਰ ਨੂੰ ਵੋਟਾਂ ਤੋਂ ਪਹਿਲਾਂ ਉਹਨਾਂ ਦੇ ਬਣਦੇ ਹੱਕੀ ਮੰਗਾਂ ਦਾ ਨਿਪਟਾਰਾ ਨਾ ਕਰਨ ਤੇ ਜਿਮਣੀ ਚੋਣਾਂ ਚ ਮੁਲਾਜ਼ਮਾ ਵੱਲੋਂ ਅਪਣਾਇਆ ਗਿਆ ਰੁੱਖ ਵੀ ਸਾਫ ਨਜ਼ਰ ਆ ਜਾਵੇਗਾ। ਉਹਨਾਂ ਨੇ ਕਿਹਾ ਕਿ ਕੱਚੇ ਕਾਮਿਆਂ ਵੱਲੋਂ ਕਰੋਨਾ ਕਾਲ ਚ ਆਪਣੀ ਜਾਨਾਂ ਦੀ ਬਿਨਾਂ ਪਰਵਾਹ ਕੀਤੇ ਤਨਦੇਹੀ ਨਾਲ ਕੰਮ ਕੀਤਾ ਗਿਆ। ਪਰੰਤੂ ਸਰਕਾਰ ਵੱਲੋਂ ਉਹਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਸਿਹਤ ਬੀਮੇ ਤੱਕ ਦੀ ਸਹੂਲਤ ਮੁਹਈਆ ਨਹੀਂ ਕਰਵਾਈ ਗਈ।

# ਡੀ.ਏ.ਪੀ. ਖਾਦ ਦੀ ਜਮ੍ਹਾਖੋਰੀ ਤੇ ਕਾਲਾਬਾਜ਼ਾਰੀ 'ਤੇ ਪ੍ਰਸ਼ਾਸਨ ਦੀ ਤਿੱਖੀ ਨਜ਼ਰ

## ਡਿਪਟੀ ਕਮਿਸ਼ਨਰ ਵੱਲੋਂ ਐਸ.ਡੀ.ਐਜ਼ ਤੇ ਖੇਤੀਬਾੜੀ ਅਧਿਕਾਰੀਆਂ ਨੂੰ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕਰਨ ਦੀ ਹਦਾਇਤ

**ਪਟਿਆਲਾ, 12 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਲਈ ਡੀ.ਏ.ਪੀ. ਖਾਦ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਵਿਚਲੇ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕਰਨ ਦੀਆਂ ਹਦਾਇਤਾਂ ਕਰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਖਾਦ ਵਿਕਰੇਤਾ ਡੀ.ਏ.ਪੀ. ਖਾਦ ਦਾ ਭੰਡਾਰਨ ਨਾ ਕਰੇ ਅਤੇ ਕਿਸਾਨਾਂ ਨੂੰ ਖਾਦ ਲਈ ਕੋਈ ਮੁਸ਼ਕਲ ਪੇਸ਼ ਨਾ ਆਵੇ। ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਕਿਹਾ ਕਿ ਉਹ ਖੁਦ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਜਾਂਚ ਕਰਨ ਲਈ ਅਚਨਚੇਤ ਦੌਰੇ ਕਰਨਗੇ ਅਤੇ ਸਮੂਹ ਐਸ.ਡੀ.ਐਮਜ਼ ਵੀ ਆਪਣੀ ਸਬ ਡਵੀਜ਼ਨ ਅੰਦਰ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਚੈਕਿੰਗ ਕਰਨ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਖਾਦ ਵਿਕਰੇਤਾ ਵੱਲੋਂ ਖਾਦ ਦੀ ਜਮ੍ਹਾਖੋਰੀ ਜਾ ਕਾਲਾਬਾਜ਼ਾਰੀ ਕੀਤੀ ਜਾਂਦੀ ਹੈ, ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਨੂੰ ਡੀ.ਏ.ਪੀ. ਦੇ ਬਦਲ ਵਜੋਂ ਵਰਤੀਆਂ ਜਾਣ ਵਾਲੀਆਂ 20:20:0:13, ਐਨ.ਪੀ.ਕੇ. 12:32:16, 15:15:15, 16:16: ਅਤੇ ਸੁਪਰ ਫਾਸਫੇਟ (ਸਿੰਗਲ), ਟ੍ਰਿਪਲ ਫਾਸਫੇਟ ਆਦਿ ਦੀ ਵਰਤੋਂ ਬਾਰੇ ਵੱਡੇ ਪੱਧਰ 'ਤੇ ਜਾਗਰੂਕਤਾ ਫਲਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੀਟਿੰਗਾਂ/ ਸੈਮੀਨਾਰ/ਕੈਂਪ/ਸੋਸ਼ਲ ਮੀਡੀਆ ਆਦਿ ਰਾਹੀਂ ਡੀ.ਏ.ਪੀ. ਦੇ ਬਦਲਾਂ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਬਦਲਵੇਂ ਸਰੋਤਾਂ ਦੀ ਵਰਤੋਂ ਵੀ ਕਰ ਸਕਣ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ 24 ਘੰਟੇ ਤਾਇਨਾਤ ਹੈ ਤੇ ਜੇਕਰ ਕਿਸਾਨਾਂ ਨੂੰ ਡੀ.ਏ.ਪੀ ਖਾਦ ਲੈਣ ਸਮੇਂ ਖਾਦ ਵਿਕਰੇਤਾ ਵੱਲੋਂ ਹੋਰ ਸਾਮਾਨ ਦਿੱਤਾ ਜਾਂਦਾ ਹੈ, ਮੁੱਲ ਜ਼ਿਆਦਾ ਵਸੂਲਿਆ ਜਾ ਰਿਹਾ ਹੈ ਜਾ ਫੇਰ ਖਰੀਦੇ ਸਾਮਾਨ ਦਾ ਬਿੱਲ ਨਹੀਂ ਦਿੱਤਾ ਜਾਂਦਾ ਤਾਂ ਕਿਸਾਨ ਇਸ ਦੀ ਸੂਚਨਾ ਤੁਰੰਤ ਖੇਤੀਬਾੜੀ ਵਿਭਾਗ ਨੂੰ ਦੇਣ ਤਾਂ ਜੋ ਅਜਿਹੇ ਖਾਦ ਵਿਕਰੇਤਾਵਾਂ ਖਿਲਾਫ਼ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਡੀ.ਏ.ਪੀ ਖਾਦ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਲਈ ਕਿਸਾਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਬਲਾਕ ਸਮਾਣਾ ਅਤੇ ਪਾਤੜਾਂ ਦੇ ਕਿਸਾਨ ਸਤੀਸ਼ ਕੁਮਾਰ (97589-00047), ਬਲਾਕ ਭੁਨਰਹੇੜੀ ਅਤੇ ਸਨੌਰ ਦੇ ਕਿਸਾਨ ਅਵਨਿੰਦਰ ਸਿੰਘ ਮਾਨ (80547-04471), ਬਲਾਕ ਖੇਤੀਬਾੜੀ ਅਫ਼ਸਰ ਨਾਭਾ ਦੇ ਕਿਸਾਨ ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਪਟਿਆਲਾ ਦੇ ਕਿਸਾਨ ਗੁਰਮੀਤ ਸਿੰਘ (97791-60950), ਬਲਾਕ ਰਾਜਪੁਰਾ ਦੇ ਕਿਸਾਨ ਜਪਿੰਦਰ ਸਿੰਘ (79735-74542) ਅਤੇ ਬਲਾਕ ਘਨੌਰ ਦੇ ਕਿਸਾਨ ਅਨੁਰਾਗ ਅੱਤਰੀ (97819-90390) ਨਾਲ ਡੀ.ਏ.ਪੀ ਖਾਦ ਸਬੰਧੀ ਆਪਣੀ ਸ਼ਿਕਾਇਤ ਆਦਿ ਦਰਜ਼ ਕਰਵਾਉਣ ਲਈ ਸੰਪਰਕ ਕਰ ਸਕਦੇ ਹਨ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 444443 ਮੀਟ੍ਰਿਕ ਟਨ ਫ਼ਸਲ ਦੀ ਆਮਦ, ਲਿਫਟਿੰਗ ਨਾਲੋ-ਨਾਲ ਜਾਰੀ: ਡਿਪਟੀ ਕਮਿਸ਼ਨਰ

**ਬਰਨਾਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਆਈ ਏ ਐੱਸ ਨੇ ਦੱਸਿਆ ਕਿ ਰੋਜ਼ਾਨਾ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਫ਼ਸਲ ਦੀ ਚੁਕਾਈ ਵੀ ਲਗਾਤਾਰ ਕਰਵਾਈ ਜਾ ਰਹੀ ਹੈ ਤਾਂ ਜੋ ਲਿਫਟਿੰਗ ਦੀ ਕੋਈ ਸਮੱਸਿਆ ਨਾ ਆਵੇ।

ਉਨ੍ਹਾਂ ਦੱਸਿਆ ਕਿ ਕੱਲ੍ਹ 7 ਨਵੰਬਰ ਸ਼ਾਮ ਤੱਕ ਜ਼ਿਲ੍ਹੇ ਦੀਆਂ ਵੱਖ ਵੱਖ ਮੰਡੀਆਂ ਵਿੱਚ ਕੁੱਲ 444443 ਮੀਟ੍ਰਿਕ ਟਨ ਜਿਣਸ ਦੀ ਆਮਦ ਹੋਈ, ਜਦੋਂਕਿ ਕੱਲ੍ਹ ਵਾਲੇ ਦਿਨ 35015 ਟਨ ਫ਼ਸਲ ਮੰਡੀਆਂ ਵਿੱਚ ਆਈ। ਇਸ ਵਿਚੋਂ ਕੱਲ੍ਹ 32041 ਮੀਟ੍ਰਿਕ ਟਨ, ਜਦੋਂਕਿ ਹੁਣ ਤਕ ਕੁੱਲ 370695 ਮੀਟ੍ਰਿਕ ਟਨ ਫ਼ਸਲ ਖ਼ਰੀਦੀ ਗਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਮਾਰਕਫੈੱਡ ਵਲੋਂ 99014 ਮੀਟ੍ਰਿਕ ਟਨ, ਪਨਗ੍ਰੇਨ ਵਲੋਂ 149123 ਮੀਟ੍ਰਿਕ ਟਨ, ਪਨਸਪ ਵਲੋਂ 86306 ਮੀਟ੍ਰਿਕ ਟਨ ਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 35452 ਮੀਟ੍ਰਿਕ ਟਨ ਫ਼ਸਲ ਦੀ ਖਰੀਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ 275598 ਮੀਟ੍ਰਿਕ ਟਨ ਫ਼ਸਲ ਦੀ ਲਿਫਟਿੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹੁਣ ਤਕ 753 ਕਰੋੜ ਰੁਪਏ ਦੀ ਰਾਸ਼ੀ ਕਿਸਾਨਾਂ ਨੂੰ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਪੱਧਰ 'ਤੇ ਮੰਡੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਲਿਫਟਿੰਗ ਵੀ ਨਾਲੋ ਨਾਲ ਜਾਰੀ ਹੈ।

# ਰਜਨੀਗੰਧਾ

**ਰੰਜਨੀਗੰਧਾ ਦੀ ਇਕ ਵਾਰੀ ਦੀ ਬਿਜਾਈ ਰਾਹੀਂ ਦੋ ਤੋਂ ਤਿੰਨ ਸਾਲ ਤਕ ਫ਼ਸਲ ਲਈ ਜਾ ਸਕਦੀ ਹੈ। ਕਿਸਾਨ ਇਸ ਦੇ ਫੁੱਲਾਂ ਦੀ ਕਾਸ਼ਤ ਬਦਲਵੀਂ ਫ਼ਸਲ ਵਜੋਂ ਕਰ ਕੇ ਵਧੇਰੇ ਲਾਭ ਪ੍ਰਾਪਤ ਕਰ ਸਕਦੇ ਹਨ...**

• ਡਾ. ਮਧੂ ਬਾਲਾ

ਰਜਨੀਗੰਧਾ ਇਕ ਖ਼ੁਸ਼ਬੂਦਾਰ ਫੁੱਲਾਂ ਵਾਲੀ ਫ਼ਸਲ ਹੈ। ਇਸ ਦੇ ਫੁੱਲਾਂ ਦਾ ਇਸਤੇਮਾਲ ਹਾਰ, ਗੁਲਦਸਤੇ ਅਤੇ ਫੁੱਲਾਂ ਦੇ ਗਹਿਣੇ ਆਦਿ ਬਣਾਉਣ ਲਈ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦੀਆਂ ਡੰਡੀਆਂ ਨੂੰ ਕੱਟ ਕੇ ਪਾਣੀ ਵਿਚ ਰੱਖ ਕੇ ਸਜਾਵਟ ਲਈ ਵਰਤਿਆ ਜਾ ਸਕਦਾ ਹੈ। ਇਸ ਦੀਆਂ ਕੁਝ ਕਿਸਮਾਂ ਦੀ ਵਰਤੋਂ ਤੇਲ ਕੱਢਣ ਲਈ ਵੀ ਕੀਤੀ ਜਾਂਦੀ ਹੈ।

ਰਜਨੀਗੰਧਾ ਦੇ ਫੁੱਲ ਇਕਹਿਰੇ ਅਤੇ ਦੂਹਰੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕਹਿਰੇ ਫੁੱਲਾਂ ਦੀਆਂ ਕਿਸਮਾਂ ਦੇ ਫੁੱਲ ਜ਼ਿਆਦਾ ਖ਼ੁਸ਼ਬੂਦਾਰ ਤੇ ਚਿੱਟੇ ਰੰਗ ਦੇ ਹੁੰਦੇ ਹਨ। ਇਨ੍ਹਾਂ ਫੁੱਲਾਂ ਵਿਚ ਪੱਤੀਆਂ ਦੀ ਸਿਰਫ਼ ਇਕ ਹੀ ਕਤਾਰ ਹੁੰਦੀ ਹੈ ਜਦੋਂਕਿ ਦੂਹਰੇ ਫੁੱਲਾਂ ਵਾਲੀਆਂ ਕਿਸਮਾਂ ਦੇ ਫੁੱਲ ਚਿੱਟੇ ਜੋ ਕਿ ਗੁਲਾਬੀ ਭਾਅ ਮਾਰਦੇ ਹਨ। ਇਹ ਇਕਹਿਰੇ ਫੁੱਲਾਂ ਦੀ ਤੁਲਨਾ ਵਿਚ ਘੱਟ ਖ਼ੁਸ਼ਬੂ ਵਾਲੇ ਹੁੰਦੇ ਹਨ।

## ਕਿਸਮਾਂ

**ਇਕਹਿਰੇ ਫੁੱਲਾਂ ਵਾਲੀਆਂ ਕਿਸਮਾਂ** : ਪ੍ਰਜਵਲ, ਸ਼੍ਰਿੰਗਾਰ, ਮੈਕਸਿਕਨ ਸਿੰਗਲ।
**ਦੂਹਰੇ ਫੁੱਲਾਂ ਵਾਲੀਆਂ ਕਿਸਮਾਂ** : ਵੈਭਵ, ਸੁਵਾਸਨੀ, ਪਰਲ ਡਬਲ।

## ਪੌਣ-ਪਾਣੀ ਅਤੇ ਮਿੱਟੀ

ਇਸ ਫ਼ਸਲ ਲਈ ਖੁੱਲ੍ਹਾ ਧੁੱਪਦਾਰ ਗਰਮ ਅਤੇ ਨਮੀ ਭਰਿਆ ਮੌਸਮ ਜ਼ਿਆਦਾ ਢੁਕਵਾਂ ਮੰਨਿਆ ਜਾਂਦਾ ਹੈ। ਫ਼ਸਲ ਦੇ ਚੰਗੇ ਵਾਧੇ ਲਈ ਔਸਤਨ ਤਾਪਮਾਨ 20 ਤੋਂ 30 ਡਿਗਰੀ ਸੈਂਟੀਗਰੇਟ ਹੈ। ਰਜਨੀਗੰਧਾ ਨੂੰ ਹਰ ਕਿਸਮ ਦੀ ਜ਼ਮੀਨ ਵਿਚ ਉਗਾਇਆ ਜਾ ਸਕਦਾ ਹੈ, ਪਰ ਚੰਗੇ ਜਲ ਨਿਕਾਸ ਵਾਲੀ ਮਲੱੜ੍ਹ ਭਰਪੂਰ ਰੇਤਲੀ ਮੈਰਾ ਜ਼ਮੀਨ ਜਿਸ ਦੀ ਪੀਐਚ 6.5 ਤੋਂ 7.0 ਹੋਵੇ ਇਸ ਫ਼ਸਲ ਲਈ ਢੁਕਵੀ ਪਾਈ ਜਾਂਦੀ ਹੈ।

## ਜ਼ਮੀਨ ਦੀ ਤਿਆਰੀ

ਬਿਜਾਈ ਤੋਂ ਪਹਿਲਾਂ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਪੱਧਰਾ ਕਰ ਲੈਣਾ ਚਾਹੀਦਾ ਹੈ। ਰੂੜੀ ਖਾਦ 20 ਤੋਂ 25 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ ਇਕ ਮਹੀਨਾ ਪਹਿਲਾਂ ਜ਼ਮੀਨ ਵਿਚ ਰਲਾਈ ਜਾਂਦੀ ਹੈ। ਬਿਜਾਈ ਦੇ ਸਮੇਂ 40 ਕਿਲੋ ਫਾਸਫੋਰਸ ਤੱਤ, 250 ਕਿਲੋ ਗ੍ਰਾਮ ਸਿੰਗਲ ਸੁਪਰ ਫਾਸਫੇਟ, 40 ਕਿਲੋ ਗ੍ਰਾਮ ਪੋਟਾਸ਼ ਤੱਤ ਅਤੇ 66 ਕਿਲੋ ਗ੍ਰਾਮ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਜਾਂਦੀ ਹੈ। ਸ਼ੁਰੂ ਵਿਚ ਫ਼ਸਲ ਦੇ ਵਾਧੇ ਦੌਰਾਨ 80 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰ ਬਿਜਾਈ ਤੋਂ ਬਾਅਦ ਇਕ-ਇਕ ਮਹੀਨੇ ਦੇ ਫ਼ਾਸਲੇ 'ਤੇ ਪਾਈ ਜਾਂਦੀ ਹੈ।

## ਬਿਜਾਈ ਦਾ ਤਰੀਕਾ

ਰਜਨੀਗੰਧਾ ਦੀ ਬਿਜਾਈ ਗੰਢਿਆਂ ਰਾਹੀ ਕੀਤੀ ਜਾਂਦੀ ਹੈ ਜੋ ਕਿ ਭਾਰੀਆਂ ਜ਼ਮੀਨਾਂ ਵਿਚ ਉੱਚੀਆਂ ਕਿਆਰੀਆਂ ਅਤੇ ਰੇਤਲੀਆਂ ਜ਼ਮੀਨਾਂ ਵਿਚ ਪੱਧਰੀਆਂ ਕਿਆਰੀਆਂ 'ਤੇ ਲਗਾਏ ਜਾਂਦੇ ਹਨ।

ਰਜਨੀਗੰਧਾ ਦੀ ਬਿਜਾਈ ਦਾ ਤਰੀਕਾ ਇਹ ਹੈ ਕਿ ਕਤਾਰ ਅਤੇ ਪੌਦਿਆਂ ਵਿਚਲਾ ਫ਼ਾਸਲਾ 30 ਸੈਂਟੀਮੀਟਰ ਅਤੇ ਡੂੰਘਾਈ 5 ਤੋਂ 7 ਸੈਂਟੀਮੀਟਰ ਹੋਣੀ ਚਾਹੀਦੀ ਹੈ। ਫ਼ਸਲ ਦੇ ਚੰਗੇ ਵਾਧੇ ਅਤੇ ਵਧੀਆ ਫੁੱਲ ਲੈਣ ਲਈ ਜ਼ਮੀਨ ਵਿਚ ਨਮੀ ਦਾ ਹੋਣਾ ਬਹੁਤ ਜ਼ਰੂਰੀ ਹੈ।

ਰਜਨੀਗੰਧਾ ਦੀ ਫ਼ਸਲ ਇਕ ਵਾਰ ਲਗਾ ਕੇ ਇਸ ਤੋਂ 2 ਤੋਂ 3 ਸਾਲ ਲਈ ਫੁੱਲ ਲਏ ਜਾ ਸਕਦੇ ਹਨ।

### ਫੁੱਲਾਂ ਦੀ ਤੁੜਾਈ

*ਰਜਨੀਗੰਧਾ ਦੇ ਫੁੱਲ ਬਿਜਾਈ ਤੋਂ 90 ਤੋਂ 150 ਦਿਨਾਂ ਬਾਅਦ ਤੁੜਾਈ ਲਈ ਤਿਆਰ ਹੋ ਜਾਂਦੇ ਹਨ। ਡੰਡੀਦਾਰ ਫੁੱਲਾਂ ਦੀ ਤੁੜਾਈ ਹੇਠਲੇ ਦੋ ਫੁੱਲ ਖੁੱਲ੍ਹਣ 'ਤੇ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਗੁਲਦਸਤੇ ਬਣਾਉਣ ਵਿਚ ਵਰਤਿਆ ਜਾਂਦਾ ਹੈ। ਤੇਲ ਕੱਢਣ ਲਈ ਫੁੱਲ ਪੂਰੇ ਖੁੱਲ੍ਹੇ ਹੋਣੇ ਚਾਹੀਦੇ ਹਨ। ਤੁੜਾਈ ਤੋਂ ਬਾਅਦ ਇੱਕੋ ਬਿਜਾਈ ਰਾਹੀ 2 ਤੋਂ 3 ਸਾਲ ਤਕ ਫ਼ਸਲ ਲਈ ਜਾ ਸਕਦੀ ਹੈ। ਰਜਨੀਗੰਧਾ ਦੇ ਡੰਡੀਦਾਰ ਫੁੱਲਾਂ ਨੂੰ ਕੱਟਣ ਤੋਂ ਤੁਰੰਤ ਬਾਅਦ ਪਾਣੀ ਵਿਚ ਰੱਖ ਕੇ ਇਨ੍ਹਾਂ ਦੇ ਵਧ ਸਮੇਂ ਤਕ ਰੱਖਣ ਲਈ ਗੁਣਵੱਤਾ ਵਧਾਈ ਜਾ ਸਕਦੀ ਹੈ।*



ਰਜਨੀਗੰਧਾ

## ਸਿੰਜਾਈ

ਵਧੀਆ ਫ਼ਸਲ ਲੈਣ ਲਈ ਜ਼ਮੀਨ ਵਿਚ ਭਰਪੂਰ ਨਮੀ ਬਣਾਈ ਰੱਖਣੀ ਚਾਹੀਦੀ ਹੈ। ਮਿੱਟੀ ਦੀ ਕਿਸਮ ਅਤੇ ਮੌਸਮ ਦੇ ਹਿਸਾਬ ਨਾਲ ਫ਼ਸਲ ਨੂੰ ਪਾਣੀ ਦੇਣਾ ਚਾਹੀਦਾ ਹੈ।

## ਗੰਢਿਆਂ ਦੀ ਪੁਟਾਈ

ਫੁੱਲਾਂ ਦੀ ਤੁੜਾਈ ਤੋਂ 40 ਤੋਂ 45 ਦਿਨਾਂ ਬਾਅਦ ਗੰਢੇ ਪੁੱਟਣ ਲਈ ਤਿਆਰ ਹੋ ਜਾਂਦੇ ਹਨ। ਪੁਟਾਈ ਤੋਂ ਦੋ ਹਫ਼ਤੇ ਪਹਿਲਾਂ ਜਦੋਂ ਫ਼ਸਲ ਦੇ ਪੱਤੇ ਪੀਲੇ ਹੋ ਜਾਂਦੇ ਹਨ ਤਾਂ ਸਿੰਜਾਈ ਬੰਦ ਕਰ ਦੇਣੀ ਚਾਹੀਦੀ ਹੈ। ਪੱਤਿਆਂ ਨੂੰ ਜ਼ਮੀਨ ਤਕ ਕੱਟ ਕੇ ਗੰਢਿਆਂ ਨੂੰ ਪੁੱਟ ਲੈਣਾ ਚਾਹੀਦਾ ਹੈ। ਗੰਢੇ ਅਤੇ ਗੰਢਿਆਂ ਨੂੰ ਅਲੱਗ ਕਰਕੇ ਸਾਫ਼ ਕਰਨ ਤੋਂ ਬਾਅਦ 4 ਤੋਂ 5 ਦਿਨਾਂ ਲਈ ਛਾਂ ਵਿਚ ਰੱਖ ਕੇ ਸੁਕਾਇਆ ਜਾਂਦਾ ਹੈ ਜੋ ਕਿ ਅਗਲੀ ਬਿਜਾਈ ਲਈ ਫਿਰ ਤਿਆਰ ਹੋ ਜਾਂਦੇ ਹਨ। ਇਹ ਸਾਫ਼ ਕੀਤੇ ਹੋਏ ਗੰਢੇ ਅਤੇ ਗੰਢਿਆਂ ਨੂੰ ਅਗਲੇ ਸਾਲ ਬਿਜਾਈ ਲਈ ਵਰਤਣ ਲਈ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ। •

• ਸੁਖਪਾਲ ਸਿੰਘ, ਬਲਦੇਵ ਸਿੰਘ ਢਿੱਲੋਂ




# ਦੂਸ਼ਣਬਾਜ਼ੀ ਛੱਡ ਕੇ ਕਿਸਾਨ ਖ਼ੁਦਕੁਸ਼ੀਆਂ ਦਾ ਹੱਲ ਲੱਭੀਏ

ਫ਼ਰੀਦਕੋਟ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲਗਾਏ ਕਿਸਾਨ ਮੇਲੇ ਮੌਕੇ ਜਦੋਂ ਇਕ ਬਜ਼ੁਰਗ ਕਿਸਾਨ ਨੇ ਖੇਤੀ ਮਾਹਿਰਾਂ ਨੂੰ ਹੱਥ ਜੋੜਦਿਆਂ ਕਿਹਾ ਕਿ ਤੁਸੀਂ ਸਾਨੂੰ ਸਿਰਫ਼ ਖੇਤੀ ਸਿਫ਼ਾਰਸ਼ਾਂ ਬਾਰੇ ਹੀ ਚਾਨਣਾ ਨਾ ਪਾਓ ਬਲਕਿ ਕਿਰਸਾਨੀ ਭਾਈਚਾਰੇ ਦੇ ਮੱਥੇ ਤੇ ਕਲੰਕ ਬਣਦੇ ਜਾ ਰਹੇ ਖ਼ੁਦਕੁਸ਼ੀਆਂ ਦੇ ਮਸਲੇ ਦੇ ਹੱਲ ਲਈ ਵੀ ਸਾਡੇ ਰਾਹ ਦਸੇਰੇ ਬਣੋ। ਖ਼ੁਦਕੁਸ਼ੀਆਂ ਦੇ ਇਸ ਗੰਭੀਰ ਮਸਲੇ ਨੂੰ ਲੈ ਕੇ ਕਿਸਾਨ ਦੀ ਅਜਿਹੀ ਸਾਕਾਰਾਤਮਿਕ ਸੋਚ ਨੇ ਜਿੱਥੇ ਸਾਰੇ ਖੇਤੀ ਮਾਹਿਰਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਉੱਥੇ ਸਾਨੂੰ ਵੀ ਉਤੇਜਿਤ ਕੀਤਾ ਕਿ ਇਸ ਗੰਭੀਰ ਮੁੱਦੇ ਨੂੰ ਲੇਖ ਰਾਹੀਂ ਤੁਹਾਡੇ ਸਨਮੁੱਖ ਰੱਖੀਏ ਤਾਂ ਜੋ ਇਸ ਸਮੱਸਿਆ ਦਾ ਕੋਈ ਹੱਲ ਮਿਲ ਸਕੇ।

ਲਗਪਗ ਹਰ ਰੋਜ਼ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੀਆਂ ਮਾੜੀਆਂ ਖ਼ਬਰਾਂ ਸੁਣਨਾ ਸਾਡੇ ਸਾਰਿਆਂ ਲਈ ਅਤਿਅੰਤ ਦੁਖਦਾਈ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਸਾਡਾ ਕਿਸਾਨ ਆਰਥਿਕ ਤੰਗੀ ਦੇ ਦੌਰ ਵਿਚੋਂ ਨਿਕਲ ਰਿਹਾ ਹੈ ਅਤੇ ਕਿਸਾਨੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਆਮ ਲੋਕਾਂ ਤਕ ਪਹੁੰਚਾ ਕੇ ਮੀਡੀਆ ਆਪਣੇ ਫ਼ਰਜ਼ਾਂ ਦੀ ਪੂਰਤੀ ਕਰ ਰਿਹਾ ਹੈ। ਪਰ ਇਸ ਸਮੁੱਚੇ ਵਰਤਾਰੇ ਨਾਲ ਸਮਾਜ ਵਿਚ ਇਕ ਅਜਿਹੀ ਸੋਚ ਹਾਵੀ ਹੋ ਰਹੀ ਹੈ ਕਿ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਦਾ ਰੁਝਾਨ ਪਿਛਲੇ ਸਮਿਆਂ ਨਾਲੋਂ ਵਧਿਆ ਹੈ, ਜਦੋਂ ਕਿ ਇਸ ਸੋਚ ਨੂੰ ਤੱਥਾਂ ਨਾਲ ਜੋੜ ਕੇ ਨਹੀਂ ਵੇਖਿਆ ਜਾ ਰਿਹਾ। ਮੀਡੀਆ ਵਿਚ ਹਰ ਰੋਜ਼ ਖ਼ੁਦਕੁਸ਼ੀਆਂ ਬਾਰੇ ਕੁਝ ਅੰਕੜੇ ਦਿੱਤੇ ਜਾਂਦੇ ਹਨ। 22 ਅਕਤੂਬਰ 20 17 ਨੂੰ ਪ੍ਰਕਾਸ਼ਿਤ ਹੋਏ ਇਕ ਪੰਜਾਬੀ ਅਖ਼ਬਾਰ ਮੁਤਾਬਕ ਪਿਛਲੇ ਸੱਤ ਮਹੀਨਿਆਂ ਦੌਰਾਨ ਕਿਸਾਨ ਖ਼ੁਦਕੁਸ਼ੀਆਂ ਦੀ ਵੱਧ ਤੋਂ ਵੱਧ ਗਿਣਤੀ 284 ਦਿੱਤੀ ਗਈ ਹੈ ਅਤੇ ਇਸ ਹਿਸਾਬ ਨਾਲ ਇਹ ਗਿਣਤੀ ਸਾਲ ਵਿਚ 487 ਬਣਦੀ ਹੈ।

ਪੰਜਾਬ ਖੇਤੀਵਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਰਾਜ ਦੇ 13 ਜ਼ਿਲ੍ਹਿਆਂ ਦਾ ਸਾਲ 2000 ਤੋਂ ਲੈ ਕੇ ਕਿਸਾਨ ਖ਼ੁਦਕੁਸ਼ੀਆਂ ਦਾ ਸਰਵੇਖਣ ਕਰਨ ਦਾ ਕਾਰਜ ਸੌਂਪਿਆ ਗਿਆ ਸੀ। ਪੰਜਾਬ ਸਰਕਾਰ ਨੂੰ ਜਨਗਣਨਾ ਅਧਾਰਿਤ ਪੇਸ਼ ਕੀਤੀਆਂ ਰਿਪੋਰਟਾਂ ਮੁਤਾਬਕ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਸਾਲ 2000-20 15 ਦੌਰਾਨ 500 ਤੋਂ ਵੀ ਜ਼ਿਆਦਾ ਰਹੀ, ਸਿਰਫ਼ ਸਾਲ 2006 ਵਿਚ ਇਹ ਗਿਣਤੀ 487 ਸੀ। ਇੱਥੋਂ ਤਕ ਸਾਲ 2007, 2008, 2010 ਅਤੇ 2015 ਦੌਰਾਨ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ 600 ਤੋਂ ਵੀ ਵਧ ਰਹੀ। ਜੇਕਰ ਆਪਾਂ ਬਾਕੀ ਰਹਿੰਦੇ ਜ਼ਿਲ੍ਹੇ, ਜਿਨ੍ਹਾਂ ਦੇ ਅੰਕੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਇਕੱਤਰ ਕੀਤੇ ਗਏ ਹਨ ਨੂੰ ਵੀ ਨਾਲ ਰਲਾ ਲਈਏ ਤਾਂ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਦੀ ਸਾਲ 2000-20 15 ਦੌਰਾਨ ਦੀ ਪ੍ਰਤੀ ਸਾਲ ਗਿਣਤੀ ਹੋਰ ਵੀ ਵਧ ਜਾਵੇਗੀ। ਸੋ ਸਾਨੂੰ ਇਹ ਕਹਿਣ ਵਿਚ ਥੋੜ੍ਹੀ ਰਾਹਤ ਮਹਿਸੂਸ ਹੋ ਰਹੀ ਹੈ ਕਿ ਮੌਜੂਦਾ ਸਮੇਂ ਇਨ੍ਹਾਂ ਦੁਖਦਾਈ ਘਟਨਾਵਾਂ ਵਿਚ ਵਾਧਾ ਨਹੀਂ ਹੋਇਆ। ਇਸ ਤੋਂ ਇਲਾਵਾ ਆਮ ਤੌਰ ਤੇ ਇਹ ਮੰਨ ਲੈਣਾ ਕਿ ਸਾਰੀਆਂ ਖ਼ੁਦਕੁਸ਼ੀਆਂ ਕਰਜ਼ਿਆਂ ਕਾਰਨ ਹੋ ਰਹੀਆਂ ਹਨ, ਇਹ ਵੀ ਠੀਕ ਨਹੀਂ ਹੈ । ਪੀਏਯੂ ਦੀ ਖੋਜ ਮੁਤਾਬਕ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਤਿੰਨ-ਚੌਥਾਈ ਖ਼ੁਦਕੁਸ਼ੀਆਂ ਕਰਜ਼ਿਆਂ ਕਾਰਨ ਸੀ ਜਦੋਂ ਕਿ ਇੱਕ-ਚੌਥਾਈ ਦੇ ਕਾਰਨ ਸਮਾਜਿਕ-ਮਨੋਵਿਗਿਆਨਿਕ ਵੀ ਸਨ। ਇਸ ਕਰਕੇ ਸਾਡੀ ਅਪੀਲ ਹੈ ਕਿ ਇਸ ਸਮੱਸਿਆ ਬਾਰੇ ਤੱਥਾਂ ਤੋਂ ਹਟ ਕੇ ਵਧਾ ਚੜ੍ਹਾਅ ਕੇ ਦੱਸਣ ਅਤੇ ਇਕ ਦੂਜੇ ਤੇ ਦੋਸ਼ ਮੜ੍ਹਣ ਦੀ ਥਾਂ ਆਪਾਂ ਅਨਮੋਲ ਜ਼ਿੰਦਗੀ ਨੂੰ ਖ਼ਤਮ ਕਰ ਲੈਣ ਦੇ ਇਸ ਦਰਦਨਾਕ ਕਾਰੇ ਤੋਂ ਬਚਣ ਲਈ ਢੰਗ-ਤਰੀਕੇ ਲੱਭਣ ਵਿੱਚ ਆਪਣਾ ਯੋਗਦਾਨ ਪਾਈਏ।

ਖੇਤੀਬਾੜੀ ਦੇ ਖੇਤਰ ਵਿਚ ਪੰਜਾਬ ਨੇ ਬਿਨਾਂ ਸ਼ੱਕ ਅਥਾਹ ਵਿਕਾਸ ਕੀਤਾ। ਸਾਲ 1960-61 ਤੋਂ ਲੈ ਕੇ ਸਾਲ 2016-17 ਦੌਰਾਨ ਕਣਕ ਦਾ ਝਾੜ 1244 ਤੋਂ 5046 ਕਿੱਲੋ ਅਤੇ ਝੋਨੇ ਦਾ ਝਾੜ 1553 ਤੋਂ 6193 ਕਿੱਲੋ ਪ੍ਰਤੀ ਹੈਕਟੇਅਰ ਹੋ ਗਿਆ। ਇਸ ਸਮੇਂ ਦੌਰਾਨ ਕਣਕ ਦਾ ਉਤਪਾਦਨ (ਝਾੜ-ਰਕਬਾ) 10 ਗੁਣਾਂ ਤੋਂ ਵੀ ਵਧ (1.74 ਤੋਂ 17. 6 ਮਿਲੀਅਨ ਟਨ) ਅਤੇ ਝੋਨੇ ਦਾ ਉਤਪਾਦਨ ਲਗਪਗ 56 ਗੁਣਾ (0.35 ਤੋਂ 18.9 ਮਿਲੀਅਨ ਟਨ) ਵਧਿਆ। ਅਨਾਜ (ਕਣਕ ਅਤੇ ਝੋਨੇ) ਪੱਖੋਂ ਕੇਂਦਰੀ ਅੰਨ ਭੰਡਾਰ ਨੂੰ ਭਰਪੂਰ ਕਰਨ ਵਿਚ ਪੰਜਾਬ ਦਾ ਵੱਡਾ ਯੋਗਦਾਨ ਰਿਹਾ ਪਰ ਕਿੰਨੀ ਅਫ਼ਸੋਸ ਜਨਕ ਗੱਲ ਹੈ ਕਿ ਖੇਤੀ ਉਤਪਾਦਨ ਵਿਚ ਰਿਕਾਰਡ ਕਾਇਮ ਕਰਨ ਵਾਲਾ ਅਤੇ ਵਿਸ਼ਵ ਭਰ ਵਿਚ ਆਪਣਾ ਲੋਹਾ ਮਨਵਾਉਣ ਵਾਲਾ ਕਿਸਾਨ ਅੱਜ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ।

ਖੇਤੀ-ਜਲਵਾਯੂ ਪੱਖੋਂ ਭਾਰਤ ਅਨੇਕਾਂ ਵਿਭਿੰਨਤਾਵਾਂ ਰੱਖਦਾ ਹੈ। ਰਾਸ਼ਟਰੀ ਖੇਤੀ ਨੀਤੀਆਂ ਜੋ ਕਿ ਆਮ ਤੌਰ ਤੇ ਸਮੁੱਚੇ ਦੇਸ਼ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਮੱਦੇਨਜ਼ਰ ਰੱਖ ਕੇ ਬਣਾਈਆਂ ਜਾਂਦੀਆਂ ਹਨ। ਪਰ ਇਹ ਖੇਤੀ ਨੀਤੀਆਂ ਰਾਸ਼ਟਰੀ ਪੱਧਰ ਤੇ ਆਮ ਕਰਕੇ ਅਤੇ ਪੰਜਾਬ, ਹਰਿਆਣਾ ਅਤੇ ਹੋਰ ਉੱਚ ਉਤਪਾਦਨ ਖੇਤਰਾਂ ਲਈ ਖ਼ਾਸ ਕਰਕੇ ਆਪਣੀ ਸਹੀ ਭੂਮਿਕਾ ਨਹੀਂ ਨਿਭਾਅ ਰਹੀਆਂ। ਕਿਸਾਨਾਂ ਵੱਲੋਂ ਅਦਾ ਕੀਤੀਆਂ ਜਾਣ ਅਤੇ ਹਾਸਲ ਕੀਤੀਆਂ ਜਾਣ ਵਾਲੀਆਂ ਕੀਮਤਾਂ ਵਿਚ ਤਾਲਮੇਲ ਨਾ ਹੋਣ ਕਰਕੇ ਵਪਾਰ ਦੀਆਂ ਸ਼ਰਤਾਂ ਖੇਤੀ ਲਈ ਸਹਾਈ ਨਹੀਂ ਹੋ ਰਹੀਆਂ ਜਿਸ ਕਰਕੇ ਖੇਤੀ ਮੁਨਾਫ਼ੇ ਵਿਚ ਪਿਛਲੇ ਸਮੇਂ ਤੋਂ ਗਿਰਾਵਟ ਆ ਰਹੀ ਹੈ ।

ਜੇਕਰ ਆਪਾਂ ਕਾਰਨਾਂ ਵੱਲ ਨਜ਼ਰ ਮਾਰੀਏ ਤਾਂ ਵੱਡੇ ਕਾਰਨਾਂ ਵਿੱਚੋਂ, ਖੇਤੀ ਕਾਮਿਆਂ ਦੀ ਆਮਦਨ ਗ਼ੈਰ ਖੇਤੀ ਕਾਮਿਆਂ ਨਾਲੋਂ ਘੱਟ ਹੋਣਾ, ਖੇਤੀ ਮੁਨਾਫ਼ੇ ਦਾ ਪ੍ਰਤੀ ਦਿਨ ਘੱਟਣਾ, ਹਾਸ਼ੀਆਗਤ ਅਤੇ ਛੋਟੀਆਂ ਜੋਤਾਂ ਦੀ ਹੁੰਦੀ ਬੇਕਦਰੀ ਮੁੱਖ ਸਨ ਜਦੋਂ ਕਿ ਛੋਟੇ ਕਾਰਨਾ ਵਿੱਚੋਂ ਸਮੁੱਚੇ ਅਰਥਚਾਰੇ ਵਿਚ ਵਾਧਾ ਹੋਣ ਕਰ ਕੇ ਕਿਸਾਨਾਂ ਵੱਲੋਂ ਖੇਤੀ ਤੋਂ ਮੂੰਹ ਮੋੜਣ ਦਾ ਰੁਝਾਨ ਸ਼ੁਰੂ ਹੋ ਗਿਆ। ਸਾਲ 2011 ਦੀ ਜਨਗਣਨਾ ਮੁਤਾਬਿਕ ਖੇਤੀ ਖੇਤਰ ਨੇ ਭਾਵੇਂ 35.6 ਪ੍ਰਤੀਸ਼ਤ ਕਾਮਿਆਂ ਨੂੰ ਹੀ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਪਰ ਰਾਜ ਦੀ 50-55 ਪ੍ਰਤੀਸ਼ਤ ਅਬਾਦੀ ਦਾ ਗੁਜ਼ਾਰਾ ਇਸੇ ਖੇਤਰ 'ਤੇ ਨਿਰਭਰ ਹੈ। ਇਸ ਵਿਚ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਨੂੰ ਜ਼ਿਆਦਾ ਨੁਕਸਾਨ ਸਹਿਣਾ ਪਿਆ। ਉਦਾਹਰਨ ਵਜੋਂ ਪੰਜਾਬ ਵਿਚ ਅਜਿਹੇ ਕਾਸ਼ਤਕਾਰਾਂ ਜਿਨ੍ਹਾਂ ਦੀ ਗਿਣਤੀ ਸਾਲ 1991 ਵਿਚ 5 ਲੱਖ ਸੀ, ਸਾਲ 2011 ਵਿਚ ਘੱਟ ਕੇ 3.60 ਲੱਖ ਰਹਿ ਗਈ। ਭਾਵੇਂ ਪੰਜਾਬ ਸਰਕਾਰ ਵੱਲੋਂ ਸਾਲ 2017-18 ਦੌਰਾਨ ਖੇਤੀ ਸੈਕਟਰ ਨੂੰ 5977 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਮੁਹੱਈਆ ਕਰਨ ਦੀ ਉਮੀਦ ਹੈ ਪਰ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਨੂੰ ਕੁੱਲ ਜ਼ਮੀਨ ਵਿਚਲੇ 34 ਪ੍ਰਤੀਸ਼ਤ ਦੀ ਅਨੁਪਾਤ ਦੇ ਮੁਕਾਬਲਤਨ ਇਸ ਦਾ ਸਿਰਫ਼ 7 ਪ੍ਰਤੀਸ਼ਤ ਹੀ ਹਾਸਲ ਹੋਵੇਗਾ। ਇਨ੍ਹਾਂ ਕਿਸਾਨਾਂ ਨੂੰ ਖਾਦ ਦੀ ਸਬਸਿਡੀ 5200 ਕਰੋੜ ਰੁਪਏ ਅਤੇ ਨਹਿਰੀ ਸਿੰਚਾਈ ਸਬਸਿਡੀ 1000 ਕਰੋੜ ਰੁਪਏ ਵੀ ਘੱਟ ਹੀ ਹਾਸਲ ਹੋਵੇਗੀ। ਅਜਿਹਾ ਇਸ ਕਰਕੇ ਹੈ ਕਿਉਂਕਿ ਖੇਤੀ ਸਬਸਿਡੀਆਂ ਦਾ ਸਿੱਧਾ ਸਬੰਧ ਜ਼ਮੀਨਾਂ ਦੇ ਅਕਾਰ ਨਾਲ ਹੈ।



*ਰਿਪੋਰਟਾਂ ਮੁਤਾਬਕ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਸਾਲ 2000-2015 ਦੌਰਾਨ 500 ਤੋਂ ਵੀ ਜ਼ਿਆਦਾ ਰਹੀ, ਸਿਰਫ਼ ਸਾਲ 2006 ਵਿਚ ਇਹ ਗਿਣਤੀ 487 ਸੀ। ਇੱਥੋਂ ਤਕ ਸਾਲ 2007, 2008, 2010 ਅਤੇ 2015 ਦੌਰਾਨ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ 600 ਤੋਂ ਵੀ ਵਧ ਰਹੀ...*

ਇਨ੍ਹਾਂ ਮੁੱਦਿਆਂ ਦੇ ਨਾਲ-ਨਾਲ ਸਰਕਾਰੀ ਨੀਤੀਆਂ ਨੇ ਕਿਸਾਨਾਂ ਨੂੰ ਕਰਜ਼ੇ ਮੁਹੱਈਆ ਕਰਵਾਉਣ ਦਾ ਕੰਮ ਅਸਾਨ ਕਰ ਦਿੱਤਾ ਜਿਸ ਕਰਕੇ ਉਨ੍ਹਾਂ ਨੇ ਨਾ ਸਿਰਫ਼ ਖੇਤੀ ਲੋੜਾਂ ਲਈ ਬਲਕਿ ਘਰੇਲੂ ਲੋੜਾਂ ਨੂੰ ਪੂਰਨ ਲਈ ਵੀ ਕਰਜ਼ੇ ਚੁੱਕ ਲਏ। ਕਿਸਾਨ ਸਿਹਤ ਦੀ ਦੇਖਭਾਲ ਕਰਨ ਅਤੇ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵੀ ਕਰਜ਼ੇ ਲੈ ਰਹੇ ਹਨ। ਇਨ੍ਹਾਂ ਸਾਰੇ ਕਾਰਨਾਂ ਕਰ ਕੇ ਵਧ ਵਿਆਜ ਦਰ ਵਾਲੇ ਕਰਜ਼ਿਆਂ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਦੀ ਕਰਜ਼ੇ ਮੋੜਣ ਤੋਂ ਅਸਮਰਥਾ ਬਹੁਤੇ ਕੇਸਾਂ ਵਿਚ ਨਿਰਾਸ਼ਾ ਵਧਾ ਰਹੀ ਹੈ ਅਤੇ ਜਿਸ ਕਾਰਨ ਖ਼ੁਦਕੁਸ਼ੀਆਂ ਹੋ ਰਹੀਆਂ ਹਨ।

## ਸਮੱਸਿਆ ਦਾ ਹੱਲ

ਕਿਸਾਨਾਂ ਨੂੰ ਕਰਜ਼ਿਆਂ ਤੋਂ ਮੁਕਤ ਕਰਨ ਅਤੇ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਾਨੂੰ ਬਹੁ-ਪੱਖੀ ਨੀਤੀਆਂ ਅਪਨਾਉਣ ਦੀ ਲੋੜ ਹੈ।

1 ਖੇਤੀ ਮੰਡੀਆਂ ਅਪੂਰਨ ਹੁੰਦੀਆਂ ਹਨ ਜਿਸ ਕਰਕੇ ਖੇਤੀ ਲਾਗਤਾਂ ਅਤੇ ਮੁਨਾਫ਼ਿਆਂ ਨੂੰ ਨਿਯਮਿਤ ਕਰਕੇ ਲੋੜਾਂ ਨੂੰ ਮੰਗ ਅਤੇ ਪੂਰਤੀ ਵਾਲੀ ਨੀਤੀ ਤੋਂ ਬਚਾਉਣ ਦੀ ਲੋੜ ਹੈ। ਖੇਤੀ ਉਤਪਾਦਨ ਦੀ ਉਚਿੱਤ ਅਤੇ ਸੁਚਾਰੂ ਖਰੀਦ ਨੂੰ ਹਰ ਹੀਲੇ ਵਸੀਲੇ ਯਕੀਨੀ ਬਣਾਇਆ ਜਾਵੇ ਭਾਵੇਂ ਕਿ ਸਾਰੀਆਂ ਖੇਤੀ ਜਿਨਸਾਂ ਲਈ ਅਜਿਹਾ ਕਰਨਾ ਮੁਸ਼ਕਿਲਾਂ ਭਰਿਆ ਕੰਮ ਹੈ। ਅਰਥਚਾਰੇ ਦੇ ਹੋਰ ਖੇਤਰਾਂ ਵਿਚਲੀਆਂ ਲਾਗਤਾਂ ਅਤੇ ਆਮਦਨ ਦੀ ਤਰਜ਼ ਤੇ ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵੀ ਬਰਾਬਰ ਵਾਧਾ ਹੋਣਾ ਚਾਹੀਦਾ ਹੈ। ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਵਧੇਰੇ ਘੱਟੋ ਘੱਟ ਸਮਰਥਨ ਮੁੱਲ ਅਤੇ ਯਕੀਨਨ ਖਰੀਦ ਖੇਤੀ ਖੇਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਸੁਯੋਗ ਹੱਲ ਹੈ। ਲੇਕਿਨ ਹਾਸ਼ੀਆਗਤ ਜਾਂ ਛੋਟੇ ਕਿਸਾਨਾਂ ਲਈ ਅਜਿਹਾ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਵੇਚਣ ਵਾਸਤੇ ਵਾਧੂ ਖੇਤੀ ਉਤਪਾਦਨ ਬਹੁਤ ਘੱਟ ਜਾਂ ਨਿਗੂਣਾ ਹੀ ਹੁੰਦਾ ਹੈ। ਸੋ ਅਜਿਹੀਆਂ ਨੀਤੀਆਂ ਬਣਾਉਣ ਦੀ ਲੋੜ ਹੈ, ਜਿਸ ਨਾਲ ਕਿਸਾਨਾਂ ਨੂੰ ਬੀਜ, ਖਾਦਾਂ, ਖੇਤੀ ਰਸਾਇਣਾਂ ਅਤੇ ਖੇਤੀ ਮਸ਼ੀਨਰੀ ਆਦਿ ਵਧੇਰੇ ਰਿਆਇਤੀ ਦਰਾਂ ਤੇ ਮਿਲ ਸਕੇ। ਇਸ ਦੇ ਨਾਲ ਖੇਤੀ ਲਾਗਤਾਂ ਦੀ ਗੁਣਵਤਾ ਅਤੇ ਕੀਮਤਾਂ ਤੇ ਵੀ ਕਰੜੀ ਨਜ਼ਰ ਰੱਖਣ, ਇਸ ਤੋਂ ਇਲਾਵਾ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਨੂੰ ਮੱਦੇਨਜ਼ਰ ਰੱਖਕੇ ਲਾਗਤਾਂ ਦੀਆਂ ਸਬਸਿਡੀਆਂ ਨੂੰ ਤਰਕ ਸੰਗਤ ਬਣਾਉਣ, ਲਾਗਤਾਂ ਦੀ ਲੋੜ ਅਧਾਰਿਤ ਵਰਤੋਂ ਕਰਨ ਲਈ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਕਾਸ਼ਤ ਦੀ ਲਾਗਤ ਤੇ ਆਉਂਦੇ ਖਰਚ ਘਟਾਏ ਜਾ ਸਕਣ ਅਤੇ ਉਨ੍ਹਾਂ ਦੀ ਅੰਧਾਧੁੰਦ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਵੀ ਬਚਿਆ ਜਾ ਸਕੇ। ਅਗਲੀ ਵੱਡੀ ਗੱਲ ਕਿ ਪੰਜਾਬ ਭੌਂ ਦਾਰੀ ਸੁਰੱਖਿਆ ਐਕਟ 1953 ਦੇ ਤਹਿਤ ਜ਼ਮੀਨ ਦਾ ਠੇਕਾ ਖੇਤੀ ਉਤਪਾਦਨ ਦੇ ਮੁੱਲ ਦੇ ਇਕ-ਤਿਹਾਈ ਤੋਂ ਵਧਣ ਨਹੀਂ ਦੇਣਾ ਚਾਹੀਦਾ ।

2 ਖੇਤੀ-ਜਲਵਾਯੂ ਖੇਤਰਾਂ ਦੇ ਮੁਤਾਬਕ ਢੁਕਵੀਆਂ ਫ਼ਸਲਾਂ ਦੀ ਪਛਾਣ ਅਤੇ ਉਨ੍ਹਾਂ ਨੂੰ ਵਿਕਸਿਤ ਕਰਨਾ ਅਤੇ ਉਨ੍ਹਾਂ ਦੀ ਗੁਣਵੱਤਾ ਵਧਾਉਣੀ ਤਾਂ ਜੋ ਖੇਤੀ ਆਮਦਨ ਵਿਚ ਵਾਧਾ ਹੋ ਸਕੇ। ਇਸ ਨਾਲ ਲਘੂ ਅਤੇ ਛੋਟੇ ਪੱਧਰ ਦੇ ਉਦਯੋਗ, ਜਿਨ੍ਹਾਂ ਵਿਚ ਮੁੱਢਲੀ ਐਗਰੋ-ਪ੍ਰੋਸੈਸਿੰਗ ਅਤੇ ਜਿਣਸ ਸਪਲਾਈ ਚੇਨਜ਼ ਸ਼ਾਮਲ ਹਨ, ਸਥਾਪਿਤ ਹੋਣਗੀਆਂ। ਹੁਨਰ ਵਿਕਾਸ ਅਤੇ ਉਦਯੋਗ ਵੱਲੋਂ ਹੁਨਰ ਨੂੰ ਉਤਸ਼ਾਹਿਤ ਕਰਨ ਨਾਲ ਮਿੱਥੇ ਟੀਚੇ ਪੂਰਨ ਵਿੱਚ ਮਦਦ ਮਿਲੇਗੀ ।

3 ਪਸ਼ੂ ਪਾਲਣ ਅਤੇ ਪੋਲਟਰੀ ਫਾਰਮਿੰਗ, ਮਧੂ ਮੱਖੀ ਪਾਲਣ, ਖੁੰਬਾਂ ਦੀ ਕਾਸ਼ਤ ਆਦਿ ਸਹਾਇਕ ਧੰਦਿਆਂ ਨੂੰ ਪੂਰੇ ਜੋਸ਼ ਅਤੇ ਲਗਨ ਨਾਲ ਉਤਸ਼ਾਹਿਤ ਕਰਨ ਦਾ ਢੁਕਵਾਂ ਸਮਾਂ ਆ ਗਿਆ ਹੈ। ਇਸ ਤੋਂ ਇਲਾਵਾ ਮਨਰੇਗਾ ਦੀਆਂ ਧਾਰਾਵਾਂ ਮੁਤਾਬਕ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਦੀਆਂ ਨਿਯਮਿਤ ਕਾਰਜ ਗਤੀਵਿਧੀਆਂ ਨੂੰ ਸਹੀ ਤਰ੍ਹਾਂ ਲਾਗੂ ਕਰਨ ਦੀ ਲੋੜ ਹੈ।

4 ਖੇਤੀ ਮਸ਼ੀਨੀਕਰਨ ਨੇ ਵੀ ਕਰਜ਼ੇ ਦੀ ਪੰਡ ਭਾਰੀ ਕੀਤੀ ਹੈ। ਘੱਟ ਜ਼ਮੀਨਾਂ ਵਾਲੇ ਬਹੁਤ ਸਾਰੇ ਕਿਸਾਨ ਕਰਜ਼ੇ ਚੁੱਕ ਕੇ ਅਤੇ ਰਿਆਇਤਾਂ ਲੈ ਕੇ ਖੇਤੀ ਮਸ਼ੀਨਰੀ ਖਰੀਦਦੇ ਹਨ ਕਿਉਂਕਿ ਇਸੇ ਵਿਚ ਉਹ ਆਪਣੀ ਸ਼ਾਨ ਸਮਝਦੇ ਹਨ। ਉਦਾਹਰਨ ਵਜੋਂ ਪੰਜਾਬ ਦੇ ਇੱਕ-ਚੌਥਾਈ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਕੋਲ ਆਪਣੇ ਟਰੈਕਟਰ ਹਨ । ਖੇਤ ਮਸ਼ੀਨਰੀ ਤੇ ਆਉਂਦੇ ਪੱਕੇ ਖਰਚ ਬਹੁਤ ਜ਼ਿਆਦਾ ਹਨ, ਜਿਸ ਕਰਕੇ ਉਹਨਾਂ ਦੀ ਖੇਤੀ ਲਾਹੇਵੰਦ ਧੰਦੇ ਵਜੋਂ ਨਹੀਂ ਉਭਰ ਰਹੀ। ਹਰ ਪਿੰਡ ਵਿਚ ਸਹਿਕਾਰਤਾ ਅਧਾਰਿਤ ਖੇਤੀ ਲੋੜਾਂ ਨੂੰ ਪੂਰਨ ਲਈ ਐਗਰੋ ਮਸ਼ੀਨਰੀ ਸਰਵਿਸ ਸੈਂਟਰ (ਏਐਮਐਸਸੀ) ਸਥਾਪਿਤ ਕਰਨ ਦੀ ਲੋੜ ਹੈ ਤਾਂ ਜੋ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਨੂੰ ਪਹਿਲ ਦੇ ਅਧਾਰ ਤੇ ਕਿਰਾਏ ਤੇ ਮਸ਼ੀਨਰੀ ਮਿਲ ਸਕੇ। ਮੌਜੂਦਾ ਸਮੇਂ ਰਾਜ ਦੇ 12581 ਪਿੰਡਾਂ ਵਿਚ ਸਿਰਫ਼ 1560 ਏਐਮਐਸਸੀਜ਼ ਹਨ। ਪੀਏਯੂ ਵੱਲੋਂ ਕੀਤੀ ਖੋਜ ਮੁਤਾਬਕ ਆਪਣੀ ਖੇਤੀ ਮਸ਼ੀਨਰੀ ਖਰੀਦਣ ਦੀ ਬਜਾਇ ਏਐਮਐਸਸੀਜ਼ ਤੋਂ ਕਿਰਾਏ ਤੇ ਲੈ ਕੇ ਵਰਤਣ ਨਾਲ 35 ਪ੍ਰਤੀਸ਼ਤ ਦੀ ਬਚਤ ਹੁੰਦੀ ਹੈ ।

5 ਕਰਜ਼ਾ/ਉਧਾਰ ਦੀ ਯੋਜਨਾਬੰਦੀ ਇਕ ਕਮਜ਼ੋਰ ਲਿੰਕ ਹੈ, ਜਿਸ ਨੂੰ ਤਗੜਾ ਕਰਨ ਦੀ ਲੋੜ ਹੈ। ਸਾਡੀ ਕਿਰਸਾਨੀ ਹੱਦੋਂ ਵਧ ਫ਼ਸਲੀ ਕਰਜ਼ੇ ਲੈਣ ਅਤੇ ਬੇਲੋੜੇ ਘਰੇਲੂ ਕਰਜ਼ੇ ਲੈਣ ਲਈ ਵਧ ਵਿਆਜ ਦਰਾਂ ਤੇ ਰਕਮਾਂ ਦੇਣ ਵਾਲਿਆਂ ਦਾ ਸ਼ਿਕਾਰ ਹੋ ਰਹੀ ਹੈ। ਉਧਾਰ/ਕਰਜ਼ੇ ਨੂੰ ਲੋੜ ਅਤੇ ਆਰਥਿਕ ਉਚਿਤਤਾ ਮੁਤਾਬਕ ਤਰਕਸੰਗਤ ਬਣਾਉਣ ਦੀ ਲੋੜ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਰਜ਼ੇ ਤੇ ਲਏ ਪੈਸਿਆਂ ਦੀ ਉਚਿੱਤ ਵਰਤੋਂ ਹੋਣੀ ਚਾਹੀਦੀ ਹੈ। ਗ਼ੈਰ ਸੰਸਥਾਗਤ ਅਦਾਰਿਆਂ ਵੱਲੋਂ ਦਿੱਤੇ ਜਾਂਦੇ ਕਰਜ਼ੇ ਜੋ ਕਿ ਕਰਜ਼ੇ ਦੀ ਕੁੱਲ ਰਾਸ਼ੀ ਦਾ ਲਗਪਗ ਚੌਥਾ ਹਿੱਸਾ ਬਣਦੇ ਹਨ, ਤੋਂ ਖਹਿੜਾ ਛੁਡਵਾਉਣ ਲਈ ਕਰਜ਼ਦਾਰਾਂ ਦੀ ਕਰਜ਼ਾ ਮਾਫ਼ੀ ਸਕੀਮਾਂ ਨੂੰ ਗ਼ੈਰ-ਸੰਸਥਾਗਤ ਕਰਜ਼ਿਆਂ ਤੋਂ ਸੰਸਥਾਗਤ ਕਰਜ਼ਿਆਂ ਵਿਚ ਤਬਦੀਲ ਕਰਨ ਵਜੋਂ ਅਸਰਦਾਇਕ ਬਣਾਇਆ ਜਾਵੇ ।

6 ਰਾਜ ਵਿਚ ਹੋ ਰਹੀਆਂ ਇਕ-ਚੌਥਾਈ ਖ਼ੁਦਕੁਸ਼ੀਆਂ ਸਮਾਜਿਕ ਅਤੇ ਮਨੋਵਿਗਿਆਨਕ ਜਿਵੇਂ ਕਿ ਪਰਿਵਾਰਕ ਝਗੜਿਆਂ, ਸਰੀਰਕ ਬਿਮਾਰੀਆਂ, ਮਾਨਸਿਕ ਸਿਹਤ ਦੇ ਵਿਗਾੜ, ਅਦਾਲਤੀ ਝਗੜਿਆਂ, ਸਮਾਜਿਕ ਸਮਾਗਮਾਂ ਤੇ ਹੁੰਦੇ ਵਾਧੂ ਖਰਚਿਆਂ ਅਤੇ ਨਸ਼ਿਆਂ ਦੀ ਆਦਤ ਕਾਰਨ ਹੋ ਰਹੀਆਂ ਹਨ। ਸਮਾਜ ਨੂੰ ਇਨ੍ਹਾਂ ਮਸਲਿਆਂ ਪ੍ਰਤੀ ਗੰਭੀਰ ਹੋਣ ਦੀ ਲੋੜ ਹੈ ।

ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਮਸਲਿਆਂ ਨਾਲ ਅਸੀਂ ਜੂਝ ਰਹੇ ਹਾਂ। ਆਰਥਿਕ ਸੁਧਾਰਾਂ ਦੇ ਨਾਲ-ਨਾਲ ਸਾਨੂੰ ਜਾਗਰੂਕਤਾ ਲਹਿਰ ਵੀ ਚਲਾਉਣ ਦੀ ਲੋੜ ਹੈ। ਇਹ ਕਦੇ ਨਾ ਭੁਲੀਏ ਕਿ ਜ਼ਿੰਦਗੀ ਅਨਮੋਲ ਹੈ, ਕਿਸੇ ਵੀ ਵਿਅਕਤੀ ਵੱਲੋਂ ਕੀਤੀ ਖ਼ੁਦਕੁਸ਼ੀ ਸਮੁੱਚੇ ਸਮਾਜ ਲਈ ਕਲੰਕ ਹੈ। ਸੋ ਇਕ ਦੂਜੇ ਨੂੰ ਦੋਸ਼ੀ ਠਹਿਰਾਉਣ ਦੀ ਥਾਂ ਆਓ ਰਲ-ਮਿਲ ਕੇ ਆਪਣੇ ਅੰਨਦਾਤਾ ਨੂੰ ਬਚਾਈਏ। •



# ਹਰੀ ਕ੍ਰਾਂਤੀ, ਬਹੁਕੌਮੀ ਕੰਪਨੀਆਂ ਤੇ ਕਿਸਾਨ

• ਬਲਜੀਤ ਪਾਲ ਸਿੰਘ
ਮੋਬਾਈਲ : 9417324432

*ਸਰਕਾਰ ਵੱਲੋਂ ਵਧ ਤਰਜੀਹ ਦੇਣ ਕਾਰਨ ਨਿੱਜੀ ਬਹੁ-ਕੌਮੀ ਵੱਡ ਆਕਾਰੀ ਕੰਪਨੀਆਂ ਨੇ ਖੇਤੀ ਸੈਕਟਰ ਵਿਚ ਅਜਿਹੇ ਪੈਰ ਪਸਾਰੇ ਕਿ ਕਿਸਾਨ ਨੂੰ ਮਿਲਣ ਵਾਲੇ ਲਾਭ ਚਟਮ ਕਰ ਗਈਆਂ। ਹੈਰਾਨੀਜਨਕ ਤੱਥ ਹੈ ਕਿ ਅੱਜ ਖੇਤੀ ਵਿਚ ਸੁਧਰੇ ਹਾਈਬ੍ਰਿਡ ਬੀਜਾਂ, ਕੀਟਨਾਸ਼ਕ ਦਵਾਈਆਂ, ਰਸਾਇਣਕ ਖਾਦਾਂ ਅਤੇ ਖੇਤੀ ਮਸ਼ੀਨਰੀ ਦਾ ਪੂਰੇ ਦਾ ਪੂਰਾ ਪ੍ਰਬੰਧ ਨਿੱਜੀ ਕੰਪਨੀਆਂ ਹਵਾਲੇ ਹੈ। ਅਜਿਹਾ ਕਰ ਕੇ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਹੈ...*

1965 ਤੋਂ ਪਹਿਲਾਂ ਸਾਡੇ ਦੇਸ਼ ਵਿਚ ਅਨਾਜ ਦੀ ਭਾਰੀ ਥੁੜ੍ਹ ਸੀ ਅਤੇ ਦੇਸ਼ ਦੀ ਜਨਤਾ ਦੀ ਅਨਾਜ ਦੀ ਲੋੜ ਪੂਰਾ ਕਰਨ ਵਾਸਤੇ ਵਿਦੇਸ਼ਾਂ ਤੋਂ ਕਣਕ ਚਾਵਲ ਮੰਗਵਾਉਣੇ ਪੈਂਦੇ ਸਨ। ਇਹ ਵਪਾਰ ਜ਼ਿਆਦਾਤਰ ਅਮਰੀਕਾ ਵਰਗੇ ਅਮੀਰ ਮੁਲਕਾਂ ਨਾਲ ਹੋਣ ਕਰਕੇ ਬਹੁਤ ਹੀ ਘਾਟੇ ਦਾ ਸੌਦਾ ਸੀ ਅਤੇ ਇਸ ਵਾਸਤੇ ਬਹੁਤ ਭਾਰੀ ਕੀਮਤ ਅਦਾ ਕਰਨੀ ਪੈਂਦੀ ਸੀ। ਇਸ ਸਮੇਂ ਸਾਡੇ ਦੇਸ਼ ਦਾ ਖੇਤੀਬਾੜੀ ਮੰਤਰਾਲਾ, ਖੇਤੀ ਯੂਨੀਵਰਸਿਟੀਆਂ ਅਤੇ ਖੇਤੀ ਨਾਲ ਜੁੜੇ ਹੋਰ ਅਦਾਰੇ ਦੇਸ਼ ਵਿਚ ਖੇਤੀ ਪੈਦਾਵਾਰ ਵਧਾਉਣ ਦੇ ਢੰਗ ਤਰੀਕਿਆਂ ਦੀ ਖੋਜ ਵਿਚ ਰੁੱਝੇ ਹੋਏ ਸਨ। ਇਸ ਸਮੇਂ ਜ਼ਿਆਦਾ ਸੰਭਾਵਨਾਵਾਂ ਪੰਜਾਬ ਦੀ ਖੇਤੀ 'ਤੇ ਟਿਕੀਆਂ ਹੋਈਆਂ ਸਨ ਕਿਉਂਕਿ ਪੰਜਾਬ ਨੂੰ ਕੁਦਰਤ ਨੇ ਜਰਖੇਜ਼ ਮਿੱਟੀ ਅਤੇ ਦਰਿਆਈ ਪਾਣੀਆਂ ਨਾਲ ਨਿਵਾਜ਼ਿਆ ਹੈ। ਖੇਤੀ ਨੂੰ ਵਧੀਆ ਤਰੀਕੇ ਨਾਲ ਕਰਨ ਵਿਚ ਮਾਹਿਰ ਹੋਣ ਕਾਰਨ ਇੱਥੋਂ ਦੇ ਕਿਸਾਨ ਵਿਸ਼ਵ ਪ੍ਰਸਿੱਧ ਹਨ। ਉਹ ਖੇਤੀ ਦੀਆਂ ਆਧੁਨਿਕ ਵਿਧੀਆਂ ਨੂੰ ਬਹੁਤ ਛੇਤੀ ਅਪਣਾ ਲੈਂਦੇ ਹਨ।

ਖੇਤੀ ਸੈਕਟਰ ਦੀਆਂ ਆਸਾਂ ਨੂੰ ਓਦੋਂ ਬੂਰ ਪਿਆ ਜਦ ਸੁਧਰੇ ਹਾਈਬ੍ਰਿਡ ਬੀਜਾਂ, ਰਸਾਇਣਕ ਖਾਦਾਂ, ਕੀਟਨਾਸ਼ਕ ਦਵਾਈਆਂ, ਖੇਤੀ ਮਸ਼ੀਨਰੀ ਦੀ ਵਰਤੋਂ ਅਤੇ ਕਿਸਾਨ ਦੀ ਮਿਹਨਤ ਕਾਰਨ ਦੇਸ਼ ਵਿਚ ਹਰੀ ਕ੍ਰਾਂਤੀ ਆਈ। ਨਤੀਜੇ ਵਜੋਂ ਖੇਤੀ ਉਤਪਾਦਨ ਇਕ ਦਮ ਬਹੁਤ ਵਧ ਗਿਆ ਅਤੇ ਦੇਸ਼ ਦੇ ਅੰਨ ਭੰਡਾਰ ਅਨਾਜ ਨਾਲ ਭਰ ਗਏ। ਅਨਾਜ ਵਾਸਤੇ ਵਿਦੇਸ਼ਾਂ ਉੱਪਰ ਨਿਰਭਰਤਾ ਖ਼ਤਮ ਹੋ ਗਈ ਅਤੇ ਦੇਸ਼ ਦੀ ਅਰਬਾਂ ਰੁਪਏ ਦੀ ਬੱਚਤ ਹੋ ਗਈ। ਹਰੀ ਕ੍ਰਾਂਤੀ ਤੋਂ 6-7 ਸਾਲ ਬਾਅਦ ਤਕ ਤਾਂ ਇਹ ਪ੍ਰਤੀਤ ਹੁੰਦਾ ਰਿਹਾ ਕਿ ਹੁਣ ਅੰਨਦਾਤਾ ਖ਼ੁਸ਼ਹਾਲ ਹੋ ਜਾਵੇਗਾ ਪਰ ਦੇਖਦੇ-ਦੇਖਦੇ ਹੀ ਸਭ ਉਲਟ ਹੋਣ ਲੱਗਿਆ। ਆਖਿਰ ਹਰੀ ਕ੍ਰਾਂਤੀ ਦਾ ਕਿਸਾਨ ਨੂੰ ਮਿਲਣ ਵਾਲਾ ਫਾਇਦਾ ਕਿੱਧਰ ਗਿਆ? ਕਿਉਂ ਓਦੋਂ ਤੋਂ ਲੈ ਕੇ ਅੱਜ ਤਕ ਕਿਸਾਨ ਕੰਗਾਲ ਹੁੰਦਾ ਚਲਾ ਗਿਆ ਅਤੇ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ? ਰਾਜਨੀਤਕ, ਸਮਾਜਿਕ ਅਤੇ ਆਰਥਿਕ ਕਾਰਨਾਂ ਦੇ ਨਾਲ ਨਾਲ ਇਸ ਦਾ ਅਸਲ ਕਾਰਨ ਬਹੁ-ਕੌਮੀ ਨਿੱਜੀ ਕੰਪਨੀਆਂ ਦਾ ਖੇਤੀ ਸੈਕਟਰ ਵਿਚ ਵੱਡੇ ਪੱਧਰ ਤੇ ਪ੍ਰਵੇਸ਼ ਕਰਨਾ ਹੈ। ਸਰਕਾਰ ਵੱਲੋਂ ਨੂੰ ਵਧ ਤਰਜੀਹ ਦੇਣ ਕਾਰਨ ਨਿੱਜੀ ਬਹੁ-ਕੌਮੀ ਵੱਡ ਆਕਾਰੀ ਕੰਪਨੀਆਂ ਨੇ ਖੇਤੀ ਸੈਕਟਰ ਵਿਚ ਅਜਿਹੇ ਪੈਰ ਪਸਾਰੇ ਕਿ ਕਿਸਾਨ ਨੂੰ ਮਿਲਣ ਵਾਲੇ ਲਾਭ ਚਟਮ ਕਰ ਗਈਆਂ । ਹੈਰਾਨੀਜਨਕ ਤੱਥ ਹੈ ਕਿ ਅੱਜ ਖੇਤੀ ਵਿਚ ਸੁਧਰੇ ਹਾਈਬ੍ਰਿਡ ਬੀਜਾਂ, ਕੀਟਨਾਸ਼ਕ ਦਵਾਈਆਂ, ਰਸਾਇਣਕ ਖਾਦਾਂ ਅਤੇ ਖੇਤੀ ਮਸ਼ੀਨਰੀ ਦਾ ਪੂਰੇ ਦਾ ਪੂਰਾ ਪ੍ਰਬੰਧ ਨਿੱਜੀ ਕੰਪਨੀਆਂ ਹਵਾਲੇ ਕਰਕੇ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਹੈ। ਇਸ ਦੀ ਮਿਸਾਲ ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬ ਦੀ ਇਕੱਲੀ ਨਰਮਾ ਪੱਟੀ ਵਿਚ ਤਕਰੀਬਨ 10 ਲੱਖ ਏਕੜ ਏਰੀਏ ਵਿਚ ਨਰਮੇ ਦੀ ਕਾਸ਼ਤ ਹਰ ਸਾਲ ਕੀਤੀ ਜਾਂਦੀ ਹੈ। ਇਕ ਏਕੜ ਦੀ ਬਿਜਾਈ ਵਾਸਤੇ ਨਰਮੇ ਦੇ ਬੀਟੀ ਬੀਜ ਦੇ ਤਿੰਨ ਪੈਕਟਾਂ ਦੀ ਲੋੜ ਪੈਂਦੀ ਹੈ।

ਜੇਕਰ ਇਕ ਪੈਕਟ ਦੀ ਕੀਮਤ ਔਸਤਨ 800/- ਰੁਪਏ ਵੀ ਲਗਾਈ ਜਾਵੇ ਤਾਂ ਤਕਰੀਬਨ ਕਰੋੜਾਂ ਦਾ ਬੀ ਟੀ ਨਰਮੇ ਦਾ ਬੀਜ ਸਿਰਫ਼ ਅਪ੍ਰੈਲ ਮਈ ਮਹੀਨੇ ਵਿਚ ਹੀ ਕਿਸਾਨਾਂ ਨੂੰ ਵੇਚ ਕੇ ਬਹੁ-ਕੌਮੀ ਬੀਜ ਕੰਪਨੀਆਂ ਆਪਣਾ ਲਾਭ ਕਮਾ ਲੈਂਦੀਆਂ ਹਨ। ਹਰੀ ਕ੍ਰਾਂਤੀ ਤੋਂ ਪਹਿਲਾਂ ਕਿਸਾਨ ਆਪਣੀ ਫਸਲ ਵਿੱਚੋਂ ਹੀ ਬੀਜ ਵਾਸਤੇ ਵਰਤ ਲੈਂਦਾ ਸੀ ਪਰ ਕੰਪਨੀਆਂ ਵਧ ਝਾੜ ਅਤੇ ਮੁਨਾਫ਼ੇ ਦੇ ਲਾਲਚ ਵਿਚ ਸਿਰਫ਼ ਇਕ ਵਾਰ ਹੀ ਬੀਜੇ ਜਾਣ ਵਾਲੇ ਬੀਜ (ਟਰਮੀਨੇਟਰ ਸੀਡ) ਈਜਾਦ ਕਰ ਲਏ। ਇਨ੍ਹਾਂ ਬੀਜਾਂ ਤੋਂ ਪੈਦਾ ਹੋਈ ਫ਼ਸਲ ਦੇ ਬੀਜ ਅਗਲੇ ਸਾਲ ਬਿਜਾਈ ਵਾਸਤੇ ਨਹੀਂ ਵਰਤੇ ਜਾ ਸਕਦੇ ਅਤੇ ਕਿਸਾਨ ਨੂੰ ਮਜਬੂਰਨ ਅਗਲੇ ਸਾਲ ਫਿਰ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬਿਜਾਈ ਤੋਂ ਬਾਅਦ ਨਰਮੇ ਦੀ ਫ਼ਸਲ ਨੂੰ ਕੀੜਿਆਂ ਅਤੇ ਹੋਰ ਬਿਮਾਰੀਆਂ ਤੋਂ ਬਚਾਉਣ ਲਈ ਸਪਰੇਅ ਜ਼ਹਿਰਾਂ ਦੀ ਲੋੜ ਪੈਂਦੀ ਹੈ। ਨਰਮੇ ਦੀ ਇਕ ਏਕੜ ਫ਼ਸਲ ਤੇ ਕਿਸਾਨ ਤਕਰੀਬਨ 8000/- ਰੁਪਏ ਦੀਆਂ ਦਵਾਈਆਂ ਛਿੜਕ ਦਿੰਦਾ ਹੈ। ਕਈ ਵਾਰ ਚਿੱਟੇ ਮੱਛਰ ਜਾਂ ਹੋਰ ਬਿਮਾਰੀਆਂ ਕਰਕੇ ਇਹ ਖਰਚਾ ਵੱਧ ਵੀ ਸਕਦਾ ਹੈ। ਨਤੀਜੇ ਵਜੋਂ ਨਰਮਾ ਪੱਟੀ ਦਾ ਕਰੋੜਾਂ ਦਾ ਸਪਰੇਆਂ ਦਾ ਖਰਚ ਵੀ ਨਿੱਜੀ ਕੰਪਨੀਆਂ ਨੂੰ ਲਾਭ ਵਜੋਂ ਚਲਾ ਜਾਂਦਾ ਹੈ। ਇਸੇ ਤਰ੍ਹਾਂ ਰਸਾਇਣਕ ਖਾਦਾਂ ਦੇ ਮਸਲੇ ਵਿਚ ਇਕ ਏਕੜ ਵਿਚ ਜੇ ਇਕ ਬੈਗ ਡੀਏਪੀ ਅਤੇ ਦੋ ਬੈਗ ਨਾਈਟਰੋਜਨੀ ਖਾਦਾਂ ਦੀ ਔਸਤਨ ਵਰਤੋਂ ਕੀਤੀ ਜਾਵੇ ਤਾਂ ਇਕ ਏਕੜ ਵਿਚ ਕੁੱਲ ਖਰਚੇ ਦੇ ਹਿਸਾਬ ਨਾਲ ਕਰੋੜ ਰੁਪਏ ਕੰਪਨੀਆਂ ਡਕਾਰ ਜਾਂਦੀਆਂ ਹਨ।





ਪੰਜਾਬ ਵਿਚ ਖੇਤੀਬਾੜੀ ਤੇ ਵਰਤੀਆਂ ਜਾਣ ਵਾਲੀਆਂ ਕੀਟਨਾਸ਼ਕ ਦਵਾਈਆਂ, ਹਾਈਬ੍ਰਿਡ ਬੀਜ, ਰਸਾਇਣਕ ਖਾਦਾਂ ਦੇ ਕੁਲ ਖਰਚ ਦੇ ਸਹੀ ਅੰਕੜੇ ਕਿਸੇ ਵੀ ਵਿਭਾਗ ਜਾਂ ਕੰਪਨੀ ਕੋਲ ਉਪਲੱਬਧ ਨਹੀਂ ਹਨ ਜਾਂ ਉਹ ਜਾਣ ਬੁਝ ਕੇ ਸਰਕਾਰ ਵੱਲੋਂ ਕਦੇ ਨਸ਼ਰ ਨਹੀਂ ਕੀਤੇ ਗਏ। ਇਹ ਆਪਣੇ ਆਪ ਵਿਚ ਇਕ ਰਹੱਸ ਹੈ। ਉੱਪਰ ਦਰਸਾਏ ਗਏ ਅੰਕੜੇ ਸਿਰਫ਼ ਮਾਲਵਾ ਖੇਤਰ ਦੀ ਨਰਮਾ ਪੱਟੀ ਨਾਲ ਸਬੰਧਿਤ ਇਕ ਅੰਦਾਜ਼ਾ ਹੈ ਅਤੇ ਜੇਕਰ ਸਮੁੱਚੇ ਪੰਜਾਬ ਦੀ ਖੇਤੀ ਦੇ ਅੰਕੜਿਆਂ ਦਾ ਅਧਿਐਨ ਕੀਤਾ ਜਾਵੇ ਤਾਂ ਨਤੀਜੇ ਹੋਰ ਵੀ ਹੈਰਾਨੀਜਨਕ ਹੋਣਗੇ। ਖੇਤੀ ਪ੍ਰਧਾਨ ਹੋਣ ਦੇ ਬਾਵਜੂਦ ਭਾਰਤ ਸਰਕਾਰ ਦੇਸ਼ ਦੀ ਖੇਤੀ ਵਾਸਤੇ ਦੇਸ਼ ਵਿਚ ਹੀ ਰਸਾਇਣਕ ਖਾਦਾਂ ਤਿਆਰ ਕਰਨ ਵਿਚ ਬੁਰੀ ਤਰ੍ਹਾਂ ਅਸਫ਼ਲ ਹੈ। ਵਰਤਮਾਨ ਸਮੇਂ ਵਿਚ ਖੇਤੀ ਲੋੜ ਵਾਸਤੇ ਸਰਕਾਰ 40 ਫੀਸਦੀ ਯੂਰੀਆ, 97 ਫੀਸਦੀ ਡੀਏਪੀ ਅਤੇ 100 ਪੋਟਾਸ਼ ਖਾਦਾਂ ਅਜੇ ਵੀ ਵਿਦੇਸ਼ਾਂ ਤੋਂ ਦਰਾਮਦ ਕਰਦੀ ਹੈ।

ਖੇਤੀ ਮਸ਼ੀਨਰੀ ਦਾ ਕਾਰੋਬਾਰ ਵੀ ਪੂਰੇ ਦਾ ਪੂਰਾ ਨਿੱਜੀ ਕੰਪਨੀਆਂ ਕੋਲ ਹੀ ਹੈ। ਬਹੁਤ ਸਾਰੀਆਂ ਬਹੁਕੌਮੀ ਕੰਪਨੀਆਂ ਨੇ ਖੇਤੀ ਸੰਦਾਂ ਵਿਸ਼ੇਸ਼ ਕਰਕੇ ਟਰੈਕਟਰ, ਕੰਬਾਈਨ ਹਾਰਵੈਸਟਰ ਆਦਿ ਖੇਤਰਾਂ ਵਿਚ ਆਪਣੇ ਪੈਰ ਪਸਾਰ ਰੱਖੇ ਹਨ ਅਤੇ ਕੀਮਤਾਂ ਵੀ ਆਪਣੀ ਮਰਜ਼ੀ ਨਾਲ ਹੀ ਨਿਰਧਾਰਿਤ ਕਰਦੀਆਂ ਹਨ। ਇਹ ਬਹੁਕੌਮੀ ਕੰਪਨੀਆਂ ਐਨਾਂ ਜ਼ਿਆਦਾ ਅਸਰ ਰਸੂਖ ਰੱਖਦੀਆਂ ਹਨ ਕਿ ਸਰਕਾਰ ਵੀ ਇਨ੍ਹਾਂ ਦੀਆਂ ਮਨਮਰਜ਼ੀਆਂ 'ਤੇ ਰੋਕ ਨਹੀ ਲਗਾਉਂਦੀ। ਕਿਸਾਨ ਵਿਚਾਰਾ ਅੱਜ ਵੀ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋਈ ਜਾ ਰਿਹਾ ਹੈ। ਮਹੱਤਵਪੂਰਨ ਸੱਚਾਈ ਇਹ ਹੈ ਕਿ ਖੇਤੀ ਨਾਲ ਜੁੜੇ ਇਸ ਵਿਸ਼ਾਲ ਖੇਤਰ ਨੂੰ ਸਿਰਫ਼ ਨਿੱਜੀ ਹੱਥਾਂ ਵਿਚ ਸੌਂਪ ਕੇ ਕਿਸਾਨ ਦੀ ਨਿਰੰਤਰ ਹੁੰਦੀ ਲੁੱਟ ਨੂੰ ਅਣਗੌਲਿਆਂ ਕਰਕੇ ਸਰਕਾਰਾਂ ਸੁਰਖ਼ਰੂ ਨਹੀਂ ਹੋ ਸਕਦੀਆਂ। ਇਨ੍ਹਾਂ ਤੱਥਾਂ ਨੂੰ ਜੇਕਰ ਹੁਣ ਵੀ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਬਹੁਤ ਦੇਰ ਹੋ ਜਾਵੇਗੀ। •




**ਪੂਜਾ ਨੂੰ ਦਿਲ ਦੀ ਸਮੱਸਿਆ ਸੀ, ਇਸ ਦੇ ਬਾਵਜੂਦ ਉਹ ਉਸ ਨੂੰ ਦਿਲੋਂ ਚਾਹੁੰਦਾ ਸੀ। ਇਸੇ ਵਿੱਚਕਾਰ ਪੁਲਿਸ ਨੇ ਫ਼ੋ ਕਾਲ ਡਿਟੇਲਾਂ ਕਢਵਾਈਆਂ ਤਾਂ ਘਟਨਾ ਦੀ ਰਾਤ ਨੂੰ ਉਸ ਦੀ ਇਕ ਨੰਬਰ ਤੇ ਕਈ ਵਾਰ ਗੱਲ ਹੋਈ ਸੀ। ਉਸ ਨੰਬ ਦੀ ਲੁਕੇਸ਼ਨ ਰਾਜਸਥਾਨ ਦੇ ਹਨੂਮਾਨਗੜ੍ਹ ਦੀ ਮਿਲ ਰਹੀ ਸੀ। ਜਦਕਿ ਘਟਨਾ ਵਾਲੀ ਰਾਤ ਨੂੰ ਉਸ ਦੀ ਲੁਕੇਸ਼ਨ ਰਾਉ ਦੇ ਆਸ ਪਾਸ ਸੀ। ਉਹ ਨੰਬਰ ਕਰਨ ਸਿੰਘ ਸਿੱਧੂ ਦੇ ਨਾਂ ਸੀ। ਪੁਲਿਸ ਹਨੂਮਾਨਗੜ੍ਹ ਰਵਾਨਾ ਹੋ ਗਈ। ਅਗਲੇ ਦਿ ਯਸ਼ਪਾਲ ਦੇ ਭਰਾ ਤੇ ਮਾਪੇ ਆ ਗਏ। ਕਰਨ ਸਿੰਘ ਨੂੰ ਪਕੜ ਲਿਆਂਦਾ ਤੇ ਉਸ ਦੀ ਪਤਨੀ ਪੂਜਾ ਨੂੰ ਵੀ ਪਕੜ ਲਿਆ**

# ਜਾਨ ਤੋਂ ਜ਼ਿਆਦਾ ਪਿਆਰੀ ਪਤਨੀ ਹੀ ਬਣ ਗਈ ਜਾਨ ਦੀ ਦੁਸ਼ਮਣ

ਚਮੇਲੀ (ਉਤਰਾਖੰਡ) ਦਾ ਰਹਿਣ ਵਾਲਾ 30 ਸਾਲਾ ਯਸ਼ਪਾਲ ਸਿੰਘ ਬਿਸ਼ਟ ਪਿਛਲੇ 6 ਸਾਲਾਂ ਤੋਂ ਇੰਦੌਰ ਦੇ ਏ. ਬੀ., ਰੋਡ, ਰਾਊ ਸਥਿਤ ਓਮਪ੍ਰਕਾਸ਼ ਚੌਧਰੀ ਦੇ ਕਮਾਨ ਵਚ ਰਹਿ ਰਿਹਾ ਸੀ। ਉਹ ਇੰਦੌਰ ਵਿੱਚ ਸਿਪਲਾ ਦਵਾਈ ਕੰਪਨੀ ਵਿੱਚ ਮੈਨੇਜਰ ਵਜੋਂ ਨੌਕਰੀ ਕਰਦਾ ਸੀ। ਸਿੱਧਾ ਸਾਦਾ ਯਸ਼ਪਾਲ ਆਪਣੇ ਕੰਮ ਵਿੱਚ ਬਿਜ਼ੀ ਰਹਿਣ ਵਾਲਾ ਸੀ। ਖੁਸ਼ੀ ਦੀ ਵਜ੍ਹਾ ਇਹ ਸੀ ਕਿ 20 ਜੂਨ ਨੂੰ ਉਸ ਦਾ ਜਨਮ ਦਿਨ ਆਉਣ ਵਾਲਾ ਸੀ। ਉਸਦੀ ਪਤਨੀ ਨੇ ਫ਼ੋਨ ਕਰਕੇ ਦੇਖਿਆ ਕਿ ਉਹ ਉਸ ਨੂੰ ਖਾਸ ਤੋਹਫ਼ਾ ਦੇਵੇਗੀ। ਉਸ ਨੇ ਪਤਨੀ ਨੂੰ ਕਣ. ਵਾਰ ਪੁੱਛਿਆ ਕਿ ਉਹ ਤੋਹਫ਼ੇ ਵਿੱਚ ਕੀ ਦੇਵੇਗੀ, ਪਰ ਉਸ ਨੇ ਜਵਾਬ ਵਿੱਚ ਕਿਹਾ ਕਿ ਇਹ ਸਸਪੈਂਸ ਹੈ। ਯਸ਼ਪਾਲ 20 ਜੂਨ ਨੂੰ ਆਪਣੇ ਜਨਮ ਦਿਨ ਦਾ ਇੰਤਜ਼ਾਰ ਕਰ ਰਿਹਾ ਸੀ। ਉਹ ਕਾਲਜ ਦੇ ਦਿਨਾਂ ਤੋਂ ਹੀ ਪੂਜਾ ਭੰਡਾਰੀ ਉਰਫ ਪੂਜੂ ਨੂੰ ਚਾਹੁੰਦਾ ਸੀ। ਦੋਵੇਂ ਇਕ ਹੀ ਕਾਲਜ ਵਿੱਚ ਪੜ੍ਹਦੇ ਸਨ। ਪੂਜਾ ਵੀ ਚਮੇਲੀ ਦੀ ਰਹਿਣ ਵਾਲਾ ਸੀ। ਪੜ੍ਹਾਈ ਦੌਰਾਨ ਹੀ ਦੋਵਾਂ ਦੀ ਮੁਲਾਕਾਤ ਹੋਈ ਅਤੇ ਚੰਗੇ ਦੋਸਤ ਬਣ ਗਏ। ਪੂਜਾ ਦੇ ਹਾਰਟ ਵਿੱਚ ਵਾਲਵ ਵਿੱਚ ਛੇਕ ਸੀ। ਅਸਲੀਅਤ ਪਤਾ ਲੱਗਦੇ ਹੀ ਯਸ਼ਪਾਲ ਨੂੰ ਬਹੁਤ ਦੁੱਖ ਹੋਇਆ। ਉਹ ਉਸਨੂੰ ਹਸਪਤਾਲ ਲੈ ਗਿਆ ਅਤੇ ਜਦੋਂ ਉਸਨੂੰ ਹੋਸ਼ ਨਾ ਆਇਆ ਉਦੋਂ ਤੱਕ ਉਹ ਉਸ ਦੇ ਕੋਲਹੀ ਰਿਹਾ। ਪੂਜਾ ਠੀਕ ਹੋ ਗਈ ਪਰ ਡਾਕਟਰਾਂ ਦੀ ਰਿਪੋਰਟ ਵਿੱਚ ਦੱਸਿਆ ਕਿ ਉਸਨੂੰ ਗੰਭੀਰ ਬਿਮਾਰੀ ਹੈ ਅਤੇ ਉਸ ਬਿਮਾਰੀ ਨਾਲ ਉਸਦੀ ਜਾਨ ਵੀ ਜਾ ਸਕਦੀ ਹੈ।

ਪੜ੍ਹਾਈ ਕਰਕੇ ਯਸ਼ਪਾਲ ਨੇ ਨੌਕਰੀ ਲਈ ਅਪਲਾਈ ਕੀਤਾ। ਇਸੇ ਦਾ ਨਤੀਜਾ ਇਹ ਹੋਇਆ ਕਿ ਉਸਨੂੰ ਦਵਾਈ ਕੰਪਨੀ ਸਿਪਲਾ ਵਿੱਚ ਨੌਕਰੀ ਮਿਲ ਗਈ। ਘਰ ਵਾਲਿਆਂ ਨੇ ਉਸਦੇ ਵਿਆਹ ਬਾਰੇ ਗੱਲ ਤੋਰੀ ਤਾਂ ਉਸਨੇ ਆਫ਼ ਕਹਿ ਦਿੱਤਾ ਕਿ ਉਹ ਵਿਆਹ ਕਰੇਗਾ ਤਾਂ ਸਿਰਫ਼ ਪੂਜਾ ਨਾਲ। ਆਖਿਰ 2012 ਵਿੱਚ ਉਹਨਾਂ ਦਾ ਵਿਆਹ ਹੋ ਗਿਆ।

ਵਿਆਹ ਤੋਂ ਬਾਅਦ ਯਸ਼ਪਾਲ ਪੂਜਾ ਨੂੰ ਲੈ ਕੇ ਇੰਦੌਰ ਚਲਿਆ ਗਿਆ। ਉਥੇ ਹੀ ਉਹ ਪੂਜਾ ਦੀ ਤਬੀਅਤ ਖਰਾਬ ਹੋਣ ਲੱਗੀ। ਉਸਨੂੰ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਸੀ। ਡਾਕਟਰਾਂ ਨੇ ਜਾਂਚ ਵਿੱਚ ਦੱਸਿਆ ਕਿ ਜੇਕਰ ਉਹ ਪਹਾੜੀ ਖੇਤਰ ਵਿੱਚ ਰਹਿਣ ਲੱਗੇ ਤਾਂ ਜ਼ਿਆਦਾ ਪ੍ਰੇਸ਼ਾਨੀ ਨਹੀਂ ਹੋਵੇਗੀ। ਦੇਹਰਾਦੂਨ ਵਿੱਚ ਯਸ਼ਪਾਲ ਦੇ ਮਾਮਾ-ਮਾਮੀ ਰਹਿੰਦੇ ਸਨ। ਉਹਨਾਂ ਨੇ ਪੂਜਾ ਦੀ ਹਰ ਤਰ੍ਹਾਂ ਨਾਲ ਦੇਖਭਾਲ ਕਰਨ ਦੀ ਗੱਲ ਕਹੀ। ਯਸ਼ਪਾਲ ਨੇ ਦੇਹਰਾਦੂਨ ਵਿੱਚ ਰਾਜਪੁਰਾ ਰੋਡ ਤੇ ਆਪਣੇ ਮਾਮਲੇ ਦੇ ਕੋਲ ਪੂਜਾ ਦੇ ਰਹਿਣ ਦਾ ਇੰਤਜ਼ਾਮ ਕਰ ਦਿੱਤਾ। ਉਹ ਹਰ ਮਹੀਨੇ ਪੂਜਾ ਨੂੰ ਮਿਲਣ ਆਉਂਦਾ ਅਤੇ ਡਾਕਟਰਾਂ ਨੂੰ ਦਿਖਾਉਂਦਾ। ਦਵਾਈ ਵਗੈਰਾ ਦਾ ਇੰਤਜ਼ਾਮ ਕਰਕੇ ਉਹ ਵਾਪਸ ਚਲਿਆ ਜਾਂਦਾ।ਇਹ ਸਿਲਸਿਲਾ 4 ਸਾਲ ਚਲਦਾ ਰਿਹਾ। ਆਪਣੇ ਕਮਰੇ ਵਿੱਚ ਪੂਜਾ ਦਿਨ ਭਰ ਇਕੱਲੀ ਰਹਿੰਦੀ ਸੀ, ਜਿਸ ਕਰਕੇ ਬੋਰੀਅਤ ਹੋਣ ਲੱਗੀ ਸੀ। ਸਮਾਂ ਪਾਸ ਕਰਨ ਲਈ ਉਸ ਨੇ ਇੰਟਰਨੈਟ ਤੇ ਫ਼ਰੈਂਡ ਲੱਭ ਲਏ। ਆਪਣੇ ਸਟੇਟਸ ਵਿੱਚ ਉਸ ਨੇ ਆਪਣੇ ਆਪ ਨੂੰ ਕੁਆਰੀ ਦੱਸਿਆ। ਪੂਜਾ ਦੀ ਖ਼ੂਬਸੂਰਤੀ ਦੇਖ ਕੇ ਫ਼ੇਸਬੁੱਕ ਤੇ ਲੜਕਿਆਂ ਦੀ ਲਾਈਨ ਲੱਗ ਗਈ। ਹੁਣ ਉਸਦਾ ਜ਼ਿਆਦਾਤਰ ਵਕਤ ਇੰਟਰਨੈਟ ਤੇ ਬੀਤਣ ਲੱਗਿਆ। ਕਦੀ ਕਦੀ ਉਹ ਚੈਟਿੰਗ ਵਿੱਚ ਇੰਨਾ ਗੁਆਚ ਜਾਂਦੀ ਕਿ ਉਸਨੂੰ ਆਪਣੇ ਪਤੀ ਦੀ ਫ਼ਿਕਰ ਨਾ ਰਹਿੰਦੀ। ਇਸੇ ਵਿੱਚਕਾਰ ਪੂਜਾ ਨੂੰ ਫ਼ੇਸਬੁੱਕ ਫ਼ਰੈਂਡ ਕਰਨ ਸਿੰਘ ਸਿੱਧੂ ਦੇ ਰੂਪ ਵਿੱਚ ਨਵਾਂ ਪਿਆਰ ਮਿਲ ਗਿਆ ਸੀ। ਕਰਨ ਦੇ ਚੱਕਰ ਵਿੱਚ ਉਹ ਆਪਣੇ ਪਤੀ ਨੂੰ ਭੁੱਲਦੀ ਜਾ ਰਹੀ ਸੀ। ਕਰਨ ਸਿੰਘ ਕੋਟਾ ਰਾਜਸਥਾਨ ਦਾ ਰਹਿਣ ਵਾਲਾ ਸੀ। ਸੁੰਦਰ ਅਤੇ ਸਮਾਰਟ ਸਿੱਧੂ ਨੇ ਫ਼ੇਸਬੁੱਕ ਡਿਟੇਲਜ਼ ਮੁਤਾਬਕ ਖੁਦ ਨੂੰ ਏ.ਟੀ.ਐਸ. ਕਰਮਚਾਰੀ ਦੱਸਿਆ। ਪੂਜਾ ਕਰਨ ਦੀ ਦੀਵਾਨੀ ਹੋ ਗਈ। ਕਰਨ ਦੇ ਸਾਹਮਣੇ ਉਸਨੂੰ ਜਾਨ ਛਿੜਕਣ ਵਾਲਾ ਯਸ਼ਪਾਲ ਫ਼ਿੱਕਾ ਲੱਗਣ ਲੱਗਿਆ। ਉਹ ਹੌਲੀ ਹੌਲੀ ਯਸ਼ਪਾਲ ਤੋਂ ਦੂਰ ਹੁੰਦੀ ਜਾ ਰਹੀ ਸੀ ਅਤੇ ਕਰਨ ਦੇ ਕੋਲ ਆਉਂਦੀ ਜਾ ਰਹੀ ਸੀ। ਲੰਮੀ ਚੈਟਿੰਗ ਤੋਂ ਬਾਅਦ ਕਰਨ ਅਤੇ ਪੂਜਾ ਵਿੱਚਕਾਰ ਮੋਬਾਇਲ ਤੇ ਘੰਟਿਆਂ ਬੱਧੀ ਗੱਲਾਂ ਹੋਣਲੱਗੀਆਂ।

ਜਦੋਂ ਕਰਨ ਨੂੰ ਪਤਾ ਲੱਗਿਆ ਕਿ ਪੂਜਾ ਦੇਹਰਾਦੂਨ ਵਿੱਚ ਇਕੱਲੀ ਰਹਿੰਦੀ ਹੈ ਤਾਂ ਉਸ ਨੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਪੂਜਾ ਨੇ ਉਸਨੂੰ ਆਪਣਾ ਐਡਰੈਸ ਦੇ ਦਿੱਤਾ। ਉਸ ਤੋਂ ਬਾਅਦ ਕਰਨ ਪੂਜਾ ਨੂੰ ਮਿਲਣ ਦੇਹਰਾਦੂਨ ਜਾ ਪਹੁੰਚਿਆ। ਕਰਨ ਨੂੰ ਮਿਲ ਕੇ ਪੂਜਾ ਕਾਫ਼ੀ ਖੁਸ਼ ਹੋਈ। ਦਿਨ ਭਰ ਦੋਵੇਂ ਦੇਹਰਾਦੂਨ ਦੀਆਂ ਵਾਦੀਆਂ ਵਿੱਚ ਘੁੰਮੇ, ਕਰਨ ਨੂੰ ਮਿਲ ਕੇ ਪੂਜਾ ਕਾਫ਼ੀ ਖੁਸ਼ ਹੋਈ। ਰਾਤ ਨੂੰ ਕਰਨ ਪੂਜਾ ਦੇ ਕੋਲ ਰੁਕਿਆ। ਉਸ ਰਾਤ ਪੂਜਾ ਨੇ ਕਰਨ ਦੇ ਨਾਲ ਸੈਕਿੰਡ ਹਨੀਮੂਨ ਮਨਾਇਆ। ਉਸਨੂੰ ਇਹ ਹਨੀਮੂਨ ਪਹਿਲਾਂ ਵਾਲੇ ਤੋਂ ਜ਼ਿਆਦਾ ਚੰਗਾ ਲੱਗਿਆ। ਕਰਨ ਆਉਂਦਾ ਤਾਂ ਪੂਜਾ ਉਸ ਦਾ ਪੂਰਾ ਖਿਆਲ ਰੱਖਦੀ। ਉਹ ਉਸਨੂੰ ਆਪਣੀ ਦੇਹ ਦਾ ਸਵਾਦ ਹੀ ਨਹੀਂ ਚਖਾਉਂਦੀ, ਬਲਕਿ ਖਰਚ ਲਈ ਪੈਸੇ ਵੀ ਦਿੰਦੀ। ਕਹਿ ਸਕਦੇ ਹਾਂ ਕਿ ਪੂਜਾ ਦੇ ਰੂਪ ਵਿੱਚ ਕਰਨ ਨੂੰ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਮਿਲ ਗਈ ਸੀ। ਯਸ਼ਪਾਲ ਵੀ ਪੂਜਾ ਦੇ ਬਦਲ ਰਹੇ ਵਤੀਰੇ ਨੂੰ ਨੋਟ ਕਰ ਰਿਹਾ ਸੀ। ਉਸਨੂੰ ਕਿਸੇ ਨੇ ਸਲਾਹ ਦਿੱਤੀ ਕਿ ਉਹ ਨੌਕਰੀ ਛੱਡ ਦੇਵੇ ਅਤੇ ਦੇਹਰਾਦੂਨ ਵਿੱਚ ਕਿਸੇ ਕੰਪਨੀ ਵਿੱਚ ਅਪਲਾਈ ਕਰੇ। ਇਸ ਦਰਮਿਆਨ ਯਸ਼ਪਾਲ ਨੇ ਦੇਹਰਾਦੂਨ ਦੀ ਕੰਪਨੀ ਵਿੱਚ ਅਪਲਾਈ ਕੀਤਾ। ਉਧਰ ਪੂਜਾ ਪੂਰੀ ਤਰ੍ਹਾਂ ਕਰਨ ਨੂੰ ਦਿਲ ਤੋਂ ਉਤਾਰ ਚੁੱਕੀ ਸੀ। ਉਹ ਯਸ਼ਪਾਲ ਤੋਂ ਅਲੱਗ ਹੋ ਕੇ ਕਰਨ ਨਾਲ ਵਿਆਹ ਕਰਨ ਬਾਰੇ ਸੋਚਣ ਲੱਗੀ। ਕਰਨ ਵੀ ਉਸ ਨਾਲ ਵਿਆਹ ਕਰਨ ਲਈ ਤਿਆਰ ਸੀ। ਪਰ ਪੂਜਾ ਦੇ ਸਾਹਮਣੇ ਸਮੱਸਿਆ ਇਹ ਸੀ ਕਿ ਉਸ ਦੇ ਵਿਆਹੇ ਹੋਣ ਦੀ ਗੱਲ ਕਰਨ ਨੂੰ ਪਤਾ ਨਹੀਂ ਸੀ। ਪੂਜਾ ਯਸ਼ਪਾਲ ਨੂੰ ਤਲਾਕ ਦਿੱਤੇ ਬਿਨਾਂ ਉਸ ਨਾਲ ਵਿਆਹ ਨਹੀਂ ਕਰ ਸਕਦੀ ਸੀ। ਇਸੇ ਕਸ਼ਮਕਸ਼ ਵਿੱਚ ਅਚਾਨਕ ਉਸ ਦੇ ਮਨ ਵਿੱਚ ਆਇਆ ਕਿ ਕਿਉਂ ਨਾ ਕਰਨ ਨੂੰ ਸਾਫ਼ ਦੱਸ ਦਿੱਤਾ ਜਾਵੇ, ਸ਼ਾਇਦ ਉਹ ਕੋਈ ਰਸਤਾ ਕੱਢ ਦੇਵੇ।

ਇਕ ਦਿਨ ਪੂਜਾ ਨੇ ਕਰਨ ਨੂੰ ਕਹਿ ਦਿੱਤਾ ਕਿ ਉਹ ਵਿਆਹੀ ਹੈ, ਉਸ ਦਾ ਪਤੀ ਇੰਦੌਰ ਵਿੱਚ ਨੌਕਰੀ ਕਰਦਾ ਹੈ। ਪੂਜਾ ਦੀ ਗੱਲ ਸੁਣ ਕੇ ਉਹ ਕੁਝ ਦੇਰ ਹੱਸਿਆ ਅਤੇ ਫਿਰ ਇਸ ਭਰਮ ਵਿੱਚੋਂ ਕੱਢਣ ਲਈ ਪੂਜਾ ਨੇ ਉਸ ਨੂੰ ਵਿਆਹ ਦੀ ਐਲਬਮ ਦਿਖਾਈ। ਚਾਲਕ ਪੂਜਾ ਨੇ ਫ਼ੇਸਬੁੱਕ ਤੇ ਯਸ਼ਪਾਲ ਅਤੇ ਕਰਨ ਦੀ ਦੋਸਤੀ ਕਰਵਾ ਦਿੱਤੀ। ਕਰਨ ਸ਼ਾਤਿਰ ਕਿਸਮ ਦਾ ਇਨਸਾਨ ਸੀ। ਉਸ ਨੇ ਯਸ਼ਪਾਲ ਨੂੰ ਆਪਣੀਆਂ ਮਿੱਠੀਆਂ ਗੱਲਾਂ ਵਿੱਚ ਫ਼ਸਾ ਲਿਆ। ਇਸ ਦਰਮਿਆਨ ਯਸ਼ਪਾਲ ਨੂੰ ਵੀ ਦੇਹਰਾਦੂਨ ਦੀ ਇਕ ਦਵਾਈ ਕੰਪਨੀ ਵਿੱਚ ਨੌਕਰੀ ਮਿਲ ਗਈ ਸੀ। ਉਸ ਨੇ 1 ਜੁਲਾਈ ਨੂੰ ਆਪਣੀ ਦੂਜੀ ਨੌਕਰੀ ਜੁਆਇਨ ਕੀਤੀ। ਇਹ ਸੂਚਨਾ ਮਿਲਣ ਤੇ ਯਸ਼ਪਾਲ ਕਾਫ਼ੀ ਖੁਸ਼ ਹੋਇਆ। ਹੁਣ ਉਹ ਪੂਜਾ ਦੇ ਨਾਲ ਰਹਿ ਸਕਦਾ ਸੀ। ਉਸ ਨੇ ਇਹ ਖਬਰ ਸਭ ਤੋਂ ਪਹਿਲਾਂ ਪੂਜਾ ਨੂੰ ਸੁਣਾਈ। ਪੂਜਾ ਇਹ ਸੁਣ ਕੇ ਹੈਰਾਨ ਰਹਿ ਗਈ। ਯਸ਼ਪਾਲ ਦੇ ਆਉਣ ਤੋਂ ਬਾਅਦ ਉਸਦਾ ਕਰਨ ਨੂੰ ਮਿਲਣਾ ਸੰਭਵ ਨਹੀਂ ਸੀ। ਉਹ ਕੁਝ ਦੇਰ ਤੱਕ ਚੁੱਪ ਰਹੀ। ਯਸ਼ਪਾਲ ਹੈਲੋ ਹੈਲੋ ਕਰਦਾ ਸੀ ਪਰ ਪੂਜਾ ਫ਼ੋਨ ਕੱਟ ਦਿੰਦੀ ਸੀ। ਯਸ਼ਪਾਲ ਨੂੰ ਪੂਜਾ ਦਾ ਵਤੀਰਾ ਸਮਝ ਨਹੀਂ ਆ ਰਿਹਾ ਸੀ। ਫ਼ਿਰ 20 ਜੂਨ ਨੂੰ ਯਸ਼ਪਾਲ ਦਾ ਜਨਮ ਦਿਨ ਆ ਗਿਆ। ਇਸ ਤੋਂ ਇਕ ਹਫ਼ਤਾ ਪਹਿਲਾਂ ਯਸ਼ਪਾਲ ਦਾ ਜਨਮ ਦਿਨ ਸੀ। ਉਸ ਤੋਂ ਬਾਅਦ ਹਫ਼ਤਾ ਪਹਿਲਾਂ ਪੂਜਾ ਨੇ ਯਸ਼ਪਾਲ ਨੂੰ ਫ਼ੋਨ ਕਰਕੇ ਕਿਹਾ, ਇਸ ਵਾਰ ਤੁਹਾਡੇ ਜਨਮ ਦਿਨ 'ਤੇ ਇਕ ਖਾਸ ਤੋਹਫ਼ਾ ਭੇਜਾਂਗੀ। ਤੋਹਫ਼ੇ ਦੀ ਗੱਲ ਸੁਣ ਕੇ ਯਸ਼ਪਾਲ ਖੁਸ਼ ਹੋ ਗਏ, ਉਹ ਪੂਜਾ ਤੋਂ ਤੋਹਫ਼ੇ ਬਾਰੇ ਪੁੱਛਦਾ ਰਿਹਾ ਪਰ ਉਸ ਨੇ ਕੁਝ ਨਹੀਂ ਦੱਸਿਆ। ਆਖਿਰ ਉਹ 20 ਜੂਨ ਦਾ ਇੰਤਜ਼ਾਰ ਕਰਨ ਲੱਗਿਆ।

20 ਜੂਨ ਨੂੰ ਸਵੇਰ ਦਾ ਵਕਤ ਸੀ। ਓਮਪ੍ਰਕਾਸ਼ ਚੌਧਰੀ ਆਪਣੇ ਕਮਰੇ ਵਿੱਚ ਸੁੱਤਾ ਸੀ। ਉਸ ਵਕਤ ਉਹਨਾਂ ਦਾ ਮੋਬਾਇਲ ਵੱਜਿਆ। ਆਵਾਜ਼ ਆਈ, ਅੰਕਲ, ਮੈਂ ਫ਼ੈਕਟਰੀ ਜਾਣ ਦੇ ਲਈ ਤਿਆਰ ਹਾਂ। ਇੱਧਰ ਬਾਹਰ ਤੋਂ ਕਿਸੇ ਨੇ ਮੇਰੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ ਹੈ, ਇਸ ਕਰਕੇ ਤੁਹਾਨੂੰ ਪ੍ਰੇਸ਼ਾਨ ਕੀਤਾ।

ਉਹ ਬਾਹਰ ਨਿਕਲਿਆ ਅਤੇ ਵਿਵੇਕ ਦੇ ਕਮਰੇ ਵੱਲ ਚੱਲ ਪਿਆ। ਕਮਰੇ ਦੇ ਕੋਲ ਪਹੁੰਚ ਕੇ ਦੇਖਿਆ ਕਿ ਕਮਰਾ ਬਾਹਰ ਤੋਂ ਬੰਦ ਸੀ। ਉਸਨੇ ਦਰਵਾਜ਼ਾ ਖੋਲ੍ਹਿਆ ਅਤੇ ਵਿਵੇਕ ਨੇ ਡੱਬਾ ਚੁੱਕਿਆ ਅਤੇ ਬਾਹਰ ਨਿਕਲ ਗਿਆ।

ਦੂਜੀ ਮੰਜ਼ਿਲ ਤੇ ਯਸ਼ਪਾਲ ਰਹਿੰਦਾ ਸੀ। ਉਹ 7 ਸਾਲਾਂ ਤੋਂ ਇੱਥੇ ਰਹਿ ਰਿਹਾ ਸੀ। ਉਪਰ ਪਹੁੰਚ ਕੇ ਦੇਖਿਆ ਕਿ ਯਸ਼ਪਾਲ ਦੇ ਕਮਰੇ ਦੀ ਬੱਤੀ ਜਗ ਰਹੀ ਹੈ, ਜਦਕਿ ਉਸ ਕਮਰੇ ਦੇ ਦਰਵਾਜ਼ੇ ਤੇ ਬਾਹਰੋਂ ਜਿੰਦਰਾ ਲੱਗਿਆ ਸੀ। ਖਿੜਕੀ ਤੋਂ ਅੰਦਰ ਝਾਕਦੇ ਦੇਖਿਆ ਕਿ ਯਸ਼ਪਾਲ ਬੈਡ ਤੇ ਸੁੱਤਾ ਪਿਆ ਸੀ। ਇਹ ਦੇਖ ਕੇ ਉਹ ਹੈਰਾਨ ਰਹਿ ਗਿਆ। ਉਸਨੇ ਤੁਰੰਤ ਵਿਵੇਕ ਨੂੰ ਆਵਾਜ਼ ਮਾਰੀ, ਉਹ ਦੌੜ ਕੇ ਆਇਆ।

ਉਸ ਨੇ ਵੀ ਖਿੜਕੀ ਤੋਂ ਝਾਕ ਕੇ ਦੇਖਿਆ, ਦੋਵਾਂ ਨੇ ਗੌਰ ਨਾਲ ਦੇਖਿਆ ਤਾਂ ਉਹਨਾਂ ਨੂੰ ਲੱਗਿਆ ਕਿ ਸ਼ਯਸ਼ਪਾਲ ਦੇ ਮੂੰਹ ਤੋਂ ਝੱਗ ਨਿਕਲ ਰਹ ਸੀ। ਮਾਮਲਾ ਪੁਲਿਸ ਦਾ ਸੀ। ਇਸ ਕਰਕੇ ਪੁਲਿਸ ਨੂੰ ਸੂਚਨਾ ਦਿੱਤੀ ਅਤੇ ਪੁਲਿਸ ਆ ਗਈ।

ਜਿੰਦਰਾ ਤੋੜ ਕੇ ਪੁਲਿਸ ਨੇ ਕਮਰੇ ਵਿੱਚ ਦੇਖਿਆ ਤਾਂ ਯਸ਼ਪਾਲ ਦੇ ਮੂੰਹ ਵਿੱਚ ਰੂੰਈ ਫ਼ਸਾਈ ਹੋਈ ਸੀ। ਯਸ਼ਪਾਲ ਦੀ ਕਈ ਘੰਟੇ ਪਹਿਲਾਂ ਮੌਤ ਹੋ ਚੁੱਕੀ ਸੀ। ਲਾਸ਼ ਦਾ ਬਰੀਕੀ ਨਾਲ ਨਿਰੀਖਣ ਕੀਤਾ ਤਾਂ ਗਲੇ ਤੇ ਨਿਸ਼ਾਨ ਦਿਖਾਈ ਦਿੱਤੇ। ਜਿਸ ਤੋਂ ਲੱਗਿਆ ਕਿ ਉਸ ਦੀ ਹੱਤਿਆ ਕੀਤੀ ਗਈ ਹੈ। ਪੁਲਿਸ ਨੇ ਪਰਚਾ ਦਰਜ ਕਰ ਲਿਆ। ਕਮਰੇ ਦੀ ਤਲਾਸ਼. ਲਈ ਤਾਂ ਉਸ ਵਿੱਚ ਕਈ ਬੀਅਰ ਦੀਆਂ ਬੋਤਲਾਂ, ਨਮਕੀਨ, ਚਿਪਸ ਆਦਿ ਖੁੱਲ੍ਹੇ ਪੈਕਟ ਮਿਲੇ। ਮਕਾਨ ਮਾਲਕ ਓਮਪ੍ਰਕਾਸ਼ ਨੇ ਦੱਸਿਆ ਕਿ ਮਕਾਨ ਦੇ ਗੇਟ ਦੀਆਂ ਚਾਬੀਆਂ ਕਿਰਾਏਦਾਰ ਦੇ ਕੋਲ ਹਿੰਦੀਆਂ ਸਨ ਜੋ ਵੀ ਲੇਟ ਆਉਂਦਾ, ਉਹ ਗੇਟ ਖੋਲ੍ਹ ਕੇ ਅੰਦਰ ਆ ਜਾਂਦਾ ਸੀ। ਉਹ ਰਾਤ ਨੂੰ ਅਕਸਰ ਦਰਵਾਜ਼ਾ ਬੰਦ ਕਰ ਦਿੰਦੇ ਸਨ। ਬੀਤੀ ਰਾਤ ਜਦੋਂ ਉਹ ਦਰਵਾਜ਼ਾ ਬੰਦ ਕਰਨ ਲੱਗੇ ਤਾਂ ਯਸ਼ਪਾਲ ਨੇ ਕਿਹਾ ਕਿ ਰਾਤ ਨੂੰ ਉਸ ਦਾ ਭਰਾ ਆਉਣ ਵਾਲਾ ਹੈ। ਇਸ ਕਰਕੇ ਦਰਵਾਜਾ ਬੰਦ ਨਾ ਕਰਨ। ਸਵੇਰੇ ਵਿਵੇਕ ਨੇ ਉਸ ਨੂੰ ਜਗਾਇਆ ਅਤੇ ਦੱਸਿਆ ਕਿ ਕਮਰੇ ਦਾ ਦਰਵਾਜਾ ਬਾਹਰ ਤੋਂ ਬੰਦ ਹੈ। ਯਸ਼ਪਾਲ ਨਾਲ ਕੰਮ ਕਰਨ ਵਾਲਿਆਂ ਤੋਂ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਯਸ਼ਪਾਲ ਨਿਹਾਇਤ ਹੀ ਸ਼ਰੀਫ਼ ਅਤੇ ਨੇਕ ਦਿਲ ਇਨਸਾਨ ਸੀ। ਉਹ ਆਪਣੀ ਪਤਨੀ ਪੂਜਾ ਨੂੰ ਬਹੁਤ ਪਿਆਰ ਕਰਦਾ ਸੀ।

ਪੂਜਾ ਨੂੰ ਦਿਲ ਦੀ ਸਮੱਸਿਆ ਸੀ, ਇਸ ਦੇ ਬਾਵਜੂਦ ਉਹ ਉਸ ਨੂੰ ਦਿਲੋਂ ਚਾਹੁੰਦਾ ਸੀ। ਇਸੇ ਵਿੱਚਕਾਰ ਪੁਲਿਸ ਨੇ ਫ਼ੋਨ ਕਾਲ ਡਿਟੇਲਾਂ ਕਢਵਾਈਆਂ ਤਾਂ ਘਟਨਾ ਦੀ ਰਾਤ ਨੂੰ ਉਸ ਦੀ ਇਕ ਨੰਬਰ ਤੇ ਕਈ ਵਾਰ ਗੱਲ ਹੋਈ ਸੀ। ਉਸ ਨੰਬਰ ਦੀ ਲੁਕੇਸ਼ਨ ਰਾਜਸਥਾਨ ਦੇ ਹਨੂਮਾਨਗੜ੍ਹ ਦੀ ਮਿਲ ਰਹੀ ਸੀ। ਜਦਕਿ ਘਟਨਾ ਵਾਲੀ ਰਾਤ ਨੂੰ ਉਸ ਦੀ ਲੁਕੇਸ਼ਨ ਰਾਉ ਦੇ ਆਸ ਪਾਸ ਸੀ। ਉਹ ਨੰਬਰ ਕਰਨ ਸਿੰਘ ਸਿੱਧੂ ਦੇ ਨਾਂ ਸੀ। ਪੁਲਿਸ ਹਨੂਮਾਨਗੜ੍ਹ ਰਵਾਨਾ ਹੋ ਗਈ। ਅਗਲੇ ਦਿਨ ਯਸ਼ਪਾਲ ਦੇ ਭਰਾ ਅਤੇ ਮਾਪੇ ਆ ਗਏ। ਕਰਨ ਸਿੰਘ ਨੂੰ ਪਕੜ ਲਿਆਂਦਾ ਅਤੇ ਉਸ ਦੀ ਪਤਨੀ ਪੂਜਾ ਨੂੰ ਵੀ ਪਕੜ ਲਿਆ। ਪੂਜਾ ਨੇ ਪੁਲਿਸ ਨੂੰ ਦੱਸਿਆ ਕਿ ਇਕ ਹਫ਼ਤਾ ਪਹਿਲਾਂ ਜਦੋਂ ਯਸ਼ਪਾਲ ਦਾ ਫ਼ੋਨ ਆਇਆ ਕਿ ਉਹ ਹੁਣ ਦੇਹਰਾਦੂਨ ਹੀ ਰਹਿ ਸਕੇਗਾ ਤਾਂ ਉਸ ਦੀ ਸਮੱਸਿਆ ਵੱਧ ਗਈ ਕਿਉਂਕਿ ਉਹ ਕਰਨ ਨੂੰ ਚਾਹੁੰਦੀ ਸੀ। ਇਸ ਕਰਕੇ ਮਨਹੀ ਮਨ ਸੋਚਿਆ ਕਿ ਯਸ਼ਪਾਲ ਨੂੰ ਦੇਹਰਾਦੂਨ ਪਹੁੰਚਣ ਤੋਂ ਪਹਿਲਾਂ ਹੀ ਹਟਾ ਦਿੱਤਾ ਜਾਵੇ। ਇਸ ਲਈ ਪੂਜਾ ਨੇ ਕਰਨ ਨੂੰ ਆਪਣੇ ਕੋਲ ਬੁਲਾ ਲਿਆ। ਜੇਕਰ ਤੁਸੀਂ ਮੇਰੇ ਜਿਸਮ ਦਾ ਆਨੰਦ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਯਸ਼ਪਾਲ ਨੂੰ ਰਸਤੇ ਤੋਂ ਹਟਾਉਣਾ ਪਵੇਗਾ। 19 ਜੂਨ ਦੀ ਰਾਤ ਨੂੰ ਕਰਨ ਆਪਣੇ ਸਾਥੀਆਂ ਮਨੀਸ਼ ਸਿੰਘ ਅਤੇ ਰਾਜਿੰਦਰ ਸਿੰਘ ਦੇ ਨਾਲ ਇੰਦੌਰ ਪਹੁੰਚਿਆ। ਉਥੇ ਪਹੁੰਚਦੇ ਹੀ ਉਸਨੇ ਯਸ਼ਪਾਲ ਨੂੰ ਫ਼ੋਨ ਕੀਤਾ। ਯਸ਼ਪਾਲ ਉਹਨਾਂ ਨੂੰ ਲੈਣ ਸਟੇਸ਼ਨ ਪਹੁੰਚਿਆ।ਕਰਨ ਦੇ ਹੱਥ ਵਿੱਚ ਤੋਹਫ਼ਾ ਦੇਖ ਕੇ ਉਸਨੂੰ ਕਾਫ਼ੀ ਗੁੱਸਾ ਆਇਆ ਪਰ ਉਹ ਆਪਣਾ ਗੁੱਸਾ ਪੀ ਗਿਆ।

ਉਸਨੂੰ ਕੀ ਪਤਾ ਸੀ ਕਿ ਉਸ ਦੀ ਪਤਨੀ ਨੇ ਉਸ ਦੇ ਲਈ ਪਿਆਰ ਦਾ ਤੋਹਫ਼ਾ ਨਹੀਂ, ਬਲਕਿ ਮੌਤ ਦਾ ਤੋਹਫ਼ਾ ਭੇਜਿਆ ਹੈ। ਕਮਰੇ ਵਿੱਚ ਪਹੁੰਚਣ ਤੋਂ ਬਾਅਦ ਸਾਰੇ ਸ਼ਰਾਬ ਪੀਣ ਲੱਗੇ। ਕਰਨ ਨੇ ਯਸ਼ਪਾਲ ਨੂੰ ਜ਼ਿਆਦਾ ਪਿਆ ਦਿੱਤਾ ਅਤੇ ਉਹ ਬਿਸਤਰ ਤੇ ਲੇਟ ਗਿਆ। ਕਰਨ ਦੀਆਂ ਅੱਖਾਂ ਚਮਕੀਆਂ ਅਤੇ ਉਹਨਾਂ ਸਾਰਿਆਂ ਨੇ ਪਕੜ ਕੇ ਯਸ਼ਪਾਲ ਦਾ ਗਲਾ ਘੋਟ ਦਿੱਤਾ। ਉਸ ਦੇ ਮੂੰਹ ਵਿੱਚ ਰੂੰ ਤੁੰਨ ਦਿੱਤੀ ਤਾਂ ਜੋ ਆਵਾਜ਼ ਬਾਹਰ ਨਾ ਨਿਕਲ ਸਕੇ। ਇਸ ਤੋ ਬਾਅਦ ਉਹ ਉਥੋਂ ਫ਼ਰਾਰ ਹੋ ਗਏ।



# ਅਕਬਰ ਦੇ ਬਾਰੇ ਤੁਹਾਨੂੰ ਨਹੀਂ ਪਤਾ ਹੋਣਗੀਆਂ ਇਹ ਗੱਲਾਂ

**ਵਿਸ਼ੇਸ਼**

ਭਾਰਤ ਦੇ ਸਮਰਾਟ ਰਹੇ ਅਕਬਰ ਨੇ ਆਪਣੇ ਜੀਵਨ ਵਿੱਚ ਕਈ ਅਜਿਹੇ ਫ਼ੈਸਲੇ ਲਏ, ਜਿਸ ਦੇ ਚਰਚੇ ਅੱਜ ਲੋਕ ਕਰਦੇ ਹਨ। ਜੀਵਨ ਭਰ ਅਕਬਰ ਨੇ ਆਪਣੀਆਂ ਲੜਕੀਆਂ ਨੂੰ ਕੁਆਰੀਆਂ ਰੱਖਿਆ। ਲੜਕੀਆਂ ਦੇ ਵਿਆਹ ਵਿੱਚ ਸਿਰ ਝੁਕਾਉਣਾ ਪੈਂਦਾ, ਇਸ ਅਕਬਰ ਨੇ ਲੜਕੀਆਂ ਦਾ ਵਿਆਹ ਹੀ ਨਹੀਂ ਕੀਤਾ। ਇਸੇ ਨੀਤੀ ਨੂੰ ਜਹਾਂਗੀਰ, ਸ਼ਾਂਹਜਹਾਂ ਅਤੇ ਔਰੰਗਜੇਬ ਨੇ ਵੀ ਅਪਣਾਇਆ।

ਸਭ ਤੋਂ ਅਮੀਰ ਸ਼ਾਸਕ ਸੀ ਅਕਬਰ

ਆਈਨਾ-ਏ-ਅਕਬਰੀ ਦੇ ਅਨੁਸਾਰ ਬਾਦਸ਼ਾਹ ਬਣਨ ਦੇ 39ਵੇਂ ਸਾਲ 1595 ਵਿੱਚ ਅਕਬਰ ਦੀ ਸਾਲਾਨਾ ਆਮਦਨ 9 ਕਰੋੜ ਰੁਪਏ (ਚਾਂਦੀ ਦੇ ਰੁਪਏ) ਸੀ।

ਕਿਨਰ ਕਰਦੇ ਸਨ ਪਤਨੀਆਂ ਦੀ ਸਕਿਊਰਟੀ : ਅਕਬਰ ਦੀਆਂ ਪਤਨੀਆਂ ਦੇ ਹਰਮ ਵਿੱਚ ਪੁਰਸ਼ਾਂ ਦੀ ਐਂਟਰੀ ਨਹੀਂ ਸੀ। ਇੱਥੋਂ ਦੀ ਸਕਿਊਰਟੀ ਦੀ ਜ਼ਿੰਮੇਵਾਰੀ ਕਿਨਰ ਦੇ ਕੋਲ ਸੀ।

ਪੂਰੀ ਜ਼ਿੰਦਗੀ ਪੀਤਾ ਸੁਰਾਹੀ ਵਿੱਚ ਰੱਖਿਆ ਗੰਗਾਜਲ

ਇਹ ਗੰਗਾਜਲ 10 ਫ਼ੁੱਟ ਉਚੀ ਸੁਰਾਹੀ ਵਿੱਚ ਰੱਖਿਆ ਜਾਂਦਾ ਸੀ। 500 ਸਾਲ ਤੋਂ ਇਹ ਫ਼ਤਿਹਪੁਰ ਸੀਕਰੀ ਦੇ ਕਿਲੇ ਵਿੱਚ ਰੱਖੀ ਹੈ।

ਬਣਵਾਏ ਸੀ 14 ਏਥ ਸੀਥ ਕਮਰੇ

ਅਕਬਰ ਨੇ ਗਰਮੀ ਤੋਂ ਬਚਣ ਦੇ ਲਈ ਫ਼ਤਿਹਪੁਰ ਸੀਕਰੀ ਵਿੱਚ ਮਹਿਲ ਦੇ ਪਿੱਛੇ ਏਅਰ ਕੰਡੀਸ਼ਨਡ ਕਮਰੇ ਬਣਵਾਏ ਸਨ। ਖੁਦਵਾਈ ਵਿੱਚ ਇੱਥੇ 14 ਵੱਡੇ ਕਮਰੇ ਮਿਲੇ ਹਨ।

ਜਿਉਂਦੇ ਜੀ ਬਣਵਾਇਆ ਮਕਬਰਾ

ਅਕਬਰ ਨੇ ਆਪਣਾ ਮਕਬਰਾ ਸਿਕੰਦਰਾ ਬਣਾਉਣ ਦੀ ਸ਼ੁਰੂਆਤ ਜਿਉਂਦੇ ਜੀਅ ਕਰ ਦਿੱਤੀ ਸੀ। ਪੂਰਾ ਹੋਣ ਤੋਂਪਹਿਲਾਂ ਉਹਨਾਂ ਦੀ ਮੌਤ ਹੋ ਗਈ। ਬੇਟੇ ਜਹਾਂਗੀਰ ਨੇ ਇਸਨੂੰ ਪੂਰਾ ਕਰਵਾਇਆ।





ਅਕਬਰ ਦੀਆਂ ਹੱਡੀਆਂ ਦਾ ਕੀਤਾ ਦਾਹ ਸਸਕਾਰ

ਔਰੰਗਜੇਬ ਦੀ ਹਿੰਦੂ ਵਿਰੋਧੀ ਨੀਤੀ ਤੋਂ ਨਰਾਜ ਜਾਟ ਰਾਜਾ ਰਾਜਾਰਾਮ ਨੇ ਅਕਬਰ ਦੀ ਕਬਰ ਖੁਦਵਾ ਕੇ ਹੱਡੀਆਂ ਕਢਵਾਈਆਂ ਅਤੇ ਹਿੰਦੂ ਰੀਤੀ-ਰਿਵਾਜ ਨਾਲ ਦਾਹ ਸਸਕਾਰ ਕਰਵਾਇਆ ਸੀ। ਕਿਤਾਬ ਤਵਾਰੀਖ-ਏ-ਆਗਰਾ ਵਿੱਚ ਇਸ ਘਟਨਾ ਦਾ ਜ਼ਿਕਰ ਹੈ।

ਘੱਟ ਸੀ ਬੈਡਰੂਮ ਦੇ ਕਮਰੇ ਦੀ ਉਚਾਈ

ਅਕਬਰ ਦੇ ਬੈਡਰੂਮ ਵਿੱਚ ਜਾਣ ਵਾਲੇ ਰਸਤੇ ਦੀ ਛੱਤ ਦੀ ਉਚਾਈ 5ਥ8 ਫ਼ੁੱਟ ਸੀ। ਅਜਿਹਾ ਇਸ ਕਰਕੇ ਸੀ ਕਿ ਹਮਲਾ ਹੋਣ 'ਤੇ ਤਲਵਾਰ ਛੱਤ ਨਾਲ ਟਕਰਾ ਜਾਵੇ ਅਤੇ ਬਚਣ ਦਾ ਮੌਕਾ ਮਿਲ ਜਾਵੇ।

ਵਿਆਹ ਦੀ ਉਮਰ ਤਹਿ ਸੀ

ਅਕਬਰ ਨੇ ਬਾਲ ਵਿਆਹ ਤੇ ਰੋਕ ਲਗਾਈ। ਲੜਕੀਆਂ ਦੇ ਵਿਆਹ ਦੀ ਉਮਰ 14 ਅਤੇ ਲੜਕਿਆਂ ਦੀ 16 ਸਾਲ ਤਹਿ ਕੀਤੀ। ਵਿਆਹ ਰਜਿਸਟ੍ਰੇਸ਼ਨ ਯੋਜਨਾ ਲਾਗੂ ਕੀਤੀ। ਨੌਜਵਾਨ ਨੂੰ ਕੋਤਵਾਲ ਦੇ ਕੋਲ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਸੀ।

ਸਤੀ ਪ੍ਰਥਾ ਤੇ ਰੋਕ ਲਗਾਈ

ਅਕਬਰ ਨੇ ਸਤੀ ਪ੍ਰਥਾ 'ਤੇ ਪਾਬੰਦੀ ਲਗਾਈ। ਕੋਤਵਾਲਾਂ ਨੂੰ ਆਦੇਸ਼ ਸੀ ਕਿ ਔਰਤ ਸਤੀ ਨਹੀਂ ਹੋਣਾ ਚਾਹੁੰਦੀ ਤਾਂ ਉਸਨੂੰ ਅੱਗ ਵਿੱਚ ਨਾ ਸੁੱਟਿਆ ਜਾਵੇ। ਇਸਨੂੰ ਹਮਾਯੂੰ ਨੇ ਆਰੰਭ ਕੀਤਾ ਪਰ ਅਕਬਰ ਨੇ ਸਖਤੀ ਨਾਲ ਲਾਗੂ ਕੀਤਾ।

# ਇੱਥੇ ਖਾਣ ਦੇ ਲਈ ਹੁੰਦੀ ਹੈ ਕੇਕੜਿਆਂ ਦੀ ਖੇਤੀ



ਇਹ ਨਜ਼ਾਰਾ ਚੀਨ ਦੇ ਕੁਨਸ਼ਾਨ ਸ਼ਹਿਰ ਦਾ ਹੈ। ਇਹ ਹੜ੍ਹਾਂ ਨਾਲ ਡੁੱਬੇ ਖੇਤ ਨਹੀਂ, ਬਲਕਿ ਯਾਂਗਚੇਂਗ ਝੀਲ ਹੈ। ਇਸ ਵਿੱਚ ਕਿਸ਼ਤੀ ਚਲਾਉਂਦੇ ਲੋਕ ਰੂੰਏਦਾਰ ਕੇਕੜਿਆਂ ਦੀ ਖੇਤੀ ਕਰ ਰਹੇ ਹਨ। ਸਤੰਬਰ ਤੋਂ ਦਸੰਬਰ ਮਹੀਨੇ ਵਿੱਚ ਇਹਨਾਂ ਕੇਕੜਿਆਂ ਦੀ ਖੇਤੀ ਕੀਤੀ ਜਾਂਦੀ ਹੈ। ਸ਼ੰਘਾਈ ਅਤੇ ਇਸ ਦੇ ਆਸ ਪਾਸ ਦੇ ਸੂਬੇ ਵਿੱਚ ਲੋਕ ਇਹ ਰੂੰਏਦਾਰ ਕੇਕੜੇ ਜ਼ਿਆਦਾ ਖਾਂਦੇ ਹਨ। ਇਸੇ ਝੀਲ ਵਿੱਚ ਵਿਸ਼ਵ ਵਿੱਚ ਸਭ ਤੋਂ ਜ਼ਿਆਦਾ ਇਹਨਾਂ ਕੇਕੜਿਆਂ ਦੀ ਖੇਤੀ ਕੀਤੀ ਜਾਂਦੀ ਹੈ। ਹਾਲਾਂਕਿ ਸਮਾਜ ਸੇਵੀ ਸੰਸਥਾਵਾਂ ਇਸ ਕਿਸਮ ਦੀ ਖੇਤੀ ਦਾ ਵਿਰੋਧ ਕਰ ਰਹੀਆਂ ਹਨ। ਉਹ ਅਜਿਹੀ ਖੇਤੀ ਨੂੰ ਜਲ ਜੀਵਾਂ ਨੂੰ ਇਕੋ ਸਿਸਟਮ ਦੇ ਲਈ ਵੱਡਾ ਖਤਰਾ ਮੰਨਦੇ ਹਨ। ਪਿਛਲੇ ਸਾਲ ਜੇਜਿਆਂਗ ਪ੍ਰਾਂਤ ਦੇ ਹਾਨਜੋ ਸਮੂਹ ਦੇ ਕੁਝ ਲੋਕਾਂ ਨੇ ਇਹਨਾਂ ਕੇਕੜਿਆਂ ਨੂੰ ਬਚਾਉਣ ਦੇ ਲਈ 18 ਲੱਖ ਡਾਲਰ ਦੇ ਪੰਜ ਟਨ ਯਾਨਿ ਕਰੀਬ 33 ਹਜ਼ਾਰ ਕੇਕੜੇ ਖਰੀਦੇ ਅਤੇ ਉਹਨਾਂ ਨੂੰ ਇਕ ਟਰੱਕ ਵਿੱਚ ਲੋਡ ਕਰਕੇ ਕਵਾਨਟਾਂਗ ਨਦੀ ਵਿੱਚ ਛੱਡ ਦਿੱਤਾ ਸੀ।

# ਗੱਦੀ ਚਰਵਾਹਿਆਂ ਦਾ ਸਵਰਗ

ਹਰਜਿੰਦਰ ਅਨੂਪਗੜ੍ਹ

ਭਰਮੌਰ ਹਿਮਾਲਿਆ ਪਰਬਤ ਦੀਆਂ ਪੀਰ ਪੰਜਾਲ ਤੇ ਧੌਲਾਧਾਰ ਪਰਬਤ ਲੜੀਆਂ ਵਿੱਚਕਾਰ ਬੁਧਿਲ ਘਾਟੀ ਵਿੱਚ ਵਸਿਆ ਇੱਕ ਪੁਰਾਤਨ ਅਤੇ ਖ਼ੂਬਸੂਰਤ ਸ਼ਹਿਰ ਹੈ। ਇਹ ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਵਿੱਚ ਚੰਬੇ ਤੋਂ ਦੱਖਣ ਪੂਰਬ ਵੱਲ ਤਕਰੀਬਨ 65 ਕਿਲੋਮੀਟਰ ਦੂਰ ਸਥਿਤ ਹੈ। ਚੰਬਾ ਤੋਂ ਭਰਮੌਰ ਨੂੰ ਜਾਣ ਵਾਲੀ ਸੜਕ ਖੜ੍ਹਾਮੁਖ ਤਕ ਰਾਵੀ ਦਰਿਆ ਦੇ ਨਾਲ ਨਾਲ ਜਾਂਦੀ ਹੈ। ਇਹ ਪੰਜਾਹ ਕਿਲੋਮੀਟਰ ਦਾ ਪੂਰਾ ਰਸਤਾ ਖ਼ੂਬਸੂਰਤ ਦ੍ਰਿਸ਼ਾਂ ਵਾਲਾ ਹੈ। ਥਾਂ ਥਾਂ ਵਹਿੰਦੇ ਦੂਧੀਆ ਝਰਨੇ, ਆਸਮਾਨ ਛੂੰਹਦੇ ਪਰਬਤ, ਡੂੰਘੀ ਖਾਈ ਵਿੱਚ ਵਗਦਾ ਰਾਵੀ, ਛੋਟੇ ਛੋਟੇ ਨਾਲੇ, ਸੱਪ ਵਾਂਗ ਵਲ਼ ਖਾਂਦੀ ਸੜਕ ਤੇ ਹਰਾ ਭਰਾ ਆਲਾ ਦੁਆਲਾ ਸਫ਼ਰ ਨੂੰ ਮਨਮੋਹਕ ਬਣਾਉਂਦੇ ਹਨ। ਰਸਤੇ ਵਿੱਚ ਬਕਾਨੀ ਨਾਮਕ ਪਿੰਡ ਵਿੱਚ ਚਮੇਰਾ 2 ਪਾਵਰ ਪ੍ਰੋਜੈਕਟ ਤੋਂ ਸੁਰੰਗ ਰਾਹੀਂ ਛੱਡਿਆ ਵਾਧੂ ਪਾਣੀ ਇੱਥੇ ਆ ਕੇ ਮੁੜ ਰਾਵੀ ਦਰਿਆ ਵਿੱਚ ਮਿਲਦਾ ਹੈ। ਪਾਣੀ ਇੰਨੀ ਤੇਜ਼ੀ ਨਾਲ ਦਰਿਆ ਵਿੱਚ ਡਿੱਗਦਾ ਹੈ ਕਿ ਚੱਟਾਨਾਂ ਨਾਲ ਟਕਰਾ ਕੇ ਇਸ ਦੀ ਭਾਫ਼ ਬਣ ਜਾਂਦੀ ਹੈ। ਇੱਥੇ ਹੀ ਸੜਕ ਤੋਂ ਪਿੰਡ ਨੂੰ ਜਾਣ ਲਈ ਦਰਿਆ ਉੱਪਰ ਲੱਕੜੀ ਦਾ ਝੂਲਦਾ ਹੋਇਆ ਪੁਲ਼ ਬਣਿਆ ਹੋਇਆ ਹੈ ਜੋ ਰਾਹਗੀਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਚੰਬਾ ਤੋਂ ਪੰਜਾਹ ਕਿਲੋਮੀਟਰ ਅੱਗੇ ਕਸਬਾ ਖੜ੍ਹਾਮੁਖ ਤੋਂ ਭਰਮੌਰ ਨੂੰ ਸੜਕ ਮੁੜਦੀ ਹੈ। ਇੱਥੇ ਚਮੇਰਾ 3 ਹਾਈਡਲ ਪਾਵਰ ਪ੍ਰੋਜੈਕਟ ਲਈ ਰਾਵੀ ਦਰਿਆ ਦੇ ਪਾਣੀ ਨੂੰ ਇਕੱਠਾ ਕਰ ਕੇ ਝੀਲ ਬਣਾਈ ਗਈ। ਇੱਥੇ ਆ ਕੇ ਹੀ ਬੁਧਿਲ ਨਦੀ ਰਾਵੀ ਦਰਿਆ ਵਿੱਚ ਮਿਲਦੀ ਹੈ। ਭਰਮੌਰ ਨੂੰ ਜਾਣ ਲਈ ਝੀਲ ਦੇ ਪੁਲ ਨੂੰ ਪਾਰ ਕਰਕੇ ਬਹੁਤ ਤਿੱਖੀ ਚੜ੍ਹਾਈ ਚੜ੍ਹਨੀ ਪੈਂਦੀ ਹੈ। ਖੜ੍ਹਾਮੁਖ ਤੋਂ ਅੱਗੇ ਭਰਮੌਰ ਤਕ ਦਾ ਰਸਤਾ ਬੁਧਿਲ ਨਦੀ ਦੇ ਨਾਲ ਨਾਲ ਜਾਂਦਾ ਹੈ। ਇਹ ਤੇਰਾਂ ਚੌਦਾਂ ਕਿਲੋਮੀਟਰ ਦਾ ਰਸਤਾ ਹੋਰ ਵੀ ਸੁੰਦਰ ਕੁਦਰਤੀ ਦ੍ਰਿਸ਼ਾਂ ਨਾਲ ਭਰਪੂਰ ਹੈ। ਕੁਝ ਅੱਗੇ ਜਾ ਕੇ ਲਾਹਲ ਨਾਂ ਦਾ ਖ਼ੂਬਸੂਰਤ ਕਸਬਾ ਹੈ ਜਿੱਥੇ ਭਰਮੌਰ ਦੇ ਸਭ ਤੋਂ ਨੇੜੇ ਦਾ ਪੈਟਰੋਲ ਪੰਪ ਹੈ। ਇਸ ਤੋਂ ਅੱਗੇ ਸੜਕ ਦੇ ਆਸ ਪਾਸ ਸੇਬਾਂ ਦੇ ਬਾਗ਼ ਆਉਣੇ ਸ਼ੁਰੂ ਹੋ ਜਾਂਦੇ ਹਨ। ਦੂਰ ਦੂਰ ਤਕ ਆਸਮਾਨ ਨੂੰ ਛੂੰਹਦੇ ਪਹਾੜ, ਘਾਹ ਦੀਆਂ ਚਰਾਦਾਂ, ਪੌੜੀਨੁਮਾ ਖੇਤਾਂ ਦੇ ਦਿਲਕਸ਼ ਦ੍ਰਿਸ਼, ਉੱਚੇ ਉੱਚੇ ਪਹਾੜਾਂ ਤੋਂ ਹੇਠਾਂ ਡਿੱਗਦੇ ਝਰਨੇ, ਸ਼ੰਕੂ ਆਕਾਰ ਦੀਆਂ ਛੱਤਾਂ ਵਾਲੇ ਛੋਟੇ ਛੋਟੇ ਘਰ ਆਦਿ ਸਭ ਮਿਲ ਕੇ ਕੁਦਰਤ ਦੀ ਖ਼ੂਬਸੂਰਤੀ ਦਾ ਅਹਿਸਾਸ ਕਰਵਾਉਂਦੇ ਹਨ। ਇਹ ਕੁਦਰਤੀ ਦ੍ਰਿਸ਼ ਮਾਣਦਿਆਂ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਭਰਮੌਰ ਆ ਗਿਆ। ਭਰਮੌਰ ਸਮੁੰਦਰੀ ਤਲ ਤੋਂ ਤਕਰੀਬਨ ਸੱਤ ਹਜ਼ਾਰ ਫ਼ੁੱਟ ਦੀ ਉਚਾਈ 'ਤੇ ਵਸਿਆ ਹੋਇਆ ਹੈ ਅਤੇ ਗਰਮੀਆਂ ਵਿੱਚ ਵੀ ਇੱਥੋਂ ਦਾ ਮੌਸਮ ਖੁਸ਼ਗਵਾਰ ਰਹਿੰਦਾ ਹੈ। ਸਰਦੀਆਂ ਵਿੱਚ ਇੱਥੇ ਬਹੁਤ ਜ਼ਿਆਦਾ ਠੰਢ ਪੈਂਦੀ ਹੈ ਤੇ ਕਈ ਵਾਰ ਤਾਂ ਹਰ ਸ਼ੈਅ ਬਰਫ਼ ਨਾਲ ਢਕੀ ਜਾਂਦੀ ਹੈ। ਭਰਮੌਰ ਨੂੰ ਸ਼ਿਵ ਨਗਰੀ, ਗੱਦੀਆਂ ਦੀ ਧਰਤੀ, ਮੰਦਿਰਾਂ ਦੀ ਘਾਟੀ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਚੰਬੇ ਦੀ ਪੁਰਾਣੀ ਰਾਜਧਾਨੀ ਹੈ। ਪੁਰਾਤਨ ਕਾਲ ਵਿੱਚ ਇਸ ਨੂੰ ਬ੍ਰਹਮਪੁਰ ਜਾਂ ਬ੍ਰਹਮਪੁਰਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਬਾਅਦ ਵਿੱਚ ਬ੍ਰਹਮਪੁਰ ਤੋਂ ਵਿਗੜ ਕੇ ਇਸ ਦਾ ਨਾਂ ਬ੍ਰਹਮੌਰ ਤੇ ਫ਼ਿਰ ਹੌਲੀ ਹੌਲੀ ਭਰਮੌਰ ਬਣ ਗਿਆ। ਭਰਮੌਰ ਦੀ ਨੀਂਹ 550 ਈਸਵੀ ਵਿੱਚ ਰਾਜਾ ਮਾਰੂ ਵਰਮਨ ਦੁਆਰਾ ਰੱਖੀ ਗਈ ਸੀ। ਉਸ ਨੇ ਇਸ ਦਾ ਨਾਂ ਬ੍ਰਹਮਪੁਰ ਰੱਖਿਆ ਅਤੇ ਇਸ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾਇਆ। ਮਾਰੂ ਵਰਮਨ ਦਾ ਸਬੰਧ ਸ੍ਰੀ ਰਾਮ ਦੇ ਸੂਰਿਆ ਵੰਸ਼ ਨਾਲ ਮੰਨਿਆ ਜਾਂਦਾ ਹੈ। ਮਾਰੂ ਵਰਮਨ ਤੋਂ ਬਾਅਦ ਵੀ ਕਈ ਰਾਜਿਆਂ ਨੇ ਭਰਮੌਰ ਨੂੰ ਆਪਣੀ ਰਾਜਧਾਨੀ ਬਣਾਈ ਰੱਖਿਆ। ਇਹ ਲਗਭਗ ਚਾਰ ਸਦੀਆਂ ਤਕ ਚੰਬਾ ਰਿਆਸਤ ਦੀ ਰਾਜਧਾਨੀ ਰਹੀ। ਉਸ ਤੋਂ ਬਾਅਦ ਰਾਜਾ ਸਾਹਿਲ ਵਰਮਨ ਨੇ ਚੰਬਾ ਨੂੰ ਆਪਣੀ ਰਾਜਧਾਨੀ ਬਣਾ ਲਿਆ। ਭਰਮੌਰ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਟੈਕਸੀ ਸਟੈਂਡ ਕੋਲ ਚੁਰਾਸੀ ਮੰਦਿਰਾਂ ਨੂੰ ਜਾਂਦੇ ਰਸਤੇ 'ਤੇ ਲੱਗਿਆ ਗੇਟ ਸੈਲਾਨੀਆਂ ਦਾ ਸਵਾਗਤ ਕਰਦਾ ਹੈ। ਇੱਥੋਂ ਤੰਗ ਬਜ਼ਾਰ ਵਿੱਚਦੀ ਤੁਰਦੇ ਹੋਏ ਚੁਰਾਸੀ ਮੰਦਿਰਾਂ ਨੂੰ ਜਾਇਆ ਜਾਂਦਾ ਹੈ। ਚੁਰਾਸੀ ਮੰਦਿਰ ਭਰਮੌਰ ਦੇ ਬਿਲਕੁਲ ਵਿੱਚਕਾਰ ਸਥਿਤ ਹਨ। ਇਨ੍ਹਾਂ ਮੰਦਿਰਾਂ ਬਾਰੇ ਵੀ ਕਈ ਤਰ੍ਹਾਂ ਦੀਆਂ ਮਿਥਿਹਾਸਕ ਕਥਾਵਾਂ ਪ੍ਰਚੱਲਿਤ ਹਨ। ਇੱਕ ਮਾਨਤਾ ਮੁਤਾਬਿਕ ਇਨ੍ਹਾਂ ਮੰਦਿਰਾਂ ਦਾ ਨਿਰਮਾਣ ਚੁਰਾਸੀ ਸਿੱਧ ਜੋਗੀਆਂ ਪ੍ਰਤੀ ਸ਼ਰਧਾ ਜਤਾਉਣ ਲਈ ਉਸ ਸਮੇਂ ਦੇ ਸ਼ਾਸਕ ਸਾਹਿਲ ਵਰਮਨ ਨੇ ਕਰਵਾਇਆ ਸੀ। ਮਿਥਿਹਾਸ ਮੁਤਾਬਿਕ ਚੁਰਾਸੀ ਸਿੱਧ ਜੋਗੀ ਮਣੀਮਹੇਸ਼ ਯਾਤਰਾ ਨੂੰ ਜਾਂਦਿਆਂ ਰਾਤ ਸਮੇਂ ਇਸ ਰਮਣੀਕ ਸਥਾਨ ਉੱਪਰ ਠਹਿਰ ਗਏ। ਜਦੋਂ ਤਤਕਾਲੀ ਰਾਜਾ ਸਾਹਿਲ ਵਰਮਨ ਨੇ ਇਸ ਜਗ੍ਹਾ ਉੱਤੇ ਸਿੱਧਾਂ ਨੂੰ ਸੁੱਤੇ ਹੋਏ ਦੇਖਿਆ ਤਾਂ ਉਹ ਹੈਰਾਨ ਹੋ ਗਿਆ। ਉਸ ਨੇ ਸੋਚਿਆ ਕਿ ਇਹ ਸਾਧੂ ਜ਼ਰੂਰ ਕੋਈ ਦੇਵਪੁਰਸ਼ ਹਨ ਜੋ ਬੇਝਿਜਕ ਹੋ ਕੇ ਇਸ ਵਰਜਿਤ ਸਥਾਨ ਉੱਤੇ ਪਏ ਹਨ। ਉਸ ਨੇ ਹਰ ਉਸ ਸਥਾਨ ਉੱਤੇ ਮੰਦਿਰ ਬਣਾਉਣ ਦਾ ਨਿਰਦੇਸ਼ ਦਿੱਤਾ ਜਿੱਥੇ ਇਹ ਚੁਰਾਸੀ ਸਿੱਧ ਪਏ ਸਨ।



# ਪ੍ਰੰਪਰਾ ਦੇ ਨਾਂ ਤੇ ਕੱਟ ਦਿੰਦੇ ਹਨ ਲੋਕਾਂ ਦੀਆਂ

ਦੁਨੀਆਂ ਵਿੱਚ ਕਈ ਅਜਿਹੀਆਂ ਜਨਜਾਤੀਆਂ ਹਨ, ਜਿਹਨਾਂ ਦੇ ਰਸਮੋ-ਰਿਵਾਜਾਂ ਬਾਰੇ ਸੁਣ ਕੇ ਹੈਰਾਨੀ ਹੁੰਦੀ ਹੈ। ਅੱਜ ਵੀ ਇਹਨਾਂ ਕਬੀਲਿਆਂ ਦੇ ਲੋਕ ਸਾਲਾਂ ਤੋਂ ਚੱਲੀਆਂ ਆ ਰਹੀਆਂ ਪ੍ਰੰਪਰਾਵਾਂ ਅਤੇ ਪ੍ਰਥਾਵਾਂ ਦਾ ਪਾਲਣ ਕਰ ਰਹੇ ਹਨ। ਅਜਿਹੀ ਹੀ ਇਕ ਅਜੀਬੋ-ਗਰੀਬ ਪਰ ਦਰਦਨਾਕ ਪ੍ਰਥਾ ਦਾ ਪਾਲਣ ਇੰਡੋਨੇਸ਼ੀਆ ਦੇ ਪਾਪੂਆ ਵਿੱਚ ਰਹਿਣ ਵਾਲੀ ਜਨਜਾਤੀ ਦੇ ਲੋਕ ਕਰਦੇ ਹਨ, ਜਿਸ ਦੇ ਬਾਰੇ ਸੁਣ ਕੇ ਹਰ ਕੋਈ ਹੈਰਾਨ ਹੋ ਸਕਦਾ ਹੈ। ਇਸ ਜਨਜਾਤੀ ਵਿੱਚ ਪਰਿਵਾਰ ਦੇ ਮੁਖੀਆਂ ਦੀ ਮੌਤ ਤੇ ਪਰਿਵਾਰ ਦੇ ਮੈਂਬਰਾਂ ਜਿਵੇਂ ਔਰਤਾਂ, ਪੁਰਸ਼ਾਂ ਅਤੇ ਬੱਚਿਆਂ ਦੀਆਂ ਉਂਗਲਾਂ ਕੁਹਾੜੀ ਨਾਲ ਕੱਟ ਦਿੱਤੀਆਂ ਜਾਂਦੀਆਂ ਹਨ। ਇੰਨਾ ਹੀ ਨਹੀਂ, ਇਹਨਾਂ ਦੇ ਚਿਹਰਿਆਂ 'ਤੇ ਮਿੱਟੀ ਅਤੇ ਰਾਖ ਵੀ ਮਲ ਦਿੱਤੀ ਜਾਂਦੀ ਹੈ। ਇਸ ਜਨਜਾਤੀ ਦੇ ਲੋਕਾਂ ਦਾ ਮੰਨਣਾ ਹੈ ਕਿ ਪਰਿਵਾਰ ਦੇ ਮੈਂਬਰਾਂ ਦੀਆਂ ਉਂਗਲਾਂ ਕੱਟਣ ਨਾਲ ਉਹਨਾਂ ਨੂੰ ਜੋ ਦਰਦ ਹੁੰਦਾ ਹੈ, ਉਸ ਨਾਲ ਮ੍ਰਿਤਕ ਵਿਅਕਤੀ ਦੀ ਆਤਮਾ ਨੂੰ ਸ਼ਾਂਤੀ ਮਿਲਦੀ ਹੈ। ਦੱਸਿਆ ਜਾਂਦਾ ਹੈ ਕਿ ਉਂਗਲੀਆਂ ਕੱਟਣ ਤੋਂ ਪਹਿਲਾਂ ਉਹਨਾਂ ਨੂੰ ਧਾਗੇ ਨਾਲ 30 ਮਿੰਟ ਬੰਨ੍ਹ ਕੇ ਰੱਖਿਆ ਜਾਂਦਾ ਹੈ। ਇਸ ਤੋਂ ਬਾਅਦ ਕੱਟੀਆਂ ਗਈਆਂ ਉਂਗਲਾਂ ਨੂੰ ਸੁਕਾ ਕੇ ਸਾੜਿਆ ਜਾਂਦਾ ਹੈ। ਹਾਲਾਂਕਿ ਸਰਕਾਰ ਨੇ ਕੁਝ ਸਾਲ ਪਹਿਲਾਂ ਇਸ ਪ੍ਰੰਪਰਾ 'ਤੇ ਪਾਬੰਦੀ ਲਗਾ ਦਿੱਤੀ ਪਰ ਫ਼ਿਰ ਵੀ ਦਾਨੀ ਜਨਜਾਤੀ ਦੇ ਲੋਕ ਇਸਨੂੰ ਨਿਭਾਉਂਦੇ ਹਨ।



# ਪਿੰਡ ਰੌਂਗਲਾ ਵਿਖੇ ਡੇਅਰੀ ਵਿਕਾਸ ਵਿਭਾਗ ਨੇ ਲਗਾਇਆ ਦੁੱਧ ਉਤਪਾਦਕ ਜਾਗਰੂਕਤਾ ਕੈਂਪ

**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਅਰੀ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਦੁੱਧ ਤੇ ਦੁੱਧ ਤੋਂ ਬਣਨ ਵਾਲੇ ਪਦਾਰਥਾਂ ਦੀ ਗੁਣਵੱਤਾ ਸਬੰਧੀ ਜਾਗਰੂਕ ਕਰਨ ਤੇ ਪੰਜਾਬ ਸਰਕਾਰ ਵੱਲੋਂ ਡੇਅਰੀ ਫਾਰਮ ਦਾ ਕਿੱਤਾ ਸ਼ੁਰੂ ਕਰਨ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਜਾਣਕਾਰੀ ਦੇਣ ਲਈ ਜ਼ਿਲ੍ਹੇ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਵਿਭਾਗ ਵੱਲੋਂ ਡਿਪਟੀ ਡਾਇਰੈਕਟਰ ਦਲਬੀਰ ਕੁਮਾਰ ਦੀ ਅਗਵਾਈ ਵਿੱਚ ਪਿੰਡ ਰੌਂਗਲਾ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਦਲਬੀਰ ਕੁਮਾਰ ਵੱਲੋਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਜਿਵੇਂ ਕਿ ਦੋ ਹਫ਼ਤੇ ਤੇ ਚਾਰ ਹਫ਼ਤੇ ਦੀ ਸਿਖਲਾਈ, 2 ਤੋਂ 20 ਪਸ਼ੂਆਂ ਤੱਕ ਡੀ.ਡੀ.-8 ਕਰਜ਼ਾ ਸਕੀਮ ਤਹਿਤ ਸਬਸਿਡੀ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਗਿਆ।



ਮਿਲਕਫੈੱਡ ਦੇ ਸਾਬਕਾ ਖਰੀਦ ਮੈਨੇਜਰ ਗੁਰਮੇਲ ਸਿੰਘ ਰਠੌਰ ਵੱਲੋਂ ਦੁੱਧ ਦੀ ਫੈਟ, ਐਸਐਨਐੱਫ ਦੇ ਘਟਣ ਵਧਣ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਇਸ ਤੋਂ ਇਲਾਵਾ ਦੁੱਧ ਤੋਂ ਪਦਾਰਥ ਬਣਾਉਣ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਡੇਅਰੀ ਵਿਕਾਸ ਇੰਸਪੈਕਟਰ ਕੁਲਵਿੰਦਰ ਸਿੰਘ ਨੇ ਪਸ਼ੂ ਬੀਮਾ ਸਕੀਮ, ਫੀਡ ਅਤੇ ਫੌਡਰ ਸਕੀਮ ਅਤੇ ਸਾਰਾ ਸਾਲ ਹਰੇ ਚਾਰੇ ਦੀ ਵਿਉਂਤਬੰਦੀ ਬਾਰੇ ਜਾਣਕਾਰੀ ਦਿੱਤੀ। ਡਾ. ਮੋਹਨ ਸ਼ਰਮਾ, ਨੇ ਪਸ਼ੂਆਂ ਦੀ ਬਿਮਾਰੀਆਂ ਦੀ ਰੋਕਥਾਮ ਅਤੇ ਕੱਟੀਆਂ ਵੱਛੀਆਂ ਦੀ ਸਾਂਭ ਸੰਭਾਲ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ। ਡੇਅਰੀ ਵਿਕਾਸ ਇੰਸਪੈਕਟਰ ਲਖਮੀਰ ਸਿੰਘ ਵੱਲੋਂ ਸਾਫ਼ ਦੁੱਧ ਦੀ ਪੈਦਾਵਾਰ ਅਤੇ ਕੈਟਲਸ਼ੈੱਡ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕੈਂਪ ਦਾ ਇੰਤਜ਼ਾਮ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਦੋ ਹਫ਼ਤੇ ਸਿਖਲਾਈ ਮਿਤੀ 09-12-2024 ਨੂੰ ਚਲਾਈ ਜਾਵੇਗੀ। ਚਾਹਵਾਨ ਲਾਭਪਾਤਰੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵਿਖੇ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਪਿੰਡ ਰੌਂਗਲਾ ਦੇ ਮੁਹਤਬਰ ਵਿਅਕਤੀਆਂ ਨੇ ਡੇਅਰੀ ਵਿਕਾਸ ਵਿਭਾਗ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੇ ਕੈਂਪ ਲੱਗਦੇ ਰਹਿਣੇ ਚਾਹੀਦੇ ਹਨ ਤਾਂ ਜੋ ਦੁੱਧ ਉਤਪਾਦਕਾਂ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਲਾਭ ਮਿਲ ਸਕੇ।

# ਪਟਿਆਲਾ ਜ਼ਿਲ੍ਹੇ ਅੰਦਰ 99 ਫੀਸਦੀ ਮੁਕੰਮਲ ਹੋਈ ਝੋਨੇ ਦੀ ਕਟਾਈ:ਡਾ. ਪ੍ਰੀਤੀ ਯਾਦਵ

**➢ ਜ਼ਿਲ੍ਹੇ 'ਚ ਅਣ-ਅਧਿਕਾਰਤ ਝੋਨੇ ਦੀ ਬਾਹਰੋਂ ਆਮਦ 'ਤੇ 24 ਘੰਟੇ ਨਿਗਰਾਨੀ ਰੱਖਣਗੀਆਂ ਟੀਮਾਂ ➢ ਜ਼ਿਲ੍ਹੇ 'ਚ ਬਾਹਰਲੇ ਰਾਜਾਂ ਨਾਲ ਲੱਗਦੇ 7 ਬੈਰੀਅਰਾਂ ਤੇ ਨਿਗਰਾਨੀ ਟੀਮਾਂ ਸਮੇਤ ਸਬ ਡਵੀਜਨ ਵਾਰ ਫਲਾਇੰਗ ਸੁਕੈਡ ਵੀ ਮੁਸਤੈਦ**

**ਪਟਿਆਲਾ, 12 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਅੰਦਰ ਝੋਨੇ ਦੀ ਕਟਾਈ 99 ਫ਼ੀਸਦੀ ਹੋ ਚੁੱਕੀ ਹੈ ਤੇ ਜ਼ਿਲ੍ਹੇ ਅੰਦਰ ਮੰਡੀਆਂ ਵਿੱਚ ਝੋਨੇ ਦੀ ਆਮਦ 'ਚ ਵੀ ਮੁਕੰਮਲ ਹੋਣ ਨੇੜੇ ਹੈ। ਉਨ੍ਹਾਂ ਨੇ ਅੱਜ ਏ.ਡੀ.ਸੀ. ਨਵਰੀਤ ਕੌਰ ਸੇਖੋਂ, ਸਮੂਹ ਐਸ.ਡੀ.ਐਮਜ਼, ਖੇਤੀਬਾੜੀ, ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗਾਂ, ਮੰਡੀ ਬੋਰਡ ਤੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨਾਲ ਬੈਠਕ ਕਰਦਿਆਂ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਅਣ-ਅਧਿਕਾਰਤ ਆਮਦ ਨੂੰ ਰੋਕਣ ਲਈ 24 ਘੰਟੇ ਨਿਗਰਾਨੀ ਰੱਖੀ ਜਾਵੇ।



ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਮੰਡੀਆਂ ਵਿੱਚੋਂ ਝੋਨੇ ਦੀ ਲਿਫਟਿੰਗ ਬਾਰੇ ਬੈਠਕ ਕਰਦੇ ਹੋਏ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ 2 ਲੱਖ 33 ਹੈਕਟੇਅਰ ਦੇ ਕਰੀਬ ਰਕਬਾ ਝੋਨੇ ਦੇ ਹੇਠ ਸੀ, ਜਿਸ ਵਿੱਚੋਂ 99 ਫੀਸਦੀ ਦੇ ਕਰੀਬ ਝੋਨੇ ਦੀ ਫ਼ਸਲ ਦੀ ਕਟਾਈ ਕਰ ਲਈ ਗਈ ਹੈ, ਜਿਸ ਕਰਕੇ ਝੋਨੇ ਦੀ ਮੰਡੀਆਂ ਵਿੱਚ ਆਮਦ ਵੀ ਮੁਕੰਮਲ ਹੋਣ ਦੇ ਨੇੜੇ ਹੈ। ਉਨ੍ਹਾਂ ਨੇ ਝੋਨੇ ਦੀ ਖਰੀਦ ਤੇ ਲਿਫਟਿੰਗ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਮੰਡੀਆਂ ਵਿੱਚੋਂ ਖਰੀਦੇ ਝੋਨੇ ਦੀ ਲਿਫਟਿੰਗ ਕਰੀਬ 80 ਫੀਸਦੀ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ 11 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਮੰਡੀਆਂ ਵਿੱਚ ਹੋ ਚੁੱਕੀ ਹੈ ਤੇ ਸਾਰੇ ਝੋਨੇ ਦੀ ਖਰੀਦ ਕਰਕੇ ਕਿਸਾਨਾਂ ਨੂੰ 2500 ਕਰੋੜ ਦੇ ਕਰੀਬ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ ਨੂੰ ਕਿਹਾ ਕਿ ਪੰਜਾਬ ਤੋਂ ਬਾਹਰੋਂ ਆਉਣ ਵਾਲੇ ਅਣਅਧਿਕਾਰਤ ਝੋਨੇ ਤੇ ਚਾਵਲਾਂ 'ਤੇ ਨਿਗਰਾਨੀ ਰੱਖਣ ਲਈ ਸਾਰੀਆਂ ਟੀਮਾਂ ਨੂੰ ਮੁਸਤੈਦ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਬਾਹਰਲੇ ਰਾਜਾਂ ਨਾਲ ਲੱਗਦੇ ਰਸਤਿਆਂ 'ਤੇ 7 ਬੈਰੀਅਰਾਂ ਤੇ ਨਿਗਰਾਨੀ ਟੀਮਾਂ 24 ਘੰਟੇ ਨਿਗਰਾਨੀ ਰੱਖਣਗੀਆਂ ਤੇ ਸਬ ਡਵੀਜਨ ਵਾਰ ਫਲਾਇੰਗ ਸੁਕੈਡ ਵੀ ਅਚਨਚੇਤ ਚੈਕਿੰਗ ਕਰਦੇ ਰਹਿਣਗੇ।

ਉਨ੍ਹਾਂ ਦੱਸਿਆ ਕਿ ਬੀਤੇ ਦਿਨ ਮੰਡੀ ਬੋਰਡ ਵੱਲੋਂ ਫੜੇ ਗਏ ਅਣਅਧਿਕਾਰਤ ਝੋਨੇ ਦੇ ਟਰੱਕ ਬਾਬਤ ਪੁਲਿਸ ਕੇਸ ਦਰਜ ਹੋ ਚੁੱਕਾ ਹੈ, ਇਸ ਲਈ ਜੇਕਰ ਕੋਈ ਵੀ ਗੱਡੀ ਜਾਂ ਕੋਈ ਹੋਰ ਵਾਹਨ ਅਜਿਹਾ ਅਣਅਧਿਕਾਰਤ ਝੋਨਾ ਪਟਿਆਲਾ ਜ਼ਿਲ੍ਹੇ ਦੀ ਹੱਦ ਅੰਦਰ ਦਾਖਲ ਹੁੰਦਾ ਹੈ ਤਾਂ ਉਸਦੀ ਤੁਰੰਤ ਚੈਕਿੰਗ ਕਰਕੇ ਕਾਰਵਾਈ ਕੀਤੀ ਜਾਵੇ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਉਨ੍ਹਾਂ ਦਾ ਟੀਚਾ ਹੈ ਕਿ ਆਉਂਦੇ ਇੱਕ-ਦੋ ਦਿਨਾਂ ਵਿੱਚ ਲਿਫ਼ਟਿੰਗ 'ਚ ਤੇਜੀ ਲਿਆ ਕੇ ਮੰਡੀਆਂ ਖਾਲੀ ਕਰਵਾਈਆਂ ਜਾਣ। ਉਨ੍ਹਾਂ ਦੱਸਿਆ ਕਿ ਕਿਸੇ ਵੀ ਕਿਸਾਨ ਨੂੰ ਆਪਣੀ ਜਿਣਸ ਵੇਚਣ ਲਈ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾ ਰਹੀ। ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰੁਪਪ੍ਰੀਤ ਕੌਰ, ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਤੇ ਏ.ਈ.ਓ. ਰਵਿੰਦਰਪਾਲ ਸਿੰਘ ਚੱਠਾ ਵੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਵੱਲੋਂ ਪਰਾਲੀ ਸਾੜਣ ਤੋਂ ਰੋਕਣ ਲਈ ਕਿਸਾਨਾਂ ਨਾਲ ਸਿੱਧਾ ਰਾਬਤਾ ਕਰਨ ਤੇ ਲੋੜੀਂਦੀ ਮਸ਼ੀਨਰੀ ਉਪਲਬੱਧ ਕਰਵਾਉਣ 'ਤੇ ਜ਼ੋਰ

**➢ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਮੌਕੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਕਿਹਾ**
**➢ਪਟਿਆਲਾ ਜ਼ਿਲ੍ਹੇ ਦੇ ਕਿਸਾਨ ਪਰਾਲੀ ਸੰਭਾਲਣ ਲਈ ਮਸ਼ੀਨਰੀ ਲੈਣ ਪ੍ਰਸ਼ਾਸਨ ਨਾਲ ਸੰਪਰਕ ਕਰਨ**

**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਜ਼ਿਲ੍ਹੇ 'ਚ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਅੱਜ ਸਮੂਹ, ਐਸ.ਪੀਜ, ਐਸ.ਡੀ.ਐਮਜ ਤੇ ਡੀ.ਐਸ.ਪੀਜ ਤੇ ਹੋਰ ਅਧਿਕਾਰੀਆਂ ਨਾਲ ਬੈਠਕ ਕਰਕੇ ਕਿਸਾਨਾਂ ਨਾਲ ਸਿੱਧਾ ਰਾਬਤਾ ਕਰਨ ਤੇ ਲੋੜੀਂਦੀ ਮਸ਼ੀਨਰੀ ਉਪਲਬੱਧ ਕਰਵਾਉਣ 'ਤੇ ਜ਼ੋਰ ਦਿੱਤਾ।



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਪਟਿਆਲਾ ਜ਼ਿਲ੍ਹੇ ਅੰਦਰ ਪਰਾਲੀ ਸਾੜਨ ਤੋਂ ਰੋਕਣ ਲਈ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਦੇ ਹੋਏ।

ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨੇ ਜ਼ਿਲ੍ਹੇ ਦੇ ਸਾਰੇ ਐਸ.ਡੀ.ਐਮਜ਼ ਸਮੇਤ ਪੁਲਿਸ ਅਧਿਕਾਰੀਆਂ ਤੇ ਸਮੂਹ ਥਾਣਾ ਮੁਖੀਆਂ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਤੇ ਅਤੇ ਹਵਾ ਗੁਣਵੱਤਾ ਮੋਨੀਟਰਿੰਗ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਇੰਨ-ਬਿੰਨ ਤੇ ਸਖਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਤਾਇਨਾਤ ਕੀਤੇ ਗਏ ਨੋਡਲ ਅਫ਼ਸਰ ਕੋਈ ਅਣਗਹਿਲੀ ਨਾ ਵਰਤਣ ਤੇ ਕਿਸਾਨਾਂ ਨੂੰ ਪ੍ਰੇਰਿਤ ਕਰਕੇ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਖੇਤਾਂ 'ਚ ਮਿਲਾਉਣ ਤੇ ਸੁਚੱਜੇ ਪਰਾਲੀ ਪ੍ਰਬੰਧਨ ਲਈ ਉਤਸ਼ਾਹਤ ਕਰਨ। ਉਨ੍ਹਾਂ ਨੇ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕੋਈ ਵੀ ਕੰਬਾਇਨ ਬਿਨ੍ਹਾਂ ਸੁਪਰ ਐਸ.ਐਮ.ਐਸ. ਚਲਾਏ ਝੋਨੇ ਦੀ ਕਟਾਈ ਨਾ ਕਰੇ ਤੇ ਜੇਕਰ ਅਜਿਹਾ ਸਾਹਮਣੇ ਆਇਆ ਤਾਂ ਕਾਰਵਾਈ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਸੰਭਾਲਣ ਲਈ ਬੇਲਰ, ਇਨ-ਸੀਟੂ ਤੇ ਐਕਸ-ਸੀਟੂ ਗਤੀਵਿਧੀਆਂ ਵੀ ਲਈ ਕਿਸਾਨ ਲੋੜੀਂਦੀ ਮਸ਼ੀਨਰੀ ਹੈਪੀ ਸੀਡਰ, ਸੁਪਰ ਸੀਡਰ ਤੇ ਸਰਫ਼ੇਸ ਸੀਡਰ ਆਦਿ ਲੈਣ ਲਈ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਸੰਪਰਕ ਕਰਨ। ਉਨ੍ਹਾਂ ਨੇ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕੋਈ ਵੀ ਕੰਬਾਇਨ ਬਿਨ੍ਹਾਂ ਸੁਪਰ ਐਸ.ਐਮ.ਐਸ. ਚਲਾਏ ਝੋਨੇ ਦੀ ਕਟਾਈ ਨਾ ਕਰੇ ਤੇ ਜੇਕਰ ਅਜਿਹਾ ਸਾਹਮਣੇ ਆਇਆ ਤਾਂ ਕਾਰਵਾਈ ਹੋਵੇਗੀ।

ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਕਿਹਾ ਕਿ ਸਾਰੇ ਕਲਸੱਟਰ ਅਫ਼ਸਰ, ਨੋਡਲ ਅਫ਼ਸਰ ਤੇ ਸਬੰਧਤ ਇਲਾਕੇ ਦਾ ਥਾਣਾ ਮੁਖੀ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਤੇ ਕੋਈ ਵੀ ਅਣਗਹਿਲੀ ਨਾ ਵਰਤੀ ਜਾਵੇ। ਇਸ ਮੌਕੇ ਐਸ.ਪੀ. ਸਰਫਰਾਜ ਆਲਮ, ਏ.ਡੀ.ਸੀਜ ਇਸ਼ਾ ਸਿੰਗਲ, ਨਵਰੀਤ ਕੌਰ ਸੇਖੋਂ ਤੇ ਅਨੁਪ੍ਰਿਤਾ ਜੌਹਲ, ਐਸ.ਪੀ. ਹਰਬੰਤ ਕੌਰ, ਸਮੂਹ ਐਸ.ਡੀ.ਐਮਜ, ਪ੍ਰਦੂਸ਼ਣ ਰੋਕਥਾਮ ਬੋਰਡ, ਖੇਤੀਬਾੜੀ ਤੇ ਸਹਿਕਾਰੀ ਵਿਭਾਗਾਂ ਸਮੇਤ ਥਾਣਾ ਮੁਖੀਆਂ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਐਸ.ਡੀ.ਐਮਜ਼, ਖੇਤੀਬਾੜੀ ਵਿਭਾਗ ਤੇ ਸਹਿਕਾਰੀ ਸਭਾਵਾਂ ਦੇ ਅਧਿਕਾਰੀ ਨੇ ਖਾਦ ਦੇ ਸਟਾਕ ਦੀ ਕੀਤੀ ਚੈਕਿੰਗ

**ਖਾਦ ਦੀ ਜਮ੍ਹਾਂਖ਼ੋਰੀ ਤੇ ਕਾਲਾਬਾਜ਼ਾਰੀ ਕਰਨ ਵਾਲਿਆਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਬਾਜ ਅੱਖ**



**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਏਪੀ ਖਾਦ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਐਸ.ਡੀ.ਐਮਜ਼, ਖੇਤੀਬਾੜੀ ਵਿਭਾਗ ਤੇ ਸਹਿਕਾਰੀ ਸਭਾਵਾਂ ਦੇ ਅਧਿਕਾਰੀਆਂ ਨੂੰ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕਰਨ ਦੀਆਂ ਦਿੱਤੀਆਂ ਸਖ਼ਤ ਹਦਾਇਤਾਂ ਤੋਂ ਬਾਅਦ ਜ਼ਿਲ੍ਹੇ ਵਿੱਚ ਚੈਕਿੰਗ ਮੁਹਿੰਮ ਵਿੱਢੀ ਗਈ, ਜਿਸ ਦੌਰਾਨ ਖਾਦ ਵਿਕਰੇਤਾਵਾਂ ਦੀਆਂ ਦੁਕਾਨਾਂ ਤੇ ਗੁਦਾਮਾਂ ਦੀ ਜਾਂਚ ਕੀਤੀ ਗਈ ਤੇ ਸੈਂਪਲ ਭਰਨ ਤੋਂ ਇਲਾਵਾ ਦੁਕਾਨਾਂ 'ਚ ਪਿਆ ਖਾਦਾਂ ਦਾ ਸਟਾਕ ਚੈੱਕ ਕੀਤਾ ਗਿਆ।

ਇਸ ਦੌਰਾਨ ਐਸ.ਡੀ.ਐਮ ਪਟਿਆਲਾ ਮਨਜੀਤ ਕੌਰ ਨੇ ਸਹਿਕਾਰੀ ਸਭਾਵਾਂ ਦੇ ਸਟਾਕ ਦੀ ਜਾਂਚ ਕੀਤੀ। ਜਦਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਦਸਮੇਸ਼ ਫਰਟੀਲਾਈਜ਼ਰ ਪਾਤੜਾਂ, ਜ਼ਿਮੀਂਦਾਰਾਂ ਫਰਟੀਲਾਈਜ਼ਰ ਤੇ ਕੀਟਨਾਸ਼ਕ ਪਾਤੜਾਂ, ਭਿੰਡਰ ਪੈਸਟੀਸਾਈਡ ਤੇ ਮੁਕੇਸ਼ ਖਾਦ ਸਟੋਰ ਪਾਤੜਾਂ ਦੇ ਸਟਾਕ ਦੀ ਚੈਕਿੰਗ ਕੀਤੀ ਗਈ। ਚੈਕਿੰਗ ਟੀਮਾਂ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ, ਨਾਇਬ ਤਹਿਸੀਲਦਾਰ ਪਾਤੜਾਂ ਕਰਮਜੀਤ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਅਮਨਪ੍ਰੀਤ ਸਿੰਘ ਸੰਧੂ ਤੇ ਖੇਤੀਬਾੜੀ ਵਿਸਥਾਰ ਅਫ਼ਸਰ ਡਾ. ਰਵਿੰਦਰ ਪਾਲ ਸਿੰਘ ਚੱਠਾ ਤੇ ਹੋਰ ਸਟਾਫ਼ ਸ਼ਾਮਲ ਸੀ।

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਵੱਲੋਂ ਜ਼ਿਲ੍ਹੇ ਦੀ ਹਰੇਕ ਸਬ ਡਵੀਜ਼ਨ ਵਿੱਚ ਚੈਕਿੰਗ ਕੀਤੀ ਜਾ ਰਹੀ ਹੈ ਅਤੇ ? ਇਸ ਦੌਰਾਨ ਵਿਭਾਗ ਵੱਲੋਂ ਖਾਦ ਦੇ ਸੈਂਪਲ ਵੀ ਭਰੇ ਜਾ ਰਹੇ ਹਨ ਜੋ ਲੈਬੋਰੇਟਰੀ 'ਚ ਟੈੱਸਟ ਲਈ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਗਈ ਕਿ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ 'ਤੇ ਰੇਟ ਲਿਖਿਆ ਜਾਵੇ ਤੇ ਕਿਸਾਨਾਂ ਨੂੰ ਜੋ ਵੀ ਖੇਤੀ ਸਮਗਰੀ ਵੇਚੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਤੇ ਖਾਦ ਨਾਲ ਬੇਲੋੜੀਆਂ ਵਸਤਾਂ ਨਾ ਦਿੱਤੀਆਂ ਜਾਣ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵੀ ਇਹ ਮੁਹਿੰਮ ਜਾਰੀ ਰਹੇਗੀ ਤੇ ਜੇਕਰ ਕੋਈ ਖਾਦ ਵਿਕਰੇਤਾ/ਡੀਲਰ ਬਿਨਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਵੀ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ਼ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਦੀ ਅਪੀਲ ਕੀਤੀ ਤੇ ਕਿਹਾ ਕਿ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਸਬੰਧੀ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫ਼ਸਰ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ।

# ਸੂਬਾ ਪੱਧਰੀ ਜਿਮਨਾਸਟਿਕ ਮੁਕਾਬਲਿਆਂ ਦੇ ਅੰਡਰ-14 'ਚ ਐਸ.ਏ.ਐਸ ਨਗਰ ਰਿਹਾ ਮੋਹਰੀ

**ਲੜਕੀਆਂ ਦੇ ਮੁਕਾਬਲਿਆਂ 'ਚ ਅੰਮ੍ਰਿਤਸਰ ਰਿਹਾ ਅੱਵਲ**



**ਪਟਿਆਲਾ, 12 ਨਵੰਬਰ**
**-ਕਿਰਨ ਵਸ਼ਿਸ਼ਟ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਪੋਲੋ ਗਰਾਊਂਡ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-3 ਦੇ ਜਿਮਨਾਸਟਿਕ ਖੇਡ ਦੇ ਸੂਬਾ ਪੱਧਰੀ ਮੁਕਾਬਲਿਆਂ ਦੇ ਅੱਜ ਤੀਜੇ ਦਿਨ ਦਿਲਚਸਪ ਮੁਕਾਬਲੇ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਅੱਜ ਹੋਏ ਜਿਮਨਾਸਟਿਕ ਦੇ ਮੁਕਾਬਲਿਆਂ ਵਿੱਚ ਉਮਰ ਵਰਗ ਅੰਡਰ-14 ਲੜਕੇ ਵਿੱਚ ਜ਼ਿਲ੍ਹਾ ਐਸ.ਏ.ਐਸ ਨਗਰ ਨੇ ਪਹਿਲਾ ਸਥਾਨ, ਜ਼ਿਲ੍ਹਾ ਜਲੰਧਰ ਨੇ ਦੂਸਰਾ ਸਥਾਨ ਅਤੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਉਮਰ ਵਰਗ ਅੰਡਰ-14 ਰਿਥਮਿਕ ਜਿਮਨਾਸਟਿਕ ਲੜਕੀਆਂ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਨੇ ਪਹਿਲਾ ਸਥਾਨ, ਜ਼ਿਲ੍ਹਾ ਪਟਿਆਲਾ ਨੇ ਦੂਸਰਾ ਸਥਾਨ ਅਤੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਗਿਆ ਹੈ। ਉਮਰ ਵਰਗ ਅੰਡਰ-17 ਲੜਕੇ ਵਿੱਚ ਜ਼ਿਲ੍ਹਾ ਜਲੰਧਰ ਨੇ ਪਹਿਲਾ ਸਥਾਨ, ਜ਼ਿਲ੍ਹਾ ਪਟਿਆਲਾ ਨੇ ਦੂਸਰਾ ਸਥਾਨ ਅਤੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਗਿਆ ਹੈ। ਉਮਰ ਵਰਗ ਅੰਡਰ-17 ਲੜਕੀਆਂ ਆਰਟੀਸਟਿਕ ਵਿੱਚ ਜ਼ਿਲ੍ਹਾ ਗੁਰਦਾਸਪੁਰ ਨੇ ਪਹਿਲਾ ਸਥਾਨ , ਜ਼ਿਲ੍ਹਾ ਲੁਧਿਆਣਾ ਨੇ ਦੂਸਰਾ ਸਥਾਨ ਅਤੇ ਜ਼ਿਲ੍ਹਾ ਅੰਮ੍ਰਿਤਸਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਉਮਰ ਵਰਗ- 21 ਤੋਂ 30 ਲੜਕੀਆਂ ਰਿਥਮਿਕਸ ਟੀਮ (ਆਲ ਅਪੈਰਟਸ) ਖੇਡ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਨੇ ਪਹਿਲਾ ਸਥਾਨ, ਜ਼ਿਲ੍ਹਾ ਮੁਕਤਸਰ ਨੇ ਦੂਸਰਾ ਸਥਾਨ ਅਤੇ ਲੁਧਿਆਣਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ।

# ਮੰਡੀ ਬੋਰਡ ਦੇ ਸਟਾਫ਼ ਨੇ ਬਾਹਰੋਂ ਲਿਆਂਦੇ ਜਾ ਰਹੇ ਅਣਅਧਿਕਾਰਤ ਪਰਮਲ ਝੋਨੇ ਦਾ ਟਰੱਕ ਫੜ੍ਹਿਆ

**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹਾ ਮੰਡੀ ਅਫ਼ਸਰ ਦੇ ਸਟਾਫ਼ ਨੇ ਬਾਹਰੋਂ ਲਿਆਂਦੇ ਗਏ ਪਰਮਲ ਝੋਨੇ ਦਾ ਇੱਕ ਟਰੱਕ ਫੜ੍ਹ ਕੇ ਪੁਲਿਸ ਹਵਾਲੇ ਕੀਤਾ ਹੈ। ਇਸ ਦੀ ਪੁਸ਼ਟੀ ਕਰਦਿਆਂ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਤੋਂ ਬਾਹਰੋਂ ਆ ਰਹੇ ਅਣਅਧਿਕਾਰਤ ਝੋਨੇ ਅਤੇ ਚਾਵਲ ਦੀ ਚੈਕਿੰਗ ਕਰਨ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਹੁਕਮਾਂ ਅਨੁਸਾਰ ਡਿਪਟੀ ਜ਼ਿਲ੍ਹਾ ਮੰਡੀ ਅਫ਼ਸਰ ਵਲੋਂ ਵੱਖ ਵੱਖ ਮਾਰਕਿਟ ਕਮੇਟੀ ਦੇ ਸਟਾਫ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।ਇਸੇ ਦੌਰਾਨ ਗੁਰਮਾਣਕ ਸਿੰਘ ਮੰਡੀ ਸੁਪਵਾਈਜ਼ਰ ਨਾਭਾ ਅਤੇ ਟੀਮ ਵਲੋਂ ਅੱਜ ਬੰਦਾ ਸਿੰਘ ਬਹਾਦਰ ਚੌਂਕ ਸਮਾਣਾ ਵਿਖੇ ਅਚਨਚੇਤ ਚੈਕਿੰਗ ਦੌਰਾਨ ਇੱਕ ਟਰੱਕ ਰੋਕਿਆ ਗੱਡੀਆਂ ਦੇ ਡਰਾਇਵਰਾਂ ਤੋਂ ਬਿੱਲ-ਬਿਲਟੀਆਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਕੋਲ ਬਿੱਲ-ਬਿਲਟੀਆਂ ਸਨ।




ਡੀ.ਐਮ.ਓ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਗੱਡੀਆਂ 'ਤੇ ਬਣਦੀ ਮਾਰਕਿਟ ਫੀਸ ਅਤੇ ਪੰਜਾਬ ਮੰਡੀ ਬੋਰਡ ਦੇ ਟੋਕਨ ਬਾਰੇ ਪੁੱਛਿਆ ਗਿਆ ਤਾਂ ਇਹਨਾਂ ਵੱਲੋਂ ਨਾਂ ਕੋਈ ਫੀਸ ਦੀ ਰਸੀਦ ਅਤੇ ਪੰਜਾਬ ਮੰਡੀ ਬੋਰਡ ਦਾ ਟੋਕਨ ਪ੍ਰਾਪਤ ਨਹੀ ਹੋਇਆ। ਇਸ ਸਬੰਧੀ ਮਾਰਕਿਟ ਕਮੇਟੀ ਮੋਗਾ ਨੂੰ ਮੈਸ ਤਿਰੀਮੂਰਤੀ ਗ੍ਰਾਮ ਟਰੇਡਿੰਗ ਕੰਪਨੀ ਮੋਗਾ ਬਰੀਅਰ ਰਿਪੋਰਟ ਭੇਜੀ ਗਈ ਜਿਸ ਦਾ ਜਵਾਬ ਪ੍ਰਾਪਤ ਹੋਇਆ ਕਿ ਇਹ ਫਰਮ ਲਾਇਸੰਸੀ ਨਹੀਂ ਹੈ।

ਉਨ੍ਹਾਂ ਨੇ ਕਿਹਾ ਕਿ ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਅਗਰ ਕਿਸੇ ਪ੍ਰਕਾਰ ਦਾ ਅਨਾਜ ਲਿਆਇਆ ਜਾਂਣਾ ਹੈ ਤਾਂ ਉਸ ਦਾ ਬੀ ?ਟੀ ?ਐਸ ਟੋਕਨ ਹੋਣਾ ਜਰੂਰੀ ਹੈ ਪਰ ਇਹ ਗੱਡੀ ਸ਼ੱਕੀ ਜਾਪੀ ਅਤੇ ਇਸ ਵਿੱਚ ਪਰਮਲ ਜੀਰੀ ਪਾਈ ਗਈ ਹੈ।ਇਸ ਲਈ ਇਸ ਮਾਮਲੇ ਵਿੱਚ ਪੁਲਿਸ ਕੇਸ ਦਰਜ ਕਰਵਾਉਣ ਲਈ ਥਾਣਾ ਸਿਟੀ ਸਮਾਣਾ ਨੂੰ ਲਿਖਤੀ ਪੱਤਰ ਭੇਜਿਆ ਗਿਆ ਹੈ।

ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਤੋਂ ਬਾਹਰੋਂ ਆ ਰਹੇ ਅਣਅਧਿਕਾਰਤ ਝੋਨੇ ਅਤੇ ਚਾਵਲ ਦੀ ਚੈਕਿੰਗ ਲਗਾਤਾਰ ਜਾਰੀ ਰਹੇਗੀ।

# 24 ਨੂੰ ਜਲ ਸਪਲਾਈ ਵਿਭਾਗ ਦੇ ਮੰਤਰੀ ਦੇ ਹਲਕੇ ਵਿਖੇ ਠੇਕਾ ਮੁਲਾਜਮ ਪਰਿਵਾਰਾਂ ਤੇ ਬੱਚਿਆ ਸਮੇਤ ਧਰਨਾ ਦੇਣਗੇ

**ਸਮਾਣਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਜਿਲਾ ਪਟਿਆਲਾ ਬਰਾਂਚ ਸਮਾਣਾ ਦੇ ਬ੍ਰਾਂਚ ਪ੍ਰਧਾਨ ਬਲਕਾਰ ਸਿੰਘ ਕਕਰਾਲਾ ਖਜਾਨਚੀ ਮਨਦੀਪ ਸਿੰਘ ਬੁਜ਼ਰਕ ਨੇ ਦੱਸਿਆ ਕਿ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਪਿਛਲੇ 15-20 ਸਾਲਾਂ ਦੇ ਲੰਮੇ ਸਮੇਂ ਤੋਂ ਇਕ ਵਰਕਰ ਦੇ ਰੂਪ ਵਿਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਮੁਲਾਜਮਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਜਿਵੇਂ ਕਿ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ ਤੇ ਸਬੰਧਤ ਵਿਭਾਗ ਵਿਚ ਮਰਜ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰੋਪੋਜਲ ਨੂੰ ਲਾਗੂ ਕਰਨਾ ਅਤੇ ਜਦੋਂ ਤੱਕ ਇਸ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਦੀਆਂ ਤਨਖਾਹਾਂ ਵਿਚ ਕਿਰਤ ਕਾਨੂੰਨ ਦੇ ਅਧੀਨ ਵਧੀਆ ਉਜਰਤਾਂ ਮੁਤਾਬਿਕ ਤਨਖਾਹ 'ਚ ਵਾਧਾ ਕਰਨ, ਈ.ਪੀ.ਐਫ., ਈ.ਐਸ.ਆਈ. ਅਤੇ 8.33 ਪ੍ਰਤੀਸ਼ਤ ਬੋਨਸ ਲਾਗੂ ਕਰਨਾ, ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਲੋਕ ਨੀਤੀਆਂ ਨੂੰ ਰੱਦ ਕਰਨਾ ਸਮੇਤ ਮੰਗ-ਪੱਤਰ ਵਿਚ ਦਰਜ ਤਮਾਮ ਮੰਗਾਂ ਦਾ ਹੱਲ ਕਰਵਾਉਣ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਦੇ ਵਿਧਾਨ ਸਭਾ ਹਲਕੇ ਸਾਹਨੇਵਾਲਾ ਜਿਲ੍ਹਾ ਲੁਧਿਆਣਾ ਵਿੱਚ ਜੱਥੇਬੰਦੀ ਵੱਲੋਂ 24 ਨੂੰ ਸੂਬਾ ਪੱਧਰੀ ਪਰਿਵਾਰਾਂ ਅਤੇ ਬਚਿਆ ਸਮੇਤ ਧਰਨਾ ਦਿੱਤਾ ਜਾਵੇਗਾਂ ਜਿਸ ਵਿਚ ਜਿਲਾ ਪਟਿਆਲਾ ਬਰਾਚ ਸਮਾਣਾ ਦੇ ਵਰਕਰ ਪਰਿਵਾਰਾਂ ਬੱਚਿਆਂ ਸਮੇਤ ਵੱਡੀ ਗਿਣਤੀ ਵਿਚ ਪਹੁੰਚਣਗੇ।

# 'ਆਪ' ਨੇ ਝੂਠੇ ਵਾਅਦਿਆਂ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਲਈ ਮਨਪ੍ਰੀਤ ਬਾਦਲ ਦੀ ਕੀਤੀ ਸਖ਼ਤ ਆਲੋਚਨਾ

**ਡਿੰਪੀ ਢਿੱਲੋਂ ਨੇ ਮਨਪ੍ਰੀਤ ਬਾਦਲ ਦੇ ਤਾਜ਼ਾ ਝੂਠਾਂ 'ਤੇ ਕੀਤੇ ਸਵਾਲ, ਕਿਹਾ- ਜਦੋਂ ਉਹ 16 ਸਾਲਾਂ ਵਿਚ ਨੌਕਰੀਆਂ ਦੇਣ ਵਿਚ ਅਸਫਲ ਰਹੇ ਹਨ, ਤਾਂ ਗਿੱਦੜਬਾਹਾ ਹੁਣ ਉਨ੍ਹਾਂ 'ਤੇ ਭਰੋਸਾ ਕਿਉਂ ਕਰੇ ?**

**ਗਿੱਦੜਬਾਹਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਉਮੀਦਵਾਰ ਮਨਪ੍ਰੀਤ ਬਾਦਲ ਦੀ ਤਿੱਖੀ ਆਲੋਚਨਾ ਕਰਦਿਆਂ ਗਿੱਦੜਬਾਹਾ ਤੋਂ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਉਨ੍ਹਾਂ ਦੇ ਵਾਅਦਿਆਂ ਨੂੰ ਝੂਠਾ ਕਰਾਰ ਦਿੱਤਾ ਹੈ। ਡਿੰਪੀ ਢਿੱਲੋਂ ਨੇ ਬਾਦਲ 'ਤੇ ਚੋਣ ਪ੍ਰਚਾਰ ਦੌਰਾਨ ਅਜਿਹੇ ਗੁੰਮਰਾਹਕੁੰਨ ਦਾਅਵੇ ਕਰ ਕੇ ਆਦਰਸ਼ ਚੋਣ ਜ਼ਾਬਤੇ ਦੀ ਸ਼ਰੇਆਮ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ।

ਇਸ ਮੁੱਦੇ ਬਾਰੇ ਬੋਲਦਿਆਂ ਡਿੰਪੀ ਢਿੱਲੋਂ ਨੇ ਕਿਹਾ, ਮਨਪ੍ਰੀਤ ਬਾਦਲ ਦਾ ਗਿੱਦੜਬਾਹਾ ਦੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਲੰਬਾ ਇਤਿਹਾਸ ਰਿਹਾ ਹੈ। ਉਹ 16 ਸਾਲ ਇਸ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ, ਵਿੱਤ ਮੰਤਰੀ ਵੀ ਰਹੇ ਹਨ, ਪਰ ਫਿਰ ਵੀ ਨੌਜਵਾਨਾਂ ਨੂੰ ਨੌਕਰੀਆਂ ਦੇਣ ਵਿੱਚ ਨਾਕਾਮ ਰਹੇ ਹਨ।

ਹੁਣ ਚੋਣਾਂ ਦੌਰਾਨ ਉਹ ਇਸ ਵਾਰ ਫਿਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਖੋਖਲੇ ਵਾਅਦੇ ਕਰ ਰਹੇ ਹਨ। ਜੇਕਰ ਤੁਸੀਂ ਸੱਤਾ 'ਚ ਰਹਿੰਦਿਆਂ 'ਚ ਕੋਈ ਕੰਮ ਨਹੀਂ ਕਰ ਸਕੇ ਤਾਂ ਹੁਣ ਗਿੱਦੜਬਾਹਾ ਤੁਹਾਡੇ 'ਤੇ ਵਿਸ਼ਵਾਸ ਕਿਉਂ ਕਰੇ ? ਤੁਹਾਡੇ ਇਹ ਸਾਰੇ ਵਾਅਦੇ ਇੱਕ ਵਾਰ ਫਿਰ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ।

ਡਿੰਪੀ ਢਿੱਲੋਂ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਬਾਦਲ ਦੇ ਦਾਅਵੇ ਨਾ ਸਿਰਫ਼ ਬੇਬੁਨਿਆਦ ਹਨ, ਸਗੋਂ ਆਦਰਸ਼ ਚੋਣ ਜ਼ਾਬਤੇ ਦੀ ਵੀ ਸਿੱਧੀ ਉਲੰਘਣਾ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਬੇਬੁਨਿਆਦ ਵਾਅਦੇ ਕਰਨ ਵਾਲੇ ਬਾਦਲ ਖ਼ਿਲਾਫ਼ ਤੁਰੰਤ ਕਾਰਵਾਈ ਕਰੇ।



ਡਿੰਪੀ ਢਿੱਲੋਂ ਨੇ ਕਿਹਾ ਕਿ ਗਿੱਦੜਬਾਹਾ ਦੇ ਲੋਕ ਇਸ ਤੋਂ ਵਧੀਆ ਦੇ ਹੱਕਦਾਰ ਹਨ। ਇਹ ਜਵਾਬਦੇਹੀ ਅਤੇ ਪਾਰਦਰਸ਼ਤਾ ਦਾ ਸਮਾਂ ਹੈ। ਪੰਜਾਬ ਦੇ ਲੋਕ ਝੂਠੇ ਵਾਅਦਿਆਂ ਤੋਂ ਅੱਕ ਚੁੱਕੇ ਹਨ। ਅਸੀਂ, 'ਆਪ' ਵਿੱਚ, ਨੌਜਵਾਨਾਂ ਲਈ ਅਸਲ ਮੌਕੇ ਪੈਦਾ ਕਰਨ ਅਤੇ ਖੇਤਰ ਦੇ ਪ੍ਰਮੁੱਖ ਮੁੱਦਿਆਂ ਨੂੰ ਹੱਲ ਕਰਨ ਲਈ ਵਚਨਬੱਧ ਹਾਂ। ਮਾਨ ਸਰਕਾਰ ਨੇ ਹੁਣ ਤੱਕ 45,000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

'ਆਪ' ਬੁਲਾਰੇ ਨੀਲ ਗਰਗ ਨੇ ਮਨਪ੍ਰੀਤ ਬਾਦਲ ਨੂੰ ਆਪਣੇ ਕਾਰਜਕਾਲ ਦੌਰਾਨ ਨੌਜਵਾਨਾਂ ਨੂੰ ਦਿੱਤੀਆਂ ਨੌਕਰੀਆਂ ਦੀ ਸੂਚੀ ਦੇਣ ਦੀ ਦਿੱਤੀ ਚੁਣੌਤੀ

'ਆਪ' ਆਗੂ ਨੀਲ ਗਰਗ ਨੇ ਵੀ ਮਨਪ੍ਰੀਤ ਬਾਦਲ ਦੇ ਗੁਮਰਾਹ ਹੋਣ ਵਾਲੇ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਮੈਂ ਇੱਕ ਅਜਿਹੇ ਨੇਤਾ ਨੂੰ ਦੇਖ ਕੇ ਹੈਰਾਨ ਹਾਂ ਜਿਸ ਨੂੰ ਲੋਕਾਂ ਦੁਆਰਾ ਅਜਿਹੇ ਬੇਬੁਨਿਆਦ ਦਾਅਵਿਆਂ ਕਾਰਨ ਨਕਾਰ ਦਿੱਤਾ ਗਿਆ ਹੈ। ਪਿਛਲੇ 21 ਸਾਲਾਂ ਤੋਂ ਮਨਪ੍ਰੀਤ ਬਾਦਲ ਨੌਕਰੀਆਂ ਦੇ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੇ ਹਨ। ਮੈਂ ਉਨ੍ਹਾਂ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਉਨ੍ਹਾਂ ਨੌਜਵਾਨਾਂ ਦੀ ਸੂਚੀ ਜਾਰੀ ਕਰਨ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਨੌਕਰੀ ਦਿੱਤੀ ਹੈ। ਗਿੱਦੜਬਾਹਾ ਦੇ ਲੋਕ ਸਚਾਈ ਜਾਣਦੇ ਹਨ, ਅਤੇ ਉਹ ਹੁਣ ਉਨ੍ਹਾਂ ਦੀਆਂ ਫੋਕੀਆਂ ਗੱਲਾਂ ਨਾਲ ਮੂਰਖ ਨਹੀਂ ਬਣਨਗੇ।

ਉਨ੍ਹਾਂ ਇਹ ਵੀ ਕਿਹਾ ਕਿ ਮਨਪ੍ਰੀਤ ਬਾਦਲ ਦੀ ਜਨਤਾ ਨੂੰ ਗੁੰਮਰਾਹ ਕਰਨ ਦੀ ਤਾਜ਼ਾ ਕੋਸ਼ਿਸ਼ ਇਹ ਸਾਬਤ ਕਰਦੀ ਹੈ ਕਿ ਉਹ ਅਸਲੀਅਤ ਤੋਂ ਬਹੁਤ ਦੂਰ ਹਨ। ਜੇਕਰ ਉਹ ਸੱਤਾ 'ਚ ਰਹਿੰਦੇ ਹੋਏ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਦੇ ਸਕੇ ਤਾਂ ਉਨ੍ਹਾਂ ਦੇ ਨਵੇਂ ਵਾਅਦਿਆਂ 'ਤੇ ਵਿਸ਼ਵਾਸ ਕਰਨ ਦਾ ਕੋਈ ਕਾਰਨ ਨਹੀਂ ਹੈ। ਗਿੱਦੜਬਾਹਾ ਦੇ ਲੋਕ ਪਹਿਲਾਂ ਵੀ ਨਕਾਰ ਚੁੱਕੇ ਹਨ ਅਤੇ ਉਹ ਇਸ ਵਾਰ ਵੀ ਉਨ੍ਹਾਂ ਦੇ ਝੂਠ ਦੇ ਝਾਂਸੇ ਵਿੱਚ ਨਹੀਂ ਆਉਣਗੇ।

# ਜ਼ਿੰਦਗੀ ਦੇ ਸੰਘਰਸ਼ ਨੂੰ ਨਾਟਕ ਜਰੀਏ ਦਿਖਾਅ ਗਏ ਮੁੰਬਈ ਦੇ ਕਲਾਕਾਰ

**ਪਟਿਆਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਾ ਕ੍ਰਿਤੀ ਪਟਿਆਲਾ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਨੌਰਥ ਜੋਨ ਕਲਚਰਲ ਸੈਂਟਰ (ਐਨ.ਜ਼ੈੱਡ.ਸੀ.ਸੀ.) ਦੇ ਸਹਿਯੋਗ ਨਾਲ ਆਯੋਜਿਤ ਸੱਤ ਰੋਜ਼ਾ ਨੈਸ਼ਨਲ ਥੀਏਟਰ ਫੈਸਟੀਵਲ ਦੇ ਚੌਥੇ ਦਿਨ ਨਾਟਕ 'ਕੋਸ਼ਿਸ਼' ਡਾਇਰੈਕਟਰ ਸੰਦੀਪ ਮੋਰੇ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਜਿਸ ਨੇ ਹਰ ਉਮਰ ਦੇ ਦਰਸ਼ਕ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ।



ਨਾਟਕ 'ਕੋਸ਼ਿਸ਼' ਦੀ ਪੇਸ਼ਕਾਰੀ ਦਿੰਦੇ ਹੋਏ ਮਨੋਰੰਗ ਥੀਏਟਰ ਗਰੁੱਪ ਮੁੰਬਈ ਦੇ ਕਲਾਕਾਰ।

ਇਸ ਨਾਟਕ ਰਾਹੀਂ ਰੋਜਾਨਾ ਦੀ ਜ਼ਿੰਦਗੀ ਵਿੱਚ ਹੁੰਦੀ ਨੱਠ ਭੱਜ ਨੂੰ ਬਹੁਤ ਹੀ ਸੁਚੱਜੇ ਨਾਲ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਜ਼ਿੰਦਗੀ ਵਿੱਚ ਸੰਘਰਸ਼ ਤੋਂ ਬਿਨਾ ਕੁਝ ਵੀ ਹਾਸਲ ਨਹੀ ਕੀਤਾ ਜਾ ਸਕਦਾ। ਕੋਸ਼ਿਸ਼ ਨਾਮਕ ਸ਼ਬਦ ਹੀ ਸਾਨੂੰ ਸਫਲਤਾ ਦਾ ਰਾਹ ਦਿਖਾਉਂਦਾ ਹੈ। ਇਸ ਨਾਟਕ ਰਾਹੀਂ ਕਲਾਕਾਰਾਂ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਅਤੇ ਆਡੀਟੋਰੀਅਮ ਅੰਦਰ ਬੈਠੇ ਦਰਸ਼ਕ ਤਾੜੀਆਂ ਮਾਰੇ ਬਿਨਾ ਨਾ ਰਹਿ ਸਕੇ। ਨਾਟਕ ਦੇ ਕਲਾਕਾਰਾਂ ਵਿੱਚ ਮੁੱਖ ਪਾਤਰਾਂ ਵਿੱਚ ਸੰਦੀਪ ਮੋਰੇ, ਨਦੀਤਾ ਬਸਨੀਕ, ਹਰੀਸ਼ ਐਲ, ਐਮ.ਡੀ. ਹੁਸੈਨ, ਨਿਸ਼ਾ ਖੁਰਾਨਾ, ਗੌਰੀ ਗੁਲਾਟੀ, ਨਿਨਾਦ ਆਜਨੇ, ਪੂਜਾ ਡੋਲਾਸ ,ਰਾਹੁਲ ਤੋੜਕਰ, ਰਮਾ ਚੰਦਰਸ਼ੇਖਰ, ਪ੍ਰਾਜੈਕਟਾਂ ਪਾਡੋਗਨਕਰ, ਪ੍ਰਮੁਗਦਾ ਵੇਂਕੇਟਸ, ਚਾਂਦਨੀ ਮਾਥੁਰ ਅਤੇ ਮ੍ਰਿਤੁੰਜੈ ਪਾਂਡੇ ਸ਼ਾਮਲ ਸਨ।

ਫੈਸਟੀਵਲ ਦੇ ਮੁੱਖ ਮਹਿਮਾਨ ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ, ਅਦਾਕਾਰਾ ਡਾ. ਸੁਨੀਤਾ ਧੀਰ ਅਤੇ ਨਰੈਣ ਕੌਂਟੀਨੈਂਟਲ ਦੇ ਐਮਡੀ ਅਵਤਾਰ ਸਿੰਘ ਅਰੋੜਾ ਸਨ। ਜਿਨ੍ਹਾਂ ਨੇ ਸਾਂਝੇ ਤੌਰ 'ਤੇ ਨਾਟਕ ਦੇ ਕਲਾਕਾਰਾਂ ਦੀ ਸ਼ਾਨਦਾਰ ਪੇਸ਼ਕਾਰੀ ਲਈ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਨਾਟਕ ਵਿਚਲੇ ਸਾਰੇ ਕਲਾਕਾਰਾਂ ਨੇ ਇੱਕ ਤੋਂ ਇੱਕ ਵਧ ਕੇ ਸਫਲ ਪੇਸ਼ਕਾਰੀ ਦਿੰਦਿਆਂ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ।

ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਨੇ ਕਿਹਾ ਕਿ 13 ਨਵੰਬਰ ਤੱਕ ਚੱਲਣ ਵਾਲੇ ਇਸ ਫੈਸਟੀਵਲ ਵਿੱਚ ਚੋਟੀ ਦੇ ਕਲਾਕਾਰ ਸ਼ਿਰਕਤ ਕਰਕੇ ਪਟਿਆਲਵੀਆਂ ਦਾ ਮਨ ਮੋਹ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਫੈਸਟੀਵਲ ਕਰਵਾਉਣ ਦਾ ਮੁੱਖ ਮਕਸਦ ਅੱਜ ਦੀ ਪੀੜ੍ਹੀ ਨੂੰ ਰੰਗ ਮੰਚ ਨਾਲ ਜੋੜਨਾ ਹੈ। ਇਸ ਤੋਂ ਇਲਾਵਾ ਇਸ ਫੈਸਟੀਵਲ ਦੇ ਨਿਰਦੇਸ਼ਕ ਅਤੇ ਪ੍ਰਸਿੱਧ ਥੀਏਟਰ ਨਿਰਦੇਸ਼ਕ, ਅਦਾਕਾਰ ਅਤੇ ਨਿਰਮਾਤਾ ਪਰਮਿੰਦਰ ਪਾਲ ਕੌਰ ਨੇ ਆਖਿਆ ਕਿ ਕਲਾਕ੍ਰਿਤੀ ਪਟਿਆਲਾ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕਰਵਾਏ ਜਾ ਰਹੇ ਇਸ ਫੈਸਟੀਵਲ ਵਿੱਚ ਸਾਡੀ ਰੋਜਾਨਾ ਦੀ ਜ਼ਿੰਦਗੀ ਨਾਲ ਸਬੰਧਿਤ ਨਾਟਕ ਪੇਸ਼ ਕੀਤੇ ਜਾ ਰਹੇ ਹਨ, ਜਿਸ ਤੋਂ ਹਰ ਇੱਕ ਇਨਸਾਨ ਨੂੰ ਸੇਧ ਮਿਲਦੀ ਹੈ। ਇਸ ਫੈਸਟੀਵਲ ਵਿੱਚ ਮੁਹਾਰਤ ਹਾਸਲ ਕਲਾਕਾਰ ਭਰਵੀਂ ਸ਼ਮੂਲੀਅਤ ਕਰ ਰਹੇ ਹਨ। ਉਨ੍ਹਾਂ ਅੱਗੇ ਆਖਿਆ ਕਿ ਕੱਲ੍ਹ 11 ਨਵੰਬਰ ਸੋਮਵਾਰ ਨੂੰ ਨਾਟਕ 'ਪੁਕਾਰ' ਦਾ ਮੰਚਨ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਪਟਿਆਲਵੀਆਂ ਨੂੰ ਇਸ ਫੈਸਟੀਵਲ ਵਿਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

# ਸਾਹਿਤ ਸਿਰਜਣਾ ਮੇਰੀ ਰੂਹ ਨੂੰ ਸਕੂਨ ਬਖ਼ਸ਼ਦੀ ਹੈ

## ਹਰਕੀਰਤ ਕੌਰ ਚਹਿਲ

ਰੂਬਰੂ



• ਤਰਸੇਮ ਗੋਪੀ ਕਾ
8146200063

ਹਰਕੀਰਤ ਕੌਰ ਚਹਿਲ ਦਾ ਨਾਂ ਇਕ ਲੇਖਿਕਾ ਦੇ ਤੌਰ 'ਤੇ ਉਦੋਂ ਉੱਭਰ ਕੇ ਸਾਹਮਣੇ ਆਇਆ, ਜਦੋਂ ਉਸ ਦੀ ਪਲੇਠੀ ਪੁਸਤਕ 'ਪਰੀਆਂ ਸੰਗ ਪਰਵਾਜ਼' ਛਪ ਕੇ ਪੰਜਾਬੀ ਪਾਠਕਾਂ ਦੇ ਹੱਥਾਂ ਵਿਚ ਪਹੁੰਚੀ ਸੀ। ਹਰਕੀਰਤ ਉਨ੍ਹਾਂ ਪਰਵਾਸੀ ਲੇਖਕਾਂ ਵਿੱਚੋਂ ਹੈ, ਜਿਨ੍ਹਾਂ ਦੇ ਮਨਾਂ 'ਤੇ ਪੱਛਮੀ ਦੇਸ਼ਾਂ ਦੀ ਸੱਭਿਅਤਾ ਕਬਜ਼ਾ ਨਹੀਂ ਕਰ ਪਾਉਂਦੀ ਤੇ ਉਹ ਵਿਦੇਸ਼ਾਂ ਵਿਚ ਰਹਿੰਦੇ ਹੋਏ ਵੀ ਆਪਣੇ ਵਤਨ ਦੀ ਮਿੱਟੀ ਨਾਲ ਜੁੜੇ ਰਹਿੰਦੇ ਹਨ। ਹਰਕੀਰਤ ਦੀ ਕਲਮ ਵਿੱਚੋਂ ਅਨੇਕਾਂ ਕਹਾਣੀਆਂ, ਗੀਤ ਤੇ ਦੋ ਨਾਵਲ ਉਪਜੇ ਹਨ। ਬੇਸ਼ੱਕ ਹਰਕੀਰਤ ਨੇ ਹਾਲੇ ਸਿਰਫ਼ ਦੋ ਨਾਵਲ ਲਿਖੇ ਨੇ ਪਰ ਉਸ ਦੀ ਪਰਪੱਕ ਲੇਖਣੀ ਨੇ ਹਰਕੀਰਤ ਨੂੰ ਪੰਜਾਬ ਦੇ ਸਿਰਮੌਰ ਨਾਵਲਕਾਰਾਂ ਦੀ ਕਤਾਰ ਵਿਚ ਲਿਜਾ ਖੜ੍ਹਾ ਕੀਤਾ ਹੈ। ਉਸ ਦੇ ਹਾਲ ਹੀ ਵਿਚ ਛਪੇ ਨਾਵਲ 'ਥੋਹਰਾਂ ਦੇ ਫੁੱਲ' ਦੀ ਮਕਬੂਲੀਅਤ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਹਰਕੀਰਤ ਨਾਵਲ ਵਿਧਾ 'ਤੇ ਆਪਣੀ ਪਕੜ ਮਜ਼ਬੂਤ ਕਰ ਚੁੱਕੀ ਹੈ। ਪਾਠਕਾਂ ਦੇ ਸਨਮੁੱਖ ਹੈ ਹਰਕੀਰਤ ਕੌਰ ਚਹਿਲ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :-

**• ਹਰਕੀਰਤ ਜੀ ਆਪਣੇ ਜਨਮ ਤੇ ਪੜ੍ਹਾਈ ਬਾਰੇ ਦੱਸੋ?**

ਮੇਰਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਖੇੜਾ ਵਿਖੇ ਹੋਇਆ। ਮੇਰੇ ਪਿਤਾ ਜੀ ਸ਼ੇਰ ਸਿੰਘ ਇਲੈਕਟ੍ਰੀਕਲ ਇੰਜੀਨੀਅਰ ਤੇ ਮਾਤਾ ਹਰਪ੍ਰੀਤ ਕੌਰ ਇਕ ਘਰੇਲੂ ਔਰਤ ਹਨ। ਪਿਤਾ ਨੇ ਜਿੱਥੇ ਹੋਰ ਵਿਸ਼ੇ ਪੜ੍ਹਾਏ, ਉੱਥੇ ਮਾਂ ਨੇ ਬੋਲੀ ਨਾਲ ਸਾਂਝ ਪੁਆਈ। ਮੈਂ ਤਿੰਨ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੀ ਹਾਂ। ਛੋਟੇ ਭੈਣ ਤੇ ਭਰਾ ਦੋਨੋਂ ਆਸਟ੍ਰੇਲੀਆ ਵਿਚ ਡਾਕਟਰ ਹਨ। ਮੁੱਢਲੀ ਸਿੱਖਿਆ ਅਹਿਮਦਗੜ੍ਹ ਮੰਡੀ ਤੋਂ ਲੈਣ ਉਪਰੰਤ ਮੈਂ ਨੌਂਵੀਂ-ਦਸਵੀਂ ਲੁਧਿਆਣੇ ਖ਼ਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਤੋਂ ਕੀਤੀ। ਚੰਗੇ ਅੰਕ ਪ੍ਰਾਪਤ ਕਰਨ 'ਤੇ ਮੈਂ ਸਿਰਫ਼ 13 ਸਾਲ ਦੀ ਉਮਰ ਵਿਚ ਖੇਤੀਬਾੜੀ ਯੂਨੀਵਰਸਿਟੀ ਦਾ ਦਾਖ਼ਲਾ ਇਮਤਿਹਾਨ ਵੀ ਪਾਸ ਕਰ ਗਈ। 1983 ਵਿਚ ਮੈਂ ਬੀ ਐੱਸ ਸੀ ਹੋਮ ਸਾਇੰਸ ਕੀਤੀ ਅਤੇ 1988 ਵਿਚ ਖੇਤੀਬਾੜੀ ਕਾਲਜ ਤੋਂ ਬੀਐੱਡ ਕੀਤੀ। ਡਿਗਰੀ ਖ਼ਤਮ ਹੋਣ ਸਾਰ ਹੀ ਮੇਰਾ ਵਿਆਹ ਡਾਕਟਰ ਕੁਲਦੀਪ ਸਿੰਘ ਚਹਿਲ ਨਾਲ ਹੋ ਗਿਆ। ਵੱਡੀ ਬੇਟੀ ਜੈਸਮੀਨ ਤੇ ਬੇਟੇ ਕੰਵਰ ਦੇ ਜਨਮ ਬਾਅਦ ਮੈਂ ਘਰ ਬੈਠਣਾ ਮੁਨਾਸਿਬ ਨਾ ਸਮਝਿਆ ਅਤੇ ਨਾਭਾ ਸ਼ਹਿਰ ਦੇ ਇਕ ਪ੍ਰਾਈਵੇਟ ਸਕੂਲ ਵਿਚ ਬਤੌਰ ਸਾਇੰਸ ਅਧਿਆਪਕਾ ਪੜ੍ਹਾਉਣਾ ਸ਼ੁਰੂ ਕੀਤਾ। ਪਟਿਆਲੇ ਦੀ ਬਦਲੀ ਹੋਣ 'ਤੇ ਮੈਂ ਬੁੱਢਾ ਦਲ ਪਬਲਿਕ ਸਕੂਲ ਵਿਚ ਦੋ ਸਾਲ ਹੀ ਪੜ੍ਹਾਇਆ ਸੀ ਕਿ ਮੈਨੂੰ ਪ੍ਰਾਇਮਰੀ ਸਕੂਲ ਦੀ ਪ੍ਰਿੰਸੀਪਲ ਬਣਾ ਦਿੱਤਾ ਗਿਆ। ਉੱਥੇ ਕੁੱਲ ਮਿਲਾ ਕੇ 5 ਸਾਲ ਮੈਂ ਪੜ੍ਹਾਇਆ। 2005 ਵਿਚ ਕੈਨੇਡਾ ਦੀ ਇਮੀਗਰੇਸ਼ਨ ਲੈ ਲਈ ਤੇ ਪਰਿਵਾਰ ਸਮੇਤ ਦੇਸ਼ ਛੱਡ ਕੇ ਆ ਗਈ। ਕੁਝ ਚਿਰ ਜੱਦੋ-ਜਹਿਦ ਬਾਅਦ ਕੈਨੇਡਾ ਵਿਚ ਵੀ ਅਧਿਆਪਕ ਦਾ ਲਾਇਸੰਸ ਮਿਲ ਗਿਆ। 6 ਸਾਲ ਇੱਥੇ ਵੀ ਅਧਿਆਪਨ ਕਿੱਤੇ ਵਿਚ ਬਿਤਾਏ। ਹੁਣ ਪਿਛਲੇ 6 ਸਾਲ ਤੋਂ ਆਪਣੇ ਪਤੀ ਦੇ ਬਣਾਏ ਹਸਪਤਾਲ ਵਿਚ ਬਤੌਰ ਮੈਨੇਜਿੰਗ ਡਾਇਰੈਕਟਰ ਕੰਮ ਕਰਦੀ ਹਾਂ। ਦੋਵੇਂ ਬੱਚੇ ਡਾਕਟਰੀ ਦੀ ਪੜ੍ਹਾਈ ਮੁਕੰਮਲ ਕਰ ਚੁੱਕੇ ਹਨ। ਜ਼ਿੰਦਗੀ ਦੇ ਰੁਝੇਵੇਂ ਕੁਝ ਘਟੇ ਤਾਂ ਮੈਂ ਸ਼ਬਦਾਂ ਨਾਲ ਦੋਸਤੀ ਗੂੜ੍ਹੀ ਕਰ ਲਈ।

**• ਤੁਹਾਡੇ ਲਿਖਣ ਦੀ ਸ਼ੁਰੂਆਤ ਕਦੋਂ ਤੇ ਕਾਹਦੇ ਨਾਲ ਹੋਈ?**

2006 ਵਿਚ ਜਦੋਂ ਮੈਂ ਕੈਨੇਡਾ ਆਈ ਤਾਂ ਡੂ ਹੇਰਵੇ ਤਹਿਤ ਕੁਝ ਕਵਿਤਾਵਾਂ ਲਿਖਦੀ ਸੀ ਪਰ ਉਸ ਵਿਧਾ ਨੇ ਮੇਰੀ ਰੂਹ ਦੀ ਭਰਪਾਈ ਨਹੀਂ ਕੀਤੀ। ਅਧੂਰੇਪਣ ਨੂੰ ਪੂਰਨ ਲਈ ਕਹਾਣੀ ਅਤੇ ਕਹਾਣੀ ਤੋਂ ਨਾਵਲ ਤਕ ਦਾ ਸਫ਼ਰ ਪਤਾ ਨਹੀਂ ਕਿਵੇਂ ਤੈਅ ਹੋ ਗਿਆ।

**• ਤੁਹਾਡੇ ਕਹਾਣੀ ਸੰਗ੍ਰਹਿ 'ਪਰੀਆਂ ਸੰਗ ਪਰਵਾਜ਼' ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਕੀ ਹੈ?**

ਮੇਰੇ ਪਲੇਠੇ ਕਾਵਿ ਸੰਗ੍ਰਹਿ 'ਪਰੀਆਂ ਸੰਗ ਪਰਵਾਜ਼' ਵਿਚ ਬਹੁਤੀਆਂ ਕਹਾਣੀਆਂ ਮੇਰੇ ਇਰਦ-ਗਿਰਦ ਘੁੰਮਦੇ ਤੇ ਵਿਚਰੇ ਕਿਰਦਾਰਾਂ ਨਾਲ ਸਬੰਧਤ ਹਨ। ਦਾਜ ਦੀ ਲਾਹਨਤ, ਵਹਿਮਾਂ-ਭਰਮਾਂ, ਰਿਸ਼ਤਿਆਂ ਦੀ ਅਹਿਮੀਅਤ ਤੇ ਮੇਰੀਆਂ ਨਿੱਜੀ ਯਾਦਾਂ ਨਾਲ ਜੁੜੀਆਂ ਹੋਈਆਂ ਕਹਾਣੀਆਂ ਨੇ ਸਮਾਜ ਦੇ ਖ਼ੂਬਸੂਰਤ ਤੇ ਮਾਡਲ ਪਰਿਵਾਰਾਂ ਨੂੰ ਮੈਂ ਆਪਣੀ ਲਿਖਤ ਰਾਹੀਂ ਪਾਠਕਾਂ ਦੇ ਰੂਬਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।

**• ਕਹਾਣੀ ਤੋਂ ਨਾਵਲ ਵੱਲ ਆਉਣ ਦਾ ਸਬੱਬ ਕਿਵੇਂ ਬਣਿਆ?**

ਨਾਵਲ 'ਤੇਰੇ ਬਾਝੋਂ' ਕਹਾਣੀ ਦੇ ਰੂਪ ਵਿਚ ਹੀ ਸ਼ੁਰੂ ਕੀਤਾ ਸੀ ਪਰ ਕਈ ਕਹਾਣੀਆਂ ਦੇ ਪਲਾਟ ਕਹਾਣੀ ਦੇ ਸਾਂਚੇ ਵਿਚ ਫਿੱਟ ਨਹੀਂ ਆਉਂਦੇ। ਜਦੋਂ ਮੈਂ ਉਸ ਨੂੰ ਵਿਸਥਾਰ ਦੇ ਕੇ ਲਿਖਣਾ ਸ਼ੁਰੂ ਕੀਤਾ, ਉਹ ਨਾਵਲ ਦਾ ਰੂਪ ਧਾਰਨ ਕਰ ਗਿਆ। ਇਸੇ ਕਰਕੇ 'ਤੇਰੇ ਬਾਝੋਂ' ਨਾਵਲ ਇਕਹਿਰੀ ਕਹਾਣੀ ਦਾ ਸੀ ਪਰ ਜਦੋਂ ਪਾਠਕਾਂ ਤੇ ਸਾਹਿਤਕਾਰਾਂ ਵੱਲੋਂ ਉਸ ਨੂੰ ਭਰਪੂਰ ਹੁੰਗਾਰਾ ਮਿਲਿਆ ਤਾਂ ਮੈਂ ਨਾਵਲ ਦੀ ਵਿਧਾ ਨੂੰ ਵਿਚਾਰ ਕੇ ਲਿਖਣਾ ਸ਼ੁਰੂ ਕਰ ਦਿੱਤਾ। 'ਥੋਹਰਾਂ ਦੇ ਫੁੱਲ' ਮੇਰੀ ਨਾਵਲ ਵਿਧਾ 'ਤੇ ਅਪਣਾਈ ਪਹਿਲੀ ਕੋਸ਼ਿਸ਼ ਸੀ।

**• ਤੁਹਾਡੇ ਪਹਿਲੇ ਨਾਵਲ 'ਤੇਰੇ ਬਾਝੋਂ' ਦੇ ਧਰਾਤਲ ਤੇ ਵਿਸ਼ੇ ਬਾਰੇ ਵਿਸਥਾਰ ਪੂਰਵਕ ਦੱਸੋ?**

ਪੰਜਾਬ ਦੀ ਧਰਤੀ 'ਤੇ ਵਾਪਰਦਾ ਇਹ ਨਾਵਲ ਇਕ ਮਾਡਲ ਪਰਿਵਾਰ ਦੀ ਕਹਾਣੀ ਹੈ, ਜਿਸ ਵਿੱਚੋਂ ਸਮਾਜ ਦੀਆਂ ਕਦਰਾਂ-ਕੀਮਤਾਂ ਦੀ ਲਾਸਾਨੀ ਮਿਸਾਲ ਮਿਲਦੀ ਹੈ। ਹਰ ਰਿਸ਼ਤਾ ਮੋਹ-ਮੁਹੱਬਤ ਨਿਛਾਵਰ ਕਰਦਾ ਔਖੇ ਵੇਲੇ ਆਪਣੀ ਸਾਂਝ ਦਾ ਸਬੂਤ ਦਿੰਦਾ ਹੈ। ਇਕ ਪਤੀ ਕਿਸ ਤਰ੍ਹਾਂ ਆਪਣੀ ਪਤਨੀ ਨਾਲ ਕੀਤੇ ਵਾਅਦੇ ਤੋਂ ਆਪਣੀਆਂ ਖ਼ੁਸ਼ੀਆਂ ਕੁਰਬਾਨ ਕਰਦਾ ਹੈ ਤੇ ਦੂਜਾ ਵਿਆਹ ਕਰਵਾ ਕੇ ਆਈ ਪਤਨੀ ਬੱਚਿਆਂ ਦੀ ਮਤਰੇਈ ਮਾਂ ਹੁੰਦੇ ਹੋਏ ਬੱਚਿਆਂ ਨੂੰ ਸਕੀ ਮਾਂ ਤੋਂ ਵਧ ਕੇ ਮੋਹ ਕਰਦੀ ਹੈ ਤੇ ਪਤੀ ਨੂੰ ਮਾਂ ਨਾ ਬਣਨ ਦਾ ਵਾਅਦਾ ਦੇ ਕੇ ਸਾਰੀ ਉਮਰ ਆਪਣੀ ਕੁੱਖ ਸੁੰਨ੍ਹੀ ਰੱਖਦੀ ਹੈ। ਇਸ ਤੋਂ ਵੱਡੀ ਕੁਰਬਾਨੀ ਇਕ ਔਰਤ ਲਈ ਕੀ ਹੋ ਸਕਦੀ ਹੈ।

**• ਤੁਹਾਡਾ ਨਾਵਲ 'ਥੋਹਰਾਂ ਦੇ ਫੁੱਲ' ਕਾਫ਼ੀ ਮਕਬੂਲ ਹੋਇਆ ਹੈ, ਇਸ ਦੇ ਵਿਸ਼ੇ ਬਾਰੇ ਵਿਸਥਾਰ ਪੂਰਵਕ ਦੱਸੋ?**

ਸਭ ਤੋਂ ਵੱਡੀ ਗੱਲ ਨਾਵਲ ਦੀ ਸ਼ੈਲੀ ਤੇ ਇਸ ਦਾ ਬਹੁ-ਪਰਤੀ 'ਤੇ ਵੱਡ-ਅਕਾਰੀ ਹੋਣਾ ਤੇ ਸਾਰੇ ਵਿਸ਼ਿਆਂ ਨੂੰ ਬਾਖ਼ੂਬੀ ਨਿਭਾ ਪਾਉਣਾ ਮੇਰੀ ਸਫਲਤਾ ਰਹੀ ਏ। ਦੂਜਾ ਕਾਰਨ ਇਹ ਤਿੰਨ ਦਹਾਕਿਆਂ ਦੀਆਂ ਪੀੜ੍ਹੀਆਂ ਨੂੰ ਆਪਣੇ ਨਾਲ ਜੋੜਨ ਵਿਚ ਸਮਰਥ ਰਿਹਾ ਹੈ। ਜਿੱਥੇ ਇਹ ਕਿਰਸਾਨੀ ਜੀਵਨ ਦੀਆਂ ਆਰਥਿਕ ਤੰਗੀਆਂ, ਰਿਸ਼ਤਿਆਂ ਦੀਆਂ ਅੰਤਰ ਤਹਿਆਂ ਖੋਲ੍ਹਦਾ ਹੈ, ਉੱਥੇ ਹੀ ਧਾਰਮਿਕ, ਰਾਜਨੀਤਕ ਪੱਖਾਂ ਨੂੰ ਉਭਾਰ ਕੇ ਪਾਠਕਾਂ ਦੇ ਸਨਮੁੱਖ ਕਰਦਾ ਹੈ। ਕਹਾਣੀ ਦਿਲਚਸਪ ਹੋ ਕੇ ਪਾਠਕਾਂ ਨੂੰ ਉਂਗਲੀ ਫੜ ਕੇ ਨਾਲ ਤੋਰਨ ਵਿਚ ਸਫਲ ਰਹੀ ਹੈ। ਵਾਪਰਦੇ ਸਾਰੇ ਕਾਂਡ ਹੀ ਯਥਾਰਥ ਦੇ ਨੇੜੇ ਹੋਣ ਕਰਕੇ ਧੁਰ ਰੂਹ ਤਕ ਉਤਰਦੇ ਹਨ।

**• ਤੁਹਾਡੇ ਨਾਵਲ ਅਤੇ ਕਹਾਣੀਆਂ ਦੇ ਪਾਤਰ ਆਮ ਜ਼ਿੰਦਗੀ ਵਿੱਚੋਂ ਹੁੰਦੇ ਨੇ। ਪਾਤਰ ਚਿਤਰਣ ਵੇਲੇ ਪਾਤਰ ਦੀ ਅਸਲ ਜ਼ਿੰਦਗੀ ਨੂੰ ਕਿੰਨਾ ਕੁ ਨੇੜੇ ਹੋ ਵੇਖਦੇ ਹੋ?**

ਮੇਰੀਆਂ ਕਹਾਣੀਆਂ ਅਤੇ ਨਾਵਲਾਂ ਦੇ ਬਹੁਤੇ ਪਾਤਰ ਅਸਲ ਜ਼ਿੰਦਗੀ ਵਿੱਚੋਂ ਹੀ ਲਏ ਹੁੰਦੇ ਹਨ। ਜੇ ਪੂਰਾ ਨਹੀਂ ਤਾਂ ਮੂੰਹ ਮੁਹਾਂਦਰਾ ਇਨ ਬਿਨ ਉਵੇਂ ਦਾ ਹੁੰਦਾ ਹੈ ਪਰ ਸਥਿਤੀ ਮੁਤਾਬਕ ਘੜੇ ਕਾਲਪਨਿਕ ਪਾਤਰ ਨੂੰ ਮੈਂ ਆਪਣੀ ਸੋਚ ਮੁਤਾਬਕ ਰੰਗ ਦਿੰਦੀ ਹਾਂ। ਸਮਾਂ, ਸਥਾਨ ਦੀ ਅਦਲਾ ਬਦਲੀ ਭਾਵੇਂ ਸੁਭਾਵਿਕ ਕੀਤੀ ਜਾਂਦੀ ਹੈ ਪਰ ਕਿਰਦਾਰਾਂ ਦਾ ਅਸਲੀ ਵਜੂਦ ਜਿਉਂਦਾ ਰੱਖਣਾ ਲਿਖਤ ਨੂੰ ਪਕਿਆਈ ਬਖ਼ਸ਼ਦਾ ਹੈ।

**• ਪੰਜਾਬੀ ਪਾਠਕ ਨਾਵਲਾਂ ਵਿਚ ਟਕਸਾਲੀ ਬੋਲੀ ਦਾ ਪ੍ਰਭਾਵ ਜ਼ਿਆਦਾ ਕਬੂਲਦੇ ਹਨ ਜਾਂ ਠੇਠ ਬੋਲੀ ਦਾ?**

ਦੋਵੇਂ ਹੀ ਬੋਲੀਆਂ ਸਹੀ ਸਮੇਂ ਇਸਤੇਮਾਲ ਹੋਣ, ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਕਿਰਦਾਰ ਦੀ ਬੋਲੀ ਸਮੇਂ ਪਾਠਕ ਦੀ ਮੰਗ ਹੋਰ ਹੁੰਦੀ ਹੈ ਤੇ ਲੇਖਕ ਦੀ ਭਾਸ਼ਾ ਦਾ ਅੰਦਾਜ਼ਾ ਉਹ ਟਕਸਾਲੀ ਬੋਲੀ ਦੀ ਪ੍ਰਪੱਕਤਾ ਤੋਂ ਲਾਉਂਦਾ ਹੈ। ਬਾਕੀ ਪਾਠਕ ਦੇ ਮਨ ਨੂੰ ਠੇਠ ਖੇਤਰੀ ਭਾਸ਼ਾ ਦੇ ਡਾਇਲਾਗ ਖ਼ਾਸ ਤੌਰ 'ਤੇ ਟੁੰਬਦੇ ਹਨ, ਬਸ਼ਰਤੇ ਉਹ ਧੁਰ ਰੂਹ ਤੋਂ ਲਿਖੇ ਹੋਣ।

**• ਹਰਕੀਰਤ ਜੀ ਮੈਂ ਸੁਣਿਆ ਤੁਸੀਂ ਗੀਤ ਲਿਖਣ ਦੇ ਨਾਲ-ਨਾਲ ਗਾ ਵੀ ਲੈਂਦੇ ਹੋ?**

ਮੈਂ ਨਹੀਂ ਮੰਨਦੀ ਕਿ ਮੈਨੂੰ ਗਾਉਣਾ ਆਉਂਦਾ ਹੈ,"ਬਸ ਸ਼ੌਕੀਆ ਤੌਰ 'ਤੇ ਥੋੜ੍ਹਾ ਗੁਣਗੁਣਾ ਲੈਂਦੀ ਹਾਂ। ਸ਼ਬਦਾਂ ਨਾਲ ਸਾਂਝ ਹੋਣ ਕਰਕੇ ਕਈ ਗੀਤ ਵੀ ਲਿਖੇ ਨੇ। ਇਕੱਲੀ ਬੈਠੀ ਉਨ੍ਹਾਂ ਨੂੰ ਜ਼ੁਬਾਨ ਦੇਣ ਦੀ ਕੋਸ਼ਿਸ਼ ਕਰਦੀ ਹਾਂ। ਪ੍ਰਸਿੱਧ ਪੰਜਾਬੀ ਲੋਕ ਨਾਚ ਗਿੱਧੇ ਦੀ ਟੀਮ ਦੀ ਮੈਂਬਰ ਹੋਣ ਕਰਕੇ ਲੰਮੀ ਹੇਕ ਦੇ ਗੀਤ ਅਤੇ ਬੋਲੀਆਂ ਮੈਨੂੰ ਬਹੁਤ ਪਸੰਦ ਹਨ। ਫਿਲਹਾਲ ਲਿਖਣਾ ਹੀ ਹਿੱਸੇ ਆਇਆ ਹੈ। ਗਾਉਣ ਬਾਰੇ ਕੋਈ ਬਹੁਤਾ ਗਿਆਨ ਨਹੀਂ। ਬਸ ਸ਼ੌਕ ਪੂਰਾ ਕਰਦੀ ਹਾਂ।

**• ਆਪਣੇ ਆਉਣ ਵਾਲੇ ਪ੍ਰਾਜੈਕਟ ਬਾਰੇ ਦੱਸੋ?**

ਪੰਦਰਾਂ ਕੁ ਕਹਾਣੀਆਂ ਦਾ ਗੁਲਦਸਤਾ ਲਗਪਗ ਤਿਆਰ ਹੈ, ਜਿਸ ਦੀ ਲਿਪਾਪੋਚੀ ਹੋ ਰਹੀ ਹੈ। ਉਨ੍ਹਾਂ ਕਹਾਣੀਆਂ ਦੀ ਪਿੱਠ ਭੂਮੀ ਕੈਨੇਡਾ ਦੀ ਧਰਤੀ ਹੈ, ਇੱਥੋਂ ਦੀਆਂ ਸਮੱਸਿਆਵਾਂ ਜਿਵੇਂ ਤਲਾਕ, ਬਜ਼ੁਰਗ ਮਾਪੇ, ਅਧੂਰੇ ਵਿਆਹ, ਆਰਥਿਕ ਤੰਗੀਆਂ-ਤੁਰਸ਼ੀਆਂ, ਔਰਤ ਦੀ ਦਸ਼ਾ, ਨਸ਼ੇ ਆਦਿ ਮੁੱਦਿਆਂ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਜਲਦ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗੀ।

**• ਪਰਵਾਸੀ ਜ਼ਿੰਦਗੀ ਬਹੁਤ ਬਿਜ਼ੀ ਹੈ। ਇਨ੍ਹਾਂ ਰੁਝੇਵਿਆਂ ਵਿੱਚੋਂ ਲਿਖਣ ਲਈ ਟਾਈਮ ਕਿਵੇਂ ਕੱਢਦੇ ਹੋ?**

ਪੱਛਮੀ ਦੇਸ਼ਾਂ ਵਿਚ ਜ਼ਿੰਦਗੀ ਦੀ ਰਫ਼ਤਾਰ ਤੇਜ਼ ਤਰਾਰ ਹੈ। ਮਸ਼ੀਨਾਂ ਵਰਗੇ ਇਨਸਾਨ ਰੋਬੋਟ ਵਾਂਗ ਸਾਰਾ ਦਿਨ ਭੱਜੇ ਫਿਰਦੇ ਟਾਈਮਪੀਸ ਦੀ ਸੂਈ ਵਾਂਗ ਘੁੰਮਦੇ ਹਨ ਪਰ ਮਨ ਦੇ ਵਲਵਲੇ ਜਦੋਂ ਜਵਾਰਭਾਟੇ ਵਰਗੇ ਹੋਣ ਤਾਂ ਨਿੱਜੀ ਕੰਮਾਂ ਨੂੰ ਸੀਮਤ ਕਰ ਕੇ ਮਨੋਰੰਜਨ ਤੇ ਛੁੱਟੀ ਦਾ ਸਮਾਂ ਮੈਂ ਕਲਮ ਦੇ ਲੇਖੇ ਲਾਉਂਦੀ ਹਾਂ। ਪਰਿਵਾਰ ਦਾ ਵੀ ਖ਼ਾਸ ਤੌਰ 'ਤੇ ਸਾਥ ਹੈ ਮੇਰੀ ਇਸ ਲਗਨ ਵਿਚ, ਉਨ੍ਹਾਂ ਦੇ ਹਿੱਸੇ ਦਾ ਟਾਈਮ ਮੈਂ ਲਿਖਣ ਲਈ ਉਧਾਰਾ ਮੰਗ ਲੈਂਦੀ ਹਾਂ। ਉਹ ਖਿੜੇ ਮੱਥੇ ਸਾਥ ਦਿੰਦੇ ਨੇ, ਫਿਰ ਵੀ ਸਮੇਂ ਦੀ ਤਰੁੱਟੀ ਰਹਿੰਦੀ ਹੈ। ਕਦੇ-ਕਦੇ ਦਿਲ ਕਰਦਾ, ਕਿਤੇ ਦੂਰ ਜਾ ਕੇ ਇਕਾਂਤ ਵਿਚ ਬੈਠ ਕੇ ਨਿਰਵਿਘਨ ਇਕ ਰਚਨਾ ਕਰਾਂ। ਜੇ ਸਮੇਂ ਨੇ ਸਾਥ ਦਿੱਤਾ ਤਾਂ ਇਹ ਸੁਪਨਾ ਵੀ ਸਾਕਾਰ ਕਰਾਂਗੀ।

**• ਆਪਣੇ ਸਮਕਾਲੀ ਪਰਵਾਸੀ ਲੇਖਕਾਂ ਬਾਰੇ ਕੀ ਕਹਿਣਾ ਚਾਹੋਗੇ?**

ਕਾਫ਼ੀ ਕਲਮਾਂ ਸਰਗਰਮ ਹਨ ਖ਼ਾਸ ਕਰਕੇ ਗ਼ਜ਼ਲ ਤੇ ਕਵਿਤਾ ਦੇ ਖੇਤਰ ਵਿਚ। ਕ੍ਰਿਸ਼ਨ ਭਨੋਟ, ਦਵਿੰਦਰ ਚਾਂਦ, ਇੰਦਰਜੀਤ ਧਾਮੀ, ਸੁਰਿੰਦਰਪਾਲ ਧੰਗੜ, ਇੰਦਰਜੀਤ ਕੌਰ ਸਿੱਧੂ, ਸੁਰਜੀਤ ਕਲਸੀ ਆਦਿ ਪ੍ਰਮੁੱਖ ਨਾਂ ਹਨ। ਕਹਾਣੀ ਤੇ ਨਾਵਲ ਦੇ ਖੇਤਰ ਵਿਚ ਨਦੀਮ ਪਰਮਾਰ, ਜਰਨੈਲ ਸੇਖਾ, ਪਰਵੇਜ਼ ਸੰਧੂ, ਗੁਰਮੀਤ ਪਨਾਗ ਵਗੈਰਾ ਪ੍ਰਮੁੱਖ ਲੇਖਕਾਂ ਵਜੋਂ ਭੂਮਿਕਾ ਨਿਭਾ ਰਹੇ ਹਨ। ਬਹੁਤ ਹੀ ਉੱਤਮ ਸਾਹਿਤ ਰਚਿਆ ਜਾ ਰਿਹਾ ਹੈ, ਜਿਸ ਦਾ ਆਉਂਦੀਆਂ ਪੀੜ੍ਹੀਆਂ ਨੂੰ ਮਾਣ ਰਹੇਗਾ।

**• ਪੰਜਾਬੀਆਂ ਨੂੰ ਕਿਤਾਬਾਂ ਦੇ ਦੋਸਤ ਬਣਨ ਲਈ ਹੋਰ ਕਿੰਨਾ ਸਮਾਂ ਲੱਗੇਗਾ?**

ਇਹ ਸਵਾਲ ਬਹੁਤ ਔਖਾ ਹੈ। ਸਿੱਖਿਆ ਦੇ ਢਾਂਚੇ ਵਿਚ ਕੋਈ ਤਬਦੀਲੀ ਆਵੇ ਕਿ ਅਸੀਂ ਪੱਛਮੀ ਦੇਸ਼ਾਂ ਵਾਂਗ ਬੱਚਿਆਂ ਦੀ ਬਹੁਪੱਖੀ ਵਿਕਾਸ ਵਾਲੀ ਯੋਗਤਾ ਪੈਦਾ ਕਰਨ ਵਾਲੀ ਸਿੱਖਿਆ ਪ੍ਰਣਾਲੀ ਬਣਾਈਏ। ਵਰਨਾ ਸਕੂਲ ਦੇ ਬਸਤਿਆਂ ਦਾ ਬੋਝ ਚੁੱਕਣਾ ਹੀ ਦੁੱਭਰ ਹੋਇਆ ਪਿਆ ਹੈ। ਦੂਜਾ ਨਸ਼ਿਆਂ ਦੇ ਰੁਝਾਨ ਤੋਂ ਮੁਕਤੀ ਮਿਲੇ ਤਾਂ ਨੌਜਵਾਨ ਵਰਗ ਕਿਤਾਬਾਂ ਵਾਲੇ ਪਾਸੇ ਮੋੜਾ ਪਾ ਸਕਦਾ ਹੈ। ਮਾਪਿਆਂ ਨੂੰ ਵੀ ਇਸ ਉੱਦਮ ਵਿਚ ਸਾਥ ਦੇਣ ਦੀ ਲੋੜ ਹੈ। ਫਿਲਹਾਲ ਆਸ ਦੀ ਕਿਰਨ ਤਾਂ ਹਾਲੇ ਫਿੱਕੀ ਹੈ ਪਰ ਉਮੀਦ ਰੱਖਣ ਵਿਚ ਕੀ ਹਰਜ਼ ਹੈ। ਦੁਆ ਹੈ ਕਿ ਇਹ ਸਭ ਅਸੀਂ ਜਿਉਂਦੇ ਜੀਅ ਵੇਖ ਸਕੀਏ।

**• ਆਪਣੀ ਲਿਖਣ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਦੱਸੋ, ਪਰਿਵਾਰ ਦਾ ਕੀ ਯੋਗਦਾਨ ਹੁੰਦਾ ਹੈ?**

ਮੇਰੀ ਲੇਖਣੀ ਮੇਰੀ ਰੂਹ ਦੀ ਖ਼ੁਰਾਕ ਹੈ। ਜਿਸ ਤਰ੍ਹਾਂ ਕਿਸੇ ਨੂੰ ਭੁੱਖ ਲੱਗੀ ਹੋਵੇ ਤੇ ਅੰਨ ਸਹਾਰਾ ਦਿੰਦਾ ਹੈ ਇਸੇ ਤਰ੍ਹਾਂ ਮੇਰੀ ਲੇਖਣੀ ਮੇਰੀ ਸਾਹਿਤਕ ਭੁੱਖ ਦਾ ਰੱਜ ਹੈ। ਕਹਾਣੀ ਤੇ ਨਾਵਲ ਵਿਧਾ ਮੇਰੀਆਂ ਪਸੰਦੀਦਾ ਵਿਧਾਵਾਂ ਹਨ। ਮੈਂ ਕੁਝ ਵੀ ਅਜਿਹਾ ਨਹੀਂ ਲਿਖਦੀ, ਜੋ ਸਿਰਫ਼ ਲਿਖਤ ਪੈਦਾ ਕਰਨ ਲਈ ਜ਼ਰੂਰੀ ਹੁੰਦਾ, ਬਲਕਿ ਜਦੋਂ ਖ਼ਿਆਲ ਸਾਰੇ ਬੂਹੇ ਖੋਲ੍ਹ ਕੇ ਮਨ ਮਸਤਕ ਦੀ ਬਰੂਹ 'ਤੇ ਆ ਖੜ੍ਹਦਾ ਹੈ ਤਾਂ ਮੈਂ ਕਲਮ ਚੁੱਕਦੀ ਹਾਂ। ਇਸੇ ਕਰਕੇ ਮੇਰੀ ਲਿਖਤ ਪ੍ਰਵਾਨ ਚੜ੍ਹਦੀ ਹੈ ਤੇ ਪਾਠਕ ਮਣਾਂ ਮੂੰਹੀ ਪਿਆਰ ਬਖ਼ਸ਼ਦੇ ਹਨ। ਬਾਕੀ ਮੇਰੇ ਪਰਿਵਾਰ ਦਾ ਮੇਰੀਆਂ ਲਿਖਤਾਂ ਰਚਣ ਲਈ ਅਥਾਹ ਯੋਗਦਾਨ ਹੁੰਦਾ ਹੈ। ਮੇਰੇ ਮਨ ਨੂੰ ਤਾਜ਼ਾ ਫੁੱਲ ਵਰਗਾ ਰੱਖਦੇ ਨੇ ਤਾਂ ਹੀ ਖ਼ਿਆਲਾਂ ਦੇ ਫੁਰਨੇ ਫੁਰਦੇ ਰਹਿੰਦੇ ਨੇ। ਮਾਨਸਿਕ ਤੌਰ 'ਤੇ ਉਲਝਿਆ ਹੋਇਆ ਇਨਸਾਨ ਵਧੀਆ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦਾ।

**• ਅਖ਼ੀਰ ਵਿਚ ਪੰਜਾਬੀ ਪਾਠਕਾਂ ਲਈ ਕੋਈ ਸੁਨੇਹਾ ਦੇਣਾ ਚਾਹੋਗੇ?**

ਮੈਂ ਇਹੋ ਕਹਿਣਾ ਚਾਹਾਂਗੀ ਕਿ ਆਪਣੇ ਬੱਚਿਆਂ 'ਚੋਂ ਪੰਜਾਬੀ ਸਾਹਿਤ ਪੜ੍ਹਨ ਦਾ ਰੁਝਾਨ ਪੈਦਾ ਕਰਨ ਲਈ ਤੋਹਫ਼ੇ ਵਜੋਂ ਕਿਤਾਬਾਂ ਭੇਟ ਕਰੋ। ਬੱਚਿਆਂ ਨੂੰ ਪੰਜਾਬੀ ਲਿਖਣ ਤੇ ਬੋਲਣ ਵਿਚ ਮਾਣ ਮਹਿਸੂਸ ਕਰਨ ਲਾਓ ਤੇ ਇਸ ਦੀ ਸ਼ੁਰੂਆਤ ਆਪਣੇ ਘਰ ਤੋਂ ਕਰੋ। ਵਧੀਆ ਸਾਹਿਤਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ। ਉਨ੍ਹਾਂ ਨੂੰ ਬੱਚਿਆਂ ਦੇ ਰੂਬਰੂ ਕਰਵਾਓ। ਬੱਚਿਆਂ ਨੂੰ ਲਾਇਬ੍ਰੇਰੀ ਜਾਣ ਦੀ ਆਦਤ ਪਾਓ। ਮਾਂ ਬੋਲੀ ਦਾ ਸਤਿਕਾਰ ਕਾਇਮ ਰੱਖਣਾ ਮਾਪਿਆਂ ਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ। ਸੋ ਸਾਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਕਿਤਾਬਾਂ ਸਭ ਤੋਂ ਵਧੀਆ ਦੋਸਤ ਹਨ। ਇਨ੍ਹਾਂ ਦਾ ਜ਼ਿੰਦਗੀ ਵਿਚ ਹੋਣਾ ਸਾਨੂੰ ਡਿਪਰੈਸ਼ਨ ਤੇ ਹੋਰ ਮਾਨਸਿਕ ਬਿਮਾਰੀਆਂ ਤੋਂ ਬਚਾਅ ਸਕਦਾ ਹੈ। •

**• ਮਾਣ-ਸਨਮਾਨ ਬਾਰੇ ਦੱਸੋ ਵਿਸਥਾਰ ਨਾਲ?**

ਲੇਖਕ ਦਾ ਸਭ ਤੋਂ ਵੱਡਾ ਸਨਮਾਨ ਪਾਠਕਾਂ ਵੱਲੋਂ ਦਿੱਤਾ ਪਿਆਰ ਤੇ ਹੁੰਗਾਰਾ ਹੀ ਹੁੰਦਾ। ਹੁਣ ਮੇਰੇ ਨਾਵਲ 'ਥੋਹਰਾਂ ਦੇ ਫੁੱਲ' ਦੇ ਰੀਵਿਊ ਚਾਰੇ ਪਾਸਿਓਂ ਆ ਰਹੇ ਨੇ। ਸਵੇਰੇ ਉੱਠ ਕੇ ਫੁੱਲਾਂ ਦੇ ਗੁਲਦਸਤਿਆਂ ਵਰਗੇ ਸ਼ਬਦ ਪੜ੍ਹਨ ਵੇਲੇ ਕਿਸੇ ਸਨਮਾਨ ਤੋਂ ਘੱਟ ਨਹੀਂ ਹੁੰਦੇ। ਸਨਮਾਨ ਇਕ ਦਿਨ ਲੈ ਕੇ ਤੁਸੀਂ ਖ਼ੁਸ਼ੀ ਮਨਾ ਲੈਂਦੇ ਹੋ ਪਰ ਪਾਠਕਾਂ ਦਾ ਨਿੱਤ ਬੂਹਾ ਖੜਕਾ ਕੇ ਦਿੱਤੇ ਥਾਪੜੇ ਦਾ ਸਰੂਰ ਬਹੁਤ ਦੇਰ ਤਕ ਰਹਿੰਦਾ ਹੈ। ਮੇਰਾ ਰੁਝਾਨ ਤਾਂ ਸਿਰਫ਼ ਲਿਖਣ ਵਾਲੇ ਪਾਸੇ ਹੈ। ਜਦੋਂ ਮਾਣ ਸਨਮਾਨ ਜੋਗੇ ਹੋ ਗਏ, ਆਪੇ ਹੀ ਮਿਲ ਜਾਵੇਗਾ।



ਹਰਕੀਰਤ ਦੀ ਸੋਚ ਹੈ ਕਿ ਲੇਖਕ ਦਾ ਸਭ ਤੋਂ ਵੱਡਾ ਸਨਮਾਨ ਪਾਠਕਾਂ ਵੱਲੋਂ ਦਿੱਤਾ ਪਿਆਰ ਤੇ ਹੁੰਗਾਰਾ ਹੀ ਹੁੰਦਾ। ਉਸ ਦਾ ਰੁਝਾਨ ਅਜੇ ਸਿਰਫ਼ ਲਿਖਣ ਵਾਲੇ ਪਾਸੇ ਹੈ, ਜਦੋਂ ਮਾਣ-ਸਨਮਾਨ ਜੋਗੇ ਹੋ ਗਏ, ਆਪੇ ਹੀ ਮਿਲ ਜਾਵੇਗਾ...

---

# ਨਿਰਾਸ਼ਾ ਛੱਡੋ, ਆਸਵੰਦ ਹੋਵੋ

• ਪ੍ਰਿੰਸ ਅਰੋੜਾ ਮਲੋਦ



ਕੋਈ ਵੀ ਅਜਿਹਾ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਹਰ ਇਕ ਕੰਮ 'ਚ ਸਫਲਤਾ ਮਿਲਦੀ ਹੋਵੇ ਤੇ ਕੋਈ ਵੀ ਅਜਿਹਾ ਨਹੀਂ ਹੋਵੇਗਾ, ਜੋ ਹਰ ਵਾਰ ਅਸਫਲ ਹੋਇਆ ਹੋਵੇ। ਹਰ ਸਫਲਤਾ ਪਿੱਛੇ ਇਕ ਵੱਡੀ ਅਸਫਲਤਾ ਛੁਪੀ ਹੁੰਦੀ ਹੈ...

ਜ਼ਿੰਦਗੀ ਸੰਘਰਸ਼ ਦਾ ਦੂਸਰਾ ਨਾਂ ਹੈ ਅਤੇ ਸੁੱਖ-ਦੁੱਖ ਇਸ ਦਾ ਹਿੱਸਾ। ਹਰ ਇਨਸਾਨ ਦੀ ਇਹ ਫ਼ਿਤਰਤ ਹੈ ਕਿ ਸਫਲਤਾ ਮਿਲਣ ਉੱਤੇ ਉਹ ਅਥਾਹ ਖ਼ੁਸ਼ੀ ਮਹਿਸੂਸ ਕਰਦਾ ਹੈ, ਜੋ ਹੋਣੀ ਵੀ ਚਾਹੀਦੀ ਹੈ ਪਰ ਇਸ ਦੇ ਉਲਟ ਇਹੀ ਇਨਸਾਨ ਅਸਫਲਤਾ ਮਿਲਣ ਉੱਤੇ ਢਹਿਢੇਰੀ ਹੋ ਜਾਂਦਾ ਹੈ। ਦੁਨੀਆ ਵਿਚ ਕੋਈ ਵੀ ਅਜਿਹਾ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਹਰ ਇਕ ਕੰਮ ਵਿਚ ਸਫਲਤਾ ਮਿਲਦੀ ਹੋਵੇ ਅਤੇ ਕੋਈ ਵੀ ਅਜਿਹਾ ਨਹੀਂ ਹੋਵੇਗਾ ਜੋ ਹਰ ਵਾਰ ਅਸਫਲ ਹੋਇਆ ਹੋਵੇ। ਜ਼ਿਆਦਾਤਰ ਅਸੀਂ ਮਿਲੀ ਸਫਲਤਾ ਨੂੰ ਦਿਮਾਗ਼ ਉੱਤੇ ਹਾਵੀ ਕਰ ਲੈਂਦੇ ਹਾਂ ਅਤੇ ਮਿਲੀ ਅਸਫਲਤਾ ਨੂੰ ਦਿਲ 'ਤੇ ਲਾ ਲੈਂਦੇ ਹਾਂ।

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਬਹੁਤੇ ਕੰਮਾਂ ਵਿਚ ਸਫਲਤਾ ਪ੍ਰਾਪਤ ਕਰਨ ਵਾਲੇ ਲੋਕ ਵੀ ਇਕ ਅੱਧੀ ਅਸਫਲਤਾ ਨਾਲ ਨਿਰਾਸ਼ ਹੋ ਜਾਂਦੇ ਹਨ। ਅਸਫਲਤਾ ਮਿਲਣ 'ਤੇ ਨਿਰਾਸ਼ ਹੋ ਕੇ ਘਰ ਬੈਠਣ ਨਾਲੋਂ ਚੰਗਾ ਹੈ ਕਿ ਅਸੀਂ ਉਸ ਦੇ ਕਾਰਨਾਂ ਦਾ ਪਤਾ ਲਗਾ ਕੇ ਦੁਬਾਰਾ ਕੋਸ਼ਿਸ਼ ਕਰੀਏ ਤਾਂ ਜੋ ਦੁਬਾਰਾ ਸਫਲਤਾ ਪ੍ਰਾਪਤ ਕੀਤੀ ਜਾ ਸਕੇ। ਹਰ ਇਨਸਾਨ ਆਪਣੀ ਜ਼ਿੰਦਗੀ ਵਿਚ ਕੁਝ ਨਾ ਕੁਝ ਗ਼ਲਤੀਆਂ ਜ਼ਰੂਰ ਕਰਦਾ ਹੈ ਅਤੇ ਕਿਸੇ ਨਾ ਕਿਸੇ ਸਮੇਂ ਨਿਰਾਸ਼ ਵੀ ਜ਼ਰੂਰ ਹੁੰਦਾ ਹੈ। ਨਿਰਾਸ਼ ਹੋਣ ਦੇ ਕਾਰਨਾਂ ਵਿਚ ਵਿਅਕਤੀਗਤ ਸਬੰਧ, ਘਰੇਲੂ ਕਾਰਨ, ਵਪਾਰਕ ਕਾਰਨ, ਸਿਹਤ ਨਾਲ ਸਬੰਧਤ ਗੱਲਾਂ ਹੋ ਸਕਦੀਆਂ ਹਨ।

### ਨਿਰਾਸ਼ਾ ਕਰਦੀ ਖੋਖਲਾ

ਨਿਰਾਸ਼ ਵਿਅਕਤੀ ਨੂੰ ਲਗਦਾ ਹੈ ਕਿ ਆਖ਼ਰ ਮੇਰੇ ਨਾਲ ਅਜਿਹਾ ਕਿਉਂ ਹੋਇਆ ਹੈ? ਜਿਸ ਤਰ੍ਹਾਂ ਕਿਸੇ ਵੀ ਲੱਕੜੀ ਨੂੰ ਲੱਗੀ ਸਿਓਂਕ ਉਸ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ, ਉਸੇ ਤਰ੍ਹਾਂ ਜ਼ਿੰਦਗੀ ਪ੍ਰਤੀ ਨਿਰਾਸ਼ ਹੋਇਆ ਵਿਅਕਤੀ ਅੰਦਰੋ-ਅੰਦਰੀ ਖੋਖਲਾ ਹੋਣ ਲਗਦਾ ਹੈ। ਅਜਿਹੇ ਇਨਸਾਨ ਲਈ ਖ਼ੁਸ਼ੀ, ਹਾਸਾ, ਜਿਊਣ ਦੀ ਤਮੰਨਾ ਆਦਿ ਗੱਲਾਂ ਵਿਅਰਥ ਹੀ ਜਾਂਦੀਆਂ ਹਨ। ਇਹ ਇਕ ਅਟੱਲ ਸੱਚਾਈ ਹੈ ਕਿ ਬਹੁਤ ਘੱਟ ਲੋਕ ਹਨ, ਜਿਨ੍ਹਾਂ ਨੂੰ ਤੁੱਕੇ ਨਾਲ ਸਫਲਤਾ ਮਿਲ ਜਾਂਦੀ ਹੈ। ਬਾਕੀ ਲੋਕਾਂ ਨੂੰ ਸਫਲ ਹੋਣ ਲਈ ਦਿਨ-ਰਾਤ ਇਕ ਕਰਨਾ ਪੈਂਦਾ ਹੈ।

### ਨਾ ਛੱਡੋ ਆਸ ਦਾ ਪੱਲਾ

ਸਥਿਤੀ ਭਾਵੇਂ ਕਿਹੋ ਜਿਹੀ ਵੀ ਕਿਉਂ ਨਾ ਹੋਵੇ, ਇਨਸਾਨ ਨੂੰ ਆਸ ਦਾ ਪੱਲਾ ਕਦੇ ਵੀ ਨਹੀਂ ਛੱਡਣਾ ਚਾਹੀਦਾ। ਕਦੇ ਇੰਝ ਹੋਇਆ ਹੈ ਕਿ ਰਾਤ ਦੇ ਹਨੇਰੇ ਨੇ ਦਿਨ ਨਾ ਹੋਣ ਦਿੱਤਾ ਹੋਵੇ? ਮੁਸ਼ਕਿਲਾਂ ਵੀ ਜਿਉਂਦੇ ਇਨਸਾਨ ਦੇ ਹਿੱਸੇ ਹੀ ਆਉਂਦੀਆਂ ਹਨ। ਅਸਫਲਤਾ ਮਿਲਣ 'ਤੇ ਸਭ ਤੋਂ ਪਹਿਲਾ ਕੰਮ ਸਬਰ-ਸੰਤੋਖ ਬਣਾਏ ਰੱਖਣਾ ਚਾਹੀਦਾ ਹੈ। ਉਸ ਤੋਂ ਬਾਅਦ ਅਸਫਲਤਾ ਦੇ ਕਾਰਨਾਂ ਦਾ ਪਤਾ ਲਗਾ ਕੇ ਆਪਣੇ ਵੱਲੋਂ ਨਵੇਂ ਸਿਰੇ ਤੋਂ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪੁਰਾਣੇ ਸਮਿਆਂ ਦੇ ਬਜ਼ੁਰਗ ਜ਼ਿੰਦਗੀ ਪ੍ਰਤੀ ਬੜੇ ਆਸਵੰਦ ਹੁੰਦੇ ਸਨ ਅਤੇ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਹੱਸ ਕੇ ਕਰਦੇ ਸਨ ਪਰ ਅੱਜ ਦੀ ਨੌਜਵਾਨ ਪੀੜ੍ਹੀ ਛੋਟੀ-ਛੋਟੀ ਗੱਲ 'ਤੇ ਨਿਰਾਸ਼ ਹੋ ਜਾਂਦੀ ਹੈ ਅਤੇ ਇਸ ਨਿਰਾਸ਼ਾ ਤੋਂ ਬਚਣ ਲਈ ਬਹੁਤੇ ਨੌਜਵਾਨ ਨਸ਼ਿਆਂ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਉਹ ਇਹ ਸੋਚਦੇ ਹਨ ਕਿ ਨਸ਼ਾ ਨਿਰਾਸ਼ਾ ਵਿੱਚੋਂ ਨਿਕਲਣ ਦਾ ਢੰਗ ਹੈ ਪਰ ਨੌਜਵਾਨ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਨਸ਼ਾ ਕਦੇ ਵੀ ਕਿਸੇ ਵੀ ਮੁਸ਼ਕਿਲ ਦਾ ਹੱਲ ਨਹੀਂ ਹੈ।

ਕਈ ਨੌਜਵਾਨ ਜ਼ਿੰਦਗੀ ਪ੍ਰਤੀ ਇੰਨੇ ਨਿਰਾਸ਼ ਹੋ ਜਾਂਦੇ ਹਨ ਕਿ ਆਤਮ-ਹੱਤਿਆ ਤਕ ਕਰ ਲੈਂਦੇ ਹਨ। ਅਜਿਹਾ ਕਰਦੇ ਵੇਲੇ ਉਹ ਇਹ ਨਹੀਂ ਸੋਚਦੇ ਕਿ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਮਾਪਿਆਂ ਉੱਤੇ ਕੀ ਗੁਜ਼ਰੇਗੀ?

### ਨਾਕਾਮੀ ਪਿੱਛੋਂ ਮਿਲਦੀ ਹੈ ਸਫਲਤਾ

ਹਰ ਸਫਲਤਾ ਦੇ ਪਿੱਛੇ ਇਕ ਵੱਡੀ ਅਸਫਲਤਾ ਛੁਪੀ ਹੁੰਦੀ ਹੈ। ਬਿਜਲੀ ਦੇ ਬੱਲਬ ਦੀ ਖੋਜ ਕਰਨ ਵਾਲੇ ਥਾਮਸ ਐਡੀਸਨ ਨੇ ਬੱਲਬ ਦੀ ਖੋਜ ਕਰਦਿਆਂ ਲਗਪਗ ਦਸ ਹਜ਼ਾਰ ਵਾਰ ਅਸਫਲਤਾ ਦਾ ਸਾਹਮਣਾ ਕੀਤਾ ਤਾਂ ਕਿਤੇ ਜਾ ਕੇ ਉਨ੍ਹਾਂ ਨੂੰ ਕਾਮਯਾਬੀ ਮਿਲੀ। ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਆਪਣੀਆਂ ਅਸਫਲਤਾਵਾਂ ਤੋਂ ਸਿੱਖਿਆ ਲੈ ਕੇ ਸਾਨੂੰ ਅੱਗੇ ਵਧਣਾ ਚਾਹੀਦਾ ਹੈ।

ਜੇ ਕਿਸੇ ਵੀ ਕਾਰਨ ਕਰਕੇ ਕੋਈ ਵਿਅਕਤੀ ਨਿਰਾਸ਼ ਹੈ ਤਾਂ ਉਸ ਨੂੰ ਇਕੱਲਾ ਨਹੀਂ ਛੱਡਣਾ ਚਾਹੀਦਾ ਬਲਕਿ ਆਪਣੇ ਯਾਰਾਂ-ਦੋਸਤਾਂ, ਮਾਤਾ-ਪਿਤਾ ਜਾਂ ਸਕੇ-ਸਬੰਧੀਆਂ ਨਾਲ ਇਸ ਸਬੰਧੀ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਨਿਰਾਸ਼ਾ ਵਿੱਚੋਂ ਬਾਹਰ ਨਿਕਲਿਆ ਜਾ ਸਕੇ। ਸਾਨੂੰ ਹਮੇਸ਼ਾ ਹੀ ਵਰਤਮਾਨ ਵਿਚ ਜਿਊਣ ਦੀ ਕੋਸ਼ਿਸ਼ ਕਰਨੀ ਕਰਨੀ ਚਾਹੀਦੀ ਹੈ ਅਤੇ ਬੀਤੀਆਂ ਗੱਲਾਂ ਜਿਨ੍ਹਾਂ ਨੂੰ ਦੁਨੀਆ ਦੀ ਕੋਈ ਵੀ ਸ਼ਕਤੀ ਠੀਕ ਨਹੀਂ ਕਰ ਸਕਦੀ ਯਾਦ ਕਰ ਕੇ ਨਿਰਾਸ਼ ਨਹੀਂ ਹੋਣਾ ਚਾਹੀਦਾ। ਕਿਸੇ ਵੀ ਇਨਸਾਨ ਦੀ ਤਰੱਕੀ ਵਿਚ ਸਭ ਤੋਂ ਵੱਡੀ ਰੁਕਾਵਟ ਨਿਰਾਸ਼ਾ ਹੀ ਹੈ। ਪਰਮਾਤਮਾ ਵੱਲੋਂ ਬਖ਼ਸ਼ੇ ਅਨਮੋਲ ਜੀਵਨ ਵਿਚ ਆਸਵੰਦ ਰਹਿ ਕੇ ਤਰੱਕੀ ਪ੍ਰਾਪਤ ਕੀਤੀ ਜਾ ਸਕਦੀ ਹੈ। •

---

# ਨਵੀਂ ਪੀੜ੍ਹੀ 'ਤੇ ਆਧੁਨਿਕ ਤਕਨੀਕਾਂ ਦੇ ਮਾਰੂ ਪ੍ਰਭਾਵ

• ਕੁਲਦੀਪ ਸਿੰਘ ਲੋਹਟ
9876492410




ਵਿਗਿਆਨ ਮਨੁੱਖੀ ਜ਼ਿੰਦਗੀ ਨੂੰ ਨਿੱਤ ਨਵੇਂ ਸੁੱਖ-ਅਰਾਮ ਦੇ ਰਿਹਾ ਹੈ। ਨਵੀਆਂ-ਨਵੀਆਂ ਸੁੱਖ ਸਹੂਲਤਾਂ ਰਾਹੀਂ ਸਮੁੱਚੀ ਦੁਨੀਆ ਇਕ ਪਿੰਡ ਹੀ ਬਣ ਚੁੱਕੀ ਹੈ। ਸਾਗਰਾਂ ਪਰਬਤਾਂ ਦੀਆਂ ਡੂੰਘਾਈਆਂ ਤੇ ਉਚਾਈਆਂ ਮਾਪਣ ਉਪਰੰਤ ਨਵੇਂ ਪੁਲਾੜੀ ਪਿੰਡਾਂ ਦੀਆਂ ਸਰਗਰਮੀਆਂ ਵਾਚੀਆਂ ਜਾ ਰਹੀਆਂ ਹਨ। ਆਵਾਜਾਈ ਤੇ ਸੰਚਾਰ ਸਾਧਨਾਂ ਨੇ ਦੂਰੀਆਂ ਘੱਟ ਕਰ ਦਿੱਤੀਆਂ ਹਨ। ਨਿੱਤ ਨਵੇਂ ਦਿਸਹੱਦੇ ਕਾਇਮ ਕੀਤੇ ਜਾ ਰਹੇ ਹਨ। ਕੰਪਿਊਟਰ ਸੁਪਰ ਕੰਪਿਊਟਰ ਮੋਬਾਈਲ ਆਦਿ ਸਾਧਨਾਂ ਨੇ ਦੁਨੀਆ ਸੱਚਮੁੱਚ ਹੀ ਮੁੱਠੀ ਵਿਚ ਕਰ ਦਿੱਤੀ ਹੈ। ਜਿੰਨਾ ਤਕਨੀਕੀ ਵਿਕਾਸ ਇਸ ਸਦੀ ਵਿਚ ਸੰਭਵ ਸੋਇਆ ਹੈ, ਓਨਾ ਹੁਣ ਤਕ ਦੀ ਮਨੁੱਖੀ ਸੱਭਿਅਤਾ ਦੇ ਸਮੁੱਚੇ ਵਿਕਾਸ ਅਮਲ ਵਿਚ ਨਹੀਂ ਹੋ ਸਕਿਆ। ਜਿੱਥੇ ਵਿਗਿਆਨ ਮਨੁੱਖ ਲਈ ਅਣਗਿਣਤ ਸੁੱਖ ਸਹੂਲਤਾਂ ਪੈਦਾ ਕਰ ਰਿਹਾ ਹੈ, ਉੱਥੇ ਇਹ ਬਹੁਤ ਵੱਡਾ ਸਰਾਪ ਵੀ ਬਣ ਚੁੱਕਾ ਹੈ।

ਅੱਜ ਪੜ੍ਹੇ-ਲਿਖੇ ਵਿਅਕਤੀ ਆਪਣੇ ਆਪ ਨੂੰ ਬਹੁਤ ਅਗਾਂਹਵਧੂ ਦਰਸਾਉਂਦੇ ਹਨ ਤੇ ਅਨਪੜ੍ਹਾਂ ਨੂੰ ਪੱਛੜੇ ਹੋਏ ਪਿਛਾਂਹ-ਖਿੱਚੂ ਤੇ ਮੂਰਖ ਕਹਿਣ ਤਕ ਵੀ ਚਲੇ ਜਾਂਦੇ ਹਨ। ਇਸੇ ਤਰ੍ਹਾਂ ਸ਼ਹਿਰੀ ਲੋਕ ਪੇਂਡੂ ਲੋਕਾਂ ਪ੍ਰਤੀ ਨੱਕ ਮੂੰਹ ਚੜ੍ਹਾਉਂਦੇ ਹਨ। ਅਨੇਕਾਂ ਵਾਰ ਦੇਖਣ 'ਚ ਆਉਂਦਾ ਹੈ ਕਿ ਕਿਸੇ ਦੁਰਘਟਨਾ ਸਮੇ ਘੱਟ ਪੜ੍ਹੇ ਪੇਂਡੂ ਲੋਕ ਆਪਣਾ ਆਪਾ ਵਾਰ ਕੇ ਵੀ ਸਹਾਇਤਾ ਲਈ ਨਿੱਤਰਦੇ ਹਨ, ਜਦੋਂਕਿ ਸੱਭਿਅਕ ਸਮਝੇ ਜਾਂਦੇ ਲੋਕ ਆਪਣਾ ਪੱਲਾ ਝਾੜ ਕੇ ਤੁਰ ਜਾਂਦੇ ਹਨ। ਅੱਜ ਜਦੋਂ ਵਿਗਿਆਨਕ ਤਕਨੀਕਾਂ ਨੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਮਧੋਲ ਸੁੱਟਿਆ ਹੈ, ਉਸ ਸਮੇਂ ਵੀ ਪੇਂਡੂ ਖੇਤਰ ਆਪਣੀਆਂ ਸ਼ਾਨਦਾਰ ਪ੍ਰੰਪਰਾਵਾਂ ਨੂੰ ਬਚਾਈ ਬੈਠੇ ਹਨ। ਭਾਵੇਂ ਟੀਵੀ ਚੈਨਲਾਂ, ਮੀਡੀਏ ਤੇ ਮੋਬਾਈਲ ਫੋਨਾਂ ਵਰਗੀ ਭਿਆਨਕ ਤਪਦਿਕ ਨੇ ਪੇਂਡੂ ਖੇਤਰਾਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਭੰਨਤੋੜ ਕਰਨੀ ਆਰੰਭ ਕਰ ਦਿੱਤੀ ਹੋਈ ਹੈ। ਔਰਤ ਤੇ ਮਰਦ ਸ੍ਰਿਸ਼ਟੀ ਦੇ ਚਾਲਕ ਹਨ ਤੇ ਪ੍ਰਮਾਤਮਾ ਨੇ ਇਕ-ਦੂਜੇ ਪ੍ਰਤੀ ਕੁਦਰਤੀ ਖਿੱਚ ਪੈਦਾ ਕਰ ਕੇ ਜੀਵਨ ਦਾ ਅਧਾਰ ਬਣਾਇਆ ਹੈ। ਮਨੁੱਖ ਨੇ ਕਾਮ ਪ੍ਰਵਿਰਤੀ ਨੂੰ ਕਾਬੂ ਕਰਨ ਤੇ ਸੰਤੁਲਤ ਕਰਨ ਲਈ ਮਨੁੱਖੀ ਰਿਸ਼ਤਿਆਂ ਦੀ ਬਨਾਵਟ ਨੂੰ ਸੁਚੱਜੀ ਤਰਤੀਬ ਦਿੱਤੀ ਹੋਈ ਹੈ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਸਮਾਜਿਕ ਪ੍ਰਵਾਨਗੀ ਰਾਹੀਂ ਨਿਯਮਬੱਧ ਕੀਤਾ ਹੋਇਆ ਹੈ। ਜੰਗਲੀ ਜੀਵਨ ਸਮੇਂ ਤੋਂ ਹੀ ਔਰਤ-ਮਰਦ ਨੂੰ ਸਰੀਰਕ ਅੰਗਾਂ ਨੂੰ ਢਕਣ ਦਾ ਰਿਵਾਜ਼ ਪ੍ਰਚੱਲਿਤ ਹੈ ਤੇ ਨੰਗੇਜ਼ ਨੂੰ ਵਰਜਿਤ ਕੀਤਾ ਗਿਆ ਹੈ। ਹਰ ਸਮਾਜ ਨੇ ਆਪਣੇ ਆਪਣੇ ਲਿਬਾਸ ਤੇ ਪਹਿਰਾਵੇ ਨਿਰਧਾਰਤ ਕਰ ਕੇ ਅੰਗ ਪ੍ਰਦਰਸ਼ਨ ਨੂੰ ਨਿਯੰਤਰਤ ਕੀਤਾ ਹੈ।

ਔਰਤ ਤੇ ਮਰਦ ਦੀ ਬਣਤਰ ਦੇ ਅਧਾਰਤ ਔਰਤ ਨੂੰ ਨਾਜ਼ੁਕ ਤੇ ਮਰਦ ਨੂੰ ਔਰਤ ਨਾਲੋਂ ਸਖ਼ਤ ਤੇ ਬਲਵਾਨ ਸਰੀਰਕ ਦਿੱਖ ਪ੍ਰਦਾਨ ਹੈ। ਔਰਤ ਪਰਿਵਾਰ ਦੀ ਇੱਜ਼ਤ ਮੰਨੀ ਗਈ ਹੈ ਤੇ ਔਰਤ ਦੀ ਪੱਤ ਪਿੱਛੇ ਜਿੰਨਾ ਖ਼ੂਨ ਡੁੱਲ੍ਹਿਆ ਹੈ, ਹੋਰ ਕਿਸੇ ਮਸਲੇ 'ਤੇ ਇੰਨਾ ਖ਼ੂਨ ਨਹੀਂ ਡੁੱਲ੍ਹਿਆ। ਮਹਾਂਭਾਰਤ ਤੇ ਰਮਾਇਣ ਦੀਆਂ ਖ਼ੂਨੀ ਜੰਗਾਂ ਔਰਤ ਦੀ ਅਣਖ ਤੇ ਆਬਰੂ ਲਈ ਲੜੀਆਂ ਗਈਆਂ ਹਨ। ਇਸੇ ਕਰਕੇ ਔਰਤ ਨੂੰ ਪਰਦੇ 'ਚ ਰੱਖਣ ਵਾਲੀ ਵਸਤੂ ਬਣਾ ਦਿੱਤਾ ਗਿਆ ਹੈ।

ਹੁਣ ਮੋਬਾਈਲ ਫੋਨਾਂ, ਡਿਜੀਟਲ ਕੈਮਰਿਆਂ ਅਤੇ ਅਧੁਨਿਕ ਸਾਧਨਾਂ ਰਾਹੀਂ ਔਰਤ ਦੇ ਜਿਸਮ ਨੂੰ ਕੈਦ ਕਰ ਕੇ ਬਲੈਕਮੇਲਿੰਗ ਵਰਗੀਆਂ ਘਟਨਾਵਾਂ ਨੇ ਅਣਖੀ ਪੰਜਾਬ ਦੀਆਂ ਔਰਤਾਂ ਦੀ ਇੱਜ਼ਤ ਅਤੇ ਅਣਖ ਵੀ ਰੋਲਣੀ ਆਰੰਭ ਕਰ ਦਿੱਤੀ ਹੈ। ਨਵੀਆਂ ਗੁੱਡੀਆਂ ਨਵੇਂ ਪਟੋਲੇ ਦੇ ਸੰਕਲਪ ਅਧੀਨ ਔਰਤ ਦੀ ਆਜ਼ਾਦੀ ਸ਼ਰੇਆਮ ਗਰਲ ਫਰੈਂਡ, ਬੁਆਏਫਰੈਂਡ ਤੋਂ ਅੱਗੇ ਬਿਨਾ ਵਿਆਹ ਤੋਂ ਕਾਨੂੰਨੀ ਤੌਰ 'ਤੇ ਇਕੱਠੇ ਰਹਿ ਕੇ ਮੌਜ-ਮੇਲੇ ਤਕ ਜਾ ਪਹੁੰਚੀ ਹੈ। ਇਸ ਵਰਤਾਰੇ ਨਾਲ ਕਿਸ਼ੋਰ ਅਵਸਥਾ 'ਚ ਨਾਜਾਇਜ਼ ਸਬੰਧਾਂ 'ਚੋਂ ਪੈਦਾ ਹੋ ਰਹੀ ਔਲਾਦ, ਇੱਜ਼ਤ ਲਈ ਪ੍ਰੇਮੀ ਜੋੜਿਆਂ ਦੇ ਕਤਲ, ਭਰੂਣ ਹੱਤਿਆ, ਘਰੋਂ ਭੱਜ ਕੇ ਅਦਾਲਤੀ ਵਿਆਹਾਂ ਵਰਗੇ ਅਮਲ ਨੇ ਸਮਾਜਿਕ ਜੀਵਨ ਦੀ ਸਹਿਜ ਰਵਾਨੀ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਹੈ। ਇਸ ਤਰ੍ਹਾਂ ਵਿਗਿਆਨ ਦੇ ਇਸ ਯੁੱਗ ਵਿਚ ਆਧੁਨਿਕ ਤਕਨੀਕਾਂ ਜਿੱਥੇ ਸਾਡੇ ਸੁੱਖ-ਆਰਾਮ ਦਾ ਹਿੱਸਾ ਬਣ ਰਹੀਆਂ ਹਨ, ਉੱਥੇ ਹੀ ਇਨ੍ਹਾਂ ਰਾਹੀਂ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਦਾ ਮਲੀਆਮੇਟ ਕਰਨ ਦੀ ਕੋਸਿਸ਼ ਵੀ ਕੀਤੀ ਜਾ ਰਹੀ ਹੈ। ਨਵੀਂ ਪੀੜ੍ਹੀ ਵਿਗਿਆਨਕ ਤਕਨੀਕਾਂ ਨੂੰ ਸਾਰਥਿਕ ਕੰਮਾਂ ਲਈ ਘੱਟ ਅਤੇ ਗ਼ੈਰ -ਸਮਾਜੀ ਕੰਮਾਂ ਲਈ ਜ਼ਿਆਦਾ ਵਰਤ ਰਹੀ ਹੈ। ਵਿਗਿਆਨਕ ਤਕਨੀਕਾਂ ਦੇ ਇਸ ਨਕਾਰਾਤਮਕ ਪ੍ਰਭਾਵ ਤੋਂ ਸਾਡੀ ਨਵੀਂ ਪੀੜ੍ਹੀ ਨੂੰ ਬਚਣ ਅਤੇ ਬਚਾਉਣ ਦੀ ਲੋੜ ਹੈ। •

---

# ਪੁਸਤਕ ਚਰਚਾ

ਆਪਣੇ ਖੇਤਰ 'ਚ ਮਾਅਰਕਾ ਮਾਰਨ ਵਾਲਿਆਂ ਜਾਂ ਹੋਰ ਮਹਾਪੁਰਖਾਂ ਦੀਆਂ ਜੀਵਨੀਆਂ ਪੰਜਾਬੀ ਸਾਹਿਤ ਦਾ ਅਮੀਰ ਵਿਰਸਾ ਹਨ। ਵਿਚਾਰ ਅਧੀਨ ਜੀਵਨੀ ਵੀ ਇਸੇ ਲੜੀ ਦਾ ਹਿੱਸਾ ਹੈ, ਜੋ ਸਰਦਾਰ ਲਾਭ ਸਿੰਘ ਦੀ ਜੰਮਣ ਭੋਇ, ਉਸ ਦੇ ਬਚਪਨ, ਜਵਾਨੀ, ਪੜ੍ਹਾਈ-ਲਿਖਾਈ ਤੇ ਉਸ ਦੇ ਖੇਡ-ਪ੍ਰੇਮ ਨੂੰ ਦਰਸਾਉਂਦੀ ਹੈ। ਉਹ ਰੂਪ ਰੰਗ ਪੱਖੋਂ ਬੇਹੱਦ ਸੋਹਣਾ-ਸੁਨੱਖਾ ਤੇ ਸਰੀਰਕ ਪੱਖੋਂ ਵੀ ਤਕੜਾ ਸੀ। ਜਿਸ ਪਿੰਡ ਦਾ ਉਹ ਜੰਮਪਲ ਹੈ, ਉੱਥੇ ਕਦੇ ਟਿੱਬੇ ਹੁੰਦੇ ਸਨ। ਉਸ ਦੇ ਚੇਤਿਆਂ 'ਚ ਅੱਜ ਵੀ ਪਿੰਡ ਦਾ ਵਾਸਾ ਹੈ ਅਤੇ ਮਿੱਟੀ ਦੀ ਮਹਿਕ ਉਸ ਦੇ ਅੰਗ-ਸੰਗ ਹੈ। ਉਸ ਨੇ ਖੇਡ ਜਗਤ ਵਿਚ ਬੇਹੱਦ ਨਾਂ ਕਮਾਇਆ ਤੇ ਫ਼ੌਜ ਦੇ ਉੱਚ ਅਹੁਦੇ ਤੋਂ ਸੇਵਾ-ਮੁਕਤ ਹੋ ਕੇ ਵੀ ਆਪਣੇ ਪਿੰਡ ਨੂੰ ਕਦੇ ਨਾ ਭੁਲਾਇਆ। ਉਸ ਨੂੰ ਆਪਣੇ ਦਾਦਾ ਬਾਪੂ ਬਖ਼ਸ਼ੀਸ਼ ਸਿੰਘ ਮਾਂ (ਬੇਬੇ) ਭਾਗਵੰਤੀ ਹੀ ਨਹੀਂ ਬਲਕਿ ਆਪਣੇ ਚਾਚੇ-ਤਾਏ, ਭੈਣ-ਭਰਾ ਤੇ ਹੋਰ ਸਕੇ-ਸਬੰਧੀਆਂ ਦੀ ਯਾਦ ਵੀ ਹਮੇਸ਼ਾ ਯਾਦ ਚਿੱਤ ਰਹਿੰਦੀ ਹੈ।

ਆਪਣੀ ਜੀਵਨ ਸਾਥਣ ਬੀਬੀ ਸੁਖਿੰਦਰਜੀਤ ਕੌਰ ਦੀ ਖ਼ੂਬਸੂਰਤੀ ਅਤੇ ਸੁੱਘੜ-ਸਿਆਣੀ ਹੋਣ ਦਾ ਵੀ ਉਸ ਨੇ ਹਰ ਦਮ ਫ਼ਖ਼ਰ ਕੀਤਾ ਹੈ। ਦੋ ਪੁੱਤਰਾਂ 'ਤੇ ਵੀ ਉਸ ਨੂੰ ਮਾਣ ਹੈ। ਉਸ ਨੂੰ ਇਕ ਯਕੀਨ ਹੈ ਕਿ ਇਨ੍ਹਾਂ ਸਾਰਿਆਂ ਦਾ ਹੀ ਉਸ ਦੀ ਸ਼ਖ਼ਸੀਅਤ ਨੂੰ ਸੰਵਾਰਨ, ਨਿਖਾਰਨ ਅਤੇ ਹੋਰ ਪ੍ਰਾਪਤੀਆਂ 'ਚ ਕਿਸੇ ਨਾ ਕਿਸੇ ਤਰ੍ਹਾਂ ਵਡਮੁੱਲਾ ਸਹਿਯੋਗ ਰਿਹਾ ਹੈ।




ਜੀਵਨੀ ਦੇ ਚਾਰ ਭਾਗ ਹਨ - ਮੁੱਢਲਾ ਜੀਵਨ, ਖੇਡ ਜੀਵਨ, ਫ਼ੌਜੀ ਜੀਵਨ ਤੇ ਰਿਟਾਇਰਡ ਜੀਵਨ। ਉਸ ਨੇ ਇਨ੍ਹਾਂ ਚਾਰਾਂ ਪੜਾਵਾਂ ਨੂੰ ਖ਼ੂਬ ਮਾਣਿਆ ਤੇ ਹੰਢਾਇਆ ਹੈ। ਲਾਭ ਸਿੰਘ ਹਮੇਸ਼ਾ ਹੀ ਆਪਣੀ ਧੁਨ ਦਾ ਪੱਕਾ ਰਿਹਾ। ਆਪਣੇ ਸਰੀਰ ਤੇ ਦਿਮਾਗ਼ ਤੋਂ ਰੱਜ ਕੇ ਕੰਮ ਲਿਆ। ਜਿਹੜਾ ਵੀ ਨਿਸ਼ਾਨਾ ਮਿੱਥ ਲਿਆ, ਉਸ ਨੂੰ ਦਿਲ ਜਾਨ ਲਗਾ ਕੇ ਪੂਰਾ ਕੀਤਾ। ਖੇਡ ਦਰ-ਹਕੀਕਤ ਜਿਹੜਾ ਵੀ ਵਿਅਕਤੀ ਸੱਚੇ ਮਨੋਂ ਨਿਸ਼ਠਾ ਕਰ ਲਵੇ ਤਾਂ ਉਸ ਦੇ ਰਾਹ ਦੇ ਰੋੜੇ ਵੀ ਉਸ ਨੂੰ ਰੋਕ ਨਹੀਂ ਸਕਦੇ। ਅਜਿਹੇ ਹੀ ਇਕ ਸ਼ਖ਼ਸ ਨਾਲ ਮੇਲ ਕਰਵਾਉਂਦੀ ਹੈ, ਇਹ ਬਹੁਮੁੱਲੀ ਪੁਸਤਕ। ਇਸ ਨੂੰ ਪੜ੍ਹ ਕੇ ਹਰ ਇਕ ਖੇਡ ਪ੍ਰੇਮੀ ਕੇਵਲ ਆਨੰਦ ਲਵੇਗਾ।

• ਸੁਖਮਿੰਦਰ ਸੇਖੋਂ

| | | | |
|---|---|---|---|
| ਪੁਸਤਕ | : ਬ੍ਰਿਗੇਡੀਅਰ ਲਾਭ ਸਿੰਘ ਉਲੰਪੀਅਨ (ਜੀਵਨੀ) | ਪੰਨੇ | : 264 |
| ਲੇਖਕ | : ਪ੍ਰੋ. ਗੁਰਦੇਵ ਸਿੰਘ ਚੁੰਬਰ | | |
| ਪ੍ਰਕਾਸ਼ਕ | : ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ। | ਮੁੱਲ | : 350/- |

ਅਸੀ ਆਮ ਤੌਰ 'ਤੇ ਜਿੰਨੇ ਵੀ ਸਫ਼ਰਨਾਮੇ ਪੜ੍ਹਦੇ ਹਾਂ, ਉਹ ਮਨੁੱਖ ਦੀ ਘੁਮੱਕੜ ਬਿਰਤੀ 'ਚੋਂ ਪੈਦਾ ਹੁੰਦੇ ਹਨ। ਜਦੋਂ ਮਨੁੱਖ ਕਿਸੇ ਪਰਾਈ ਧਰਤੀ ਨੂੰ ਵੇਖਣ ਦੀ ਚਾਹ ਸਦਕਾ ਉਸ ਸਥਾਨ ਵੱਲ ਖਿੱਚਿਆ ਜਾਂਦਾ ਹੈ ਤਾਂ ਆਪਣੇ ਸਫ਼ਰ ਦੀਆਂ ਔਕੜਾਂ ਦੇ ਨਾਲ-ਨਾਲ ਜਿਸ ਸਥਾਨ ਨੂੰ ਉਹ ਦੇਖਣ ਗਿਆ ਹੈ, ਉੱਥੋਂ ਦੇ ਕੁਦਰਤੀ ਨਜ਼ਾਰਿਆਂ, ਲੋਕਾਂ ਦੇ ਰਹਿਣ-ਸਹਿਣ ਅਤੇ ਆਰਥਿਕ ਵਸੀਲਿਆਂ ਦੀ ਗੱਲ ਕਰਦਾ ਹੈ ਪਰ 'ਰੋਟੀਆਂ ਕਾਰਣਿ ਪੂਰਹਿ ਤਾਲ' ਇਕ ਅਜਿਹੀ ਪੁਸਤਕ ਹੈ, ਜਿਸ ਨੂੰ ਲੇਖਕ ਨੇ 'ਹਕੀਕਤਨਾਮਾ ਪ੍ਰਦੇਸ' ਕਹਿ ਕੇ ਪਾਠਕਾਂ ਦੇ ਰੂਬਰੂ ਕੀਤਾ ਹੈ, ਜਿਸ ਵਿਚ ਸਫ਼ਰ ਤੇ ਰੁਜ਼ਗਾਰ ਦੋਵੇਂ ਹੀ ਸ਼ਾਮਿਲ ਹਨ। ਭਾਵ ਰੁਜ਼ਗਾਰ ਲਈ ਕੀਤਾ ਗਿਆ ਵਿਦੇਸ਼ੀ ਸਫ਼ਰ ਅਤੇ ਸਫ਼ਰ ਦੀਆਂ ਤੰਗੀਆਂ ਤੁਰਸ਼ੀਆਂ, ਖ਼ੁਸ਼ੀਆਂ, ਗ਼ਮੀਆਂ ਅਤੇ ਪ੍ਰਾਪਤੀਆਂ ਦਾ ਬਿਓਰਾ ਇਸ ਵਿਚਾਰ ਅਧੀਨ ਪੁਸਤਕ 'ਚ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਇਕ ਤਰ੍ਹਾਂ ਨਾਲ ਸਵੈ-ਜੀਵਨੀ ਦੇ ਅੰਸ਼ ਨੂੰ ਵੀ ਆਪਣੀ ਬੁੱਕਲ ਵਿਚ ਸਮੋਈ ਬੈਠੀ ਹੈ।

ਇਸ ਵਿਚ ਲੇਖਕ ਨੇ ਆਪਣੀਆਂ ਦੋ ਵਿਦੇਸ਼ ਯਾਤਰਾਵਾਂ ਦਾ ਜ਼ਿਕਰ ਕੀਤਾ ਹੈ, ਜੋ ਉਸ ਨੇ ਰੋਜ਼ੀ-ਰੋਟੀ ਦੀ ਭਾਲ ਲਈ ਕੀਤੀਆਂ। ਇਨ੍ਹਾਂ 'ਚ ਪਹਿਲੀ ਇਰਾਨ ਦੀ ਯਾਤਰਾ ਹੈ ਅਤੇ ਦੂਜੀ ਯੂਏਈ ਦੀ। ਹਿੰਦੁਸਤਾਨ ਦੀ ਪ੍ਰਸਿੱਧ ਕੰਪਨੀ ਐੱਚਐੱਮਟੀ ਦੀ ਨੌਕਰੀ ਛੱਡਣ ਤੋਂ ਲੈ ਕੇ ਇਰਾਨ 'ਚ ਜਾਣ ਤੇ ਆਪਣੇ ਸਿਰੜ ਤੇ ਮਿਹਨਤ ਸਦਕਾ ਇੱਥੇ ਨਾਮਣਾ ਖੱਟਣ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਇਰਾਨ ਲੰਮੇ ਸਮੇਂ ਤੋਂ ਵਸੇ ਪੰਜਾਬੀ ਪਰਿਵਾਰਾਂ ਦੇ ਕਾਰੋਬਾਰਾਂ ਦੇ ਨਾਲ-ਨਾਲ ਇੱਥੋਂ ਦੇ ਪ੍ਰਸਿੱਧ ਸਾਹਿਤਕਾਰਾਂ ਅਤੇ ਦੇਖਣਯੋਗ ਥਾਵਾਂ ਦਾ ਵੀ ਤੱਥਾਤਮਕ ਵੇਰਵਾ ਦਿੱਤਾ ਹੈ। ਯੂ.ਏ.ਈ. ਦੇ ਲੋਕਾਂ ਦਾ ਰਹਿਣ-ਸਹਿਣ, ਕਨੂੰਨ ਪ੍ਰਬੰਧ, ਧਰਮ, ਸਮਾਜ ਬਾਰੇ ਜਾਣਕਾਰੀ ਤੋਂ ਇਲਾਵਾ ਇੱਥੇ ਆਪਣੀ ਮਿਹਨਤ ਤੇ ਸਿਰੜ ਨਾਲ ਤਰੱਕੀ ਕਰਨ ਤੇ ਧੋਖਿਆਂ ਦੇ ਬਾਵਜੂਦ ਆਪਣੇ ਪੈਰਾਂ 'ਤੇ ਖਲੋਣ ਤੇ ਸੁਖਮਈ ਜੀਵਨ ਬਤੀਤ ਕਰਨ ਬਾਰੇ ਵਿਸਤ੍ਰਿਤ ਵੇਰਵੇ ਇਸ ਪੁਸਤਕ ਵਿਚ ਦਰਜ ਹਨ।




• ਸਰਦੂਲ ਸਿੰਘ ਔਜਲਾ

| | | | |
|---|---|---|---|
| ਪੁਸਤਕ | : ਰੋਟੀਆਂ ਕਾਰਣਿ ਪੂਰਹਿ ਤਾਲ | ਪੰਨੇ | : 118 |
| ਲੇਖਕ | : ਇੰਜੀ. ਲਾਲ ਸਿੰਘ ਕਲਸੀ | | |
| ਪ੍ਰਕਾਸ਼ਕ | : ਦਿ ਪ੍ਰਿੰਟ ਅੰਕਸੇਲ ਸ਼ੁਮੀਤ, ਫ਼ਰੀਦਕੋਟ। | ਮੁੱਲ | : 100/- |

ਭੂਰਾ ਸਿੰਘ ਕਲੇਰ ਮੂਲ ਰੂਪ 'ਚ ਕਹਾਣੀ ਲੇਖਕ ਹੈ, ਜਿਸ ਨੇ ਦਲਿਤ ਅਤੇ ਪੱਛੜੇ ਵਰਗ ਦੇ ਜੀਵਨ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਇਆ ਹੈ। 'ਜੰਡਾ ਵੇ ਜੰਡੋਰਿਆ' ਉਸ ਦਾ ਪਲੇਠਾ ਨਾਵਲ ਹੈ, ਜਿਸ ਰਾਹੀ ਉਹ ਪੇਂਡੂ ਜੀਵਨ ਦੇ ਸਾਧਾਰਨ ਲੋਕਾਂ ਦੇ ਦੁੱਖ-ਸੁੱਖ ਅਤੇ ਪੀੜ ਦਾ ਵਰਨਣ ਕਰਦਾ ਹੈ।

ਇਸ ਨਾਵਲ ਦੇ ਦੋ ਨਾਇਕ ਹਨ ਜਾਗਰ ਅਤੇ ਲਹਿੰਬਰ। ਦੋਵੇਂ ਦਲਿਤ ਪਰਿਵਾਰਾਂ ਦੇ ਜੀਅ ਹਨ, ਜੋ ਆਪਣੀ ਆਰਥਿਕਤਾ ਨੂੰ ਸਾਵਾਂ ਰੱਖਣ ਲਈ ਦਿਨ-ਰਾਤ ਮਿਹਨਤ ਕਰਦੇ ਹਨ। ਜਾਗਰ ਦਾ ਜੀਵਨ ਚੰਗਾ ਭਲਾ ਚੱਲਦਾ ਹੈ ਪਰ ਬਿਮਾਰੀ ਕਾਰਨ ਉਹ ਆਰਥਿਕ ਤੌਰ 'ਤੇ ਵੀ ਤੇ ਸਰੀਰਕ ਤੌਰ 'ਤੇ ਵੀ ਕਮਜ਼ੋਰ ਹੋ ਜਾਂਦਾ ਹੈ, ਜਿਸ ਕਾਰਨ ਉਸ ਦੀ ਆਭਾ ਗੁਆਚ ਜਾਂਦੀ ਹੈ। ਉਸ ਦੀ ਪਤਨੀ ਪ੍ਰੀਤੋ, ਜਿਸ ਨੂੰ ਉਹ ਅੰਤਾਂ ਦਾ ਪ੍ਰੇਮ ਕਰਦਾ ਹੈ, ਆਪਣੇ ਕਿਸੇ ਰਿਸ਼ਤੇਦਾਰ ਨਾਲ ਉੱਧਲ ਜਾਂਦੀ ਹੈ। ਜਿਸ ਦੀ ਸੱਟ 'ਤੇ ਸਦਮਾ ਉਸ ਲਈ ਅਸਹਿ ਹੈ। ਪਰ ਆਪਣੇ ਕੁਝ ਸਾਥੀਆਂ ਦੀ ਸਲਾਹ ਨਾਲ ਉਹ ਕਿਸੇ ਪੀਰ ਦੀ ਗੱਦੀ ਸਥਾਪਤ ਕਰ ਕੇ ਪੁੱਛਾਂ ਦੇਣ ਲੱਗਦਾ ਹੈ ਤੇ ਆਪਣੀ ਆਰਥਿਕਤਾ ਨੂੰ ਥੰਮ੍ਹ ਲੈਂਦਾ ਹੈ ਪਰ ਫੇਰ ਵੀ ਉਹ ਪ੍ਰੀਤੋ ਦੇ ਦਰੇਗ ਵਿਚ ਆਖ਼ਿਰ ਆਪਣੀ ਜਾਨ ਵੀ ਗੁਆ ਬਹਿੰਦਾ ਹੈ

ਲਹਿੰਬਰ ਘਰ ਦੇ ਕਲੇਸ਼ ਕਾਰਨ ਆਤਮ-ਹੱਤਿਆ ਕਰਨ ਜਾਂਦਾ ਹੈ ਪਰ ਕੋਈ ਬਲਬੀਰ ਨਾਂ ਦਾ ਭਲਾ ਆਦਮੀ ਉਸ ਨੂੰ ਬਚਾ ਲੈਂਦਾ ਹੈ ਤੇ ਸਹੀ ਰਾਹ ਪਾ ਦਿੰਦਾ ਹੈ। ਉਸ ਨੂੰ ਪੜ੍ਹਨ ਦੀ ਚੇਟਕ ਲਾ ਦਿੰਦਾ ਹੈ ਤੇ ਕਵਿਤਾ ਲਿਖਣ ਲਈ ਪ੍ਰੇਰਦਾ ਹੈ। ਮਜ਼ਦੂਰੀ ਦਾ ਕਿੱਤਾ ਸ਼ੁਰੂ ਕਰਵਾ ਕੇ ਉਹ ਉਸ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਖੱਬੇ ਪੱਖੀ ਲੋਕਾਂ ਦੀ ਸੰਗਤ 'ਚ ਆ ਕੇ ਉਹ ਸਕੂਲ ਵਿਚ ਮਾਲੀ ਦੀ ਪੱਕੀ ਨੌਕਰੀ ਕਰਨ ਲੱਗਦਾ ਹੈ। ਇਹ ਨਾਵਲ ਸਾਧਾਰਨ ਪਾਤਰਾਂ ਦੀ ਸਧਾਰਨਤਾ ਦਾ ਪ੍ਰਗਟਾਵਾ ਕਰਦਿਆਂ ਸਬਰ ਸੰਤੋਖ ਤੇ ਮਿਹਨਤ ਵੱਲ ਪ੍ਰੇਰਦਾ ਹੈ। ਸਰਲ ਭਾਸ਼ਾ ਵਿਚ ਰਚਿਆ ਬਿਰਤਾਂਤ ਸਹਿਜ ਤੇ ਸੁਹਜ ਨਾਲ ਅਗਾਂਹ ਤੁਰਦਾ ਜਾਂਦਾ ਹੈ।




• ਕੇ. ਐੱਲ. ਗਰਗ

| | | | |
|---|---|---|---|
| ਪੁਸਤਕ | : ਜੰਡਾ ਵੇ ਜੰਡੋਰਿਆ | ਪੰਨੇ | : 120 |
| ਲੇਖਕ | : ਭੂਰਾ ਸਿੰਘ ਕਲੇਰ, 98726-39669 | ਮੁੱਲ | : 200/- |
| ਪ੍ਰਕਾਸ਼ਕ | : ਲੋਕਰੰਗ ਪ੍ਰਕਾਸ਼ਨ, ਬਰਨਾਲਾ। | | |

ਪੁਸਤਕ ਦਾ ਲੇਖਕ ਮੁੱਖ ਤੌਰ 'ਤੇ ਗੀਤਕਾਰ ਹੈ। ਉਸ ਦੀਆਂ ਗੀਤਾਂ ਦੀਆਂ ਗਿਆਰਾਂ ਪੁਸਤਕਾਂ ਤੇ ਇਕ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਇਸ ਨਵ-ਪ੍ਰਕਾਸ਼ਿਤ ਪੁਸਤਕ 'ਚ ਇਕਾਹਠ ਗ਼ਜ਼ਲਾਂ ਤੇ ਇਕ ਦਰਜਨ ਰੁਬਾਈਆਂ ਸ਼ਾਮਲ ਹਨ। ਗੁਰਭਜਨ ਗਿੱਲ ਨੇ ਸ਼ਾਇਰ ਨੂੰ ਚੌਗਿਰਦੇ ਦਾ ਚਿੰਤਕ ਲਿਖਿਆ ਹੈ। ਮਾਨਵਤਾ ਉਸ ਦੀ ਰਚਨਾ ਦਾ ਕੇਂਦਰ ਬਿੰਦੂ ਹੈ। ਲੁਕਾਈ ਦਾ ਦਰਦ, ਸ਼ਿਕਵੇ ਸ਼ਿਕਾਇਤਾਂ, ਰੀਝਾਂ, ਚਾਅ, ਉਦਰੇਵੇਂ, ਹਾਉਕੇ ਹਾਵੇ ਦੇ ਪ੍ਰਭਾਵਾਂ ਵਾਲਾ ਸ਼ਾਇਰ ਕਿਹਾ ਹੈ। ਸੰਪਾਦਕ ਸੁਲੇਖ ਸਾਥੀ ਨੇ ਸ਼ਾਇਰੀ ਦੇ ਆਧਾਰ 'ਤੇ ਕਵੀ ਮਾਣਕ ਨੂੰ ਮਾਨਵਤਾ ਦਾ ਕਵੀ ਮੰਨਿਆ ਹੈ। ਆਸ਼ੀ ਈਸਪੁਰੀ ਤੇ ਪ੍ਰਸਿੱਧ ਆਲੋਚਕ ਬਿਕਰਮਜੀਤ ਨੂਰ ਨੇ ਸ਼ਾਇਰ ਬਾਰੇ ਸੰਜੀਦਾ ਵਿਚਾਰ ਪੇਸ਼ ਕੀਤੇ ਹਨ। ਉਸਤਾਦ ਸ਼ਾਇਰ ਵਿਜੇ ਵਿਵੇਕ ਨੇ ਪੁਸਤਕ ਟਾਈਟਲ ਤੇ ਸ਼ਾਇਰੀ ਬਾਰੇ ਚਿੰਤਨਸ਼ੀਲ ਵਿਚਾਰ ਲਿਖੇ ਹਨ। ਸ਼ਾਇਰ ਦਾ ਪਰਿਵਾਰ ਵੀ ਸਿਰਜਨਾਤਮਕ ਰੁਚੀਆਂ ਵਾਲਾ ਹੈ। ਉਸ ਦਾ ਵੀਰ ਬਚਿੱਤਰ ਪਾਰਸ ਉੱਘਾ ਗੀਤਕਾਰ ਹੈ। ਸਾਹਿਤ ਸਭਾ ਧੂਰੀ ਦੇ ਸੰਜੇ ਲਹਿਰੀ ਦੇ ਸ਼ਬਦਾਂ 'ਚ ਕਵੀ ਚਾਨਣ ਦਾ ਵਣਜਾਰਾ ਹੈ, ਜੋ ਸ਼ਬਦਾਂ ਦਾ ਸੂਰਜ ਵੰਡਦਾ ਹੈ।

ਗ਼ਜ਼ਲਾਂ ਦੇ ਸ਼ਿਅਰ ਮਨੁੱਖੀ ਸੰਵੇਦਨਾ ਦੀ ਗਵਾਹੀ ਹਨ। ਪੰਨਾ 22 ਦੀ ਗ਼ਜ਼ਲ ਤੋਂ ਕਿਤਾਬ ਦੇ ਸਿਰਲੇਖ ਦਾ ਸ਼ਿਅਰ ਹੈ, 'ਨਹੀਂ ਰਾਤ ਨੂੰ ਵੀ ਸੌਂਦੇ ਪ੍ਰੀਤਾਂ ਦੇ ਗੀਤ ਗਾਉਂਦੇ, ਚਹਿਕਣ ਸੁਬ੍ਹਾ ਸਵੇਰੇ ਅਹਿਸਾਸ ਦੇ ਪਰਿੰਦੇ। ਅਲੰਕਾਰਾਂ ਦੀ ਖ਼ੂਬਸੂਰਤੀ, ਕੁਦਰਤੀ ਨਜ਼ਾਰੇ, ਸੁਹਜਮਈ ਪ੍ਰਤੀਕ, ਪਿਆਰੇ ਅਹਿਸਾਸ ਸੁਹਜਮਈ ਬਿੰਬ ਗ਼ਜ਼ਲਾਂ ਦੀ ਸ਼ਾਨ ਹਨ।




ਗ਼ਜ਼ਲਾਂ ਵਿਚ ਸ਼ਾਇਰ ਨੇ ਸੇਵਾ, ਪਰਉਪਕਾਰ, ਸੱਚਾਈ, ਅਮੀਰੀ, ਗ਼ਰੀਬੀ, ਸਾਦਗੀ ਮੁਹੱਬਤ, ਸੁੱਖ-ਦੁੱਖ ਰਿਸ਼ਤਿਆਂ ਦੀ ਪਾਕੀਜ਼ਗੀ, ਮਹਿੰਗਾਈ ਰਿਸ਼ਵਤਖੋਰੀ, ਦੋਸਤੀ ਦੁਸ਼ਮਣੀ, ਵਿਗਿਆਨਕ ਯੁੱਗ ਵਿਚ ਵੀ ਅਗਿਆਨਤਾ ਦਾ ਹਨੇਰਾ ਆਦਿ ਵਿਸ਼ੇ ਨਿਭਾਏ ਹਨ। ਰੁਬਾਈ ਦਾ ਰੰਗ ਵੇਖੋ -ਨਾ ਘੁਗੀਆਂ ਤੋਂ ਖ਼ਤਰਾ ਨਾ ਕਾਵਾਂ ਤੋਂ ਖ਼ਤਰਾ/ਨਾ ਧੁਪਾਂ ਤੋਂ ਖ਼ਤਰਾ, ਨਾ ਛਾਵਾਂ ਤੋਂ ਖ਼ਤਰਾ/ਖ਼ਤਰਾ ਹੈ ਮਨੁੱਖਤਾ ਨੂੰ ਮਾਣਕ ਉਹ ਸੱਤਾ ਦੇ ਹੀ ਭੁੱਖੇ ਨੇਤਾਵਾਂ ਤੋਂ ਖ਼ਤਰਾ (ਪੰਨਾ 87) ਪੰਜਾਬੀ ਗ਼ਜ਼ਲਕਾਰੀ ਵਿਚ ਪੁਸਤਕ ਮਹਤੱਵਪੂਰਨ ਸੌਗਾਤ ਹੈ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

| | | | |
|---|---|---|---|
| ਪੁਸਤਕ | : ਅਹਿਸਾਸ ਦੇ ਪਰਿੰਦੇ | ਪੰਨੇ | : 98 |
| ਲੇਖਕ | : ਬਿੱਕਰ ਮਾਣਕ | ਮੁੱਲ | : 200/- |
| ਪ੍ਰਕਾਸ਼ਕ | : ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ। | | |

# ਹੁਣ ਸਕੂਲਾਂ 'ਚ ਮਿਡ ਡੇ ਮੀਲ ਦੇ ਨਾਲ ਮਿਲਣਗੇ ਸਨੈਕਸ, ਸਰਕਾਰ ਨੇ ਦਿੱਤੀ ਮਨਜ਼ੂਰੀ

**ਏਜੰਸੀਆਂ**

ਨੈਸਨਲ ਡੈਸਕ 12 ਨਵੰਬਰ। ਉੱਤਰ ਪ੍ਰਦੇਸ ਦੇ ਸਰਕਾਰੀ ਸਕੂਲਾਂ 'ਚ ਮਿਡ-ਡੇ-ਮੀਲ ਤੋਂ ਇਲਾਵਾ ਬੱਚਿਆਂ ਨੂੰ ਪੌਸਟਿਕ ਨਾਸਤਾ ਵੀ ਦਿੱਤਾ ਜਾਵੇਗਾ। ਇਹ ਨਾਸਤਾ ਹਫਤਾਵਾਰੀ ਪੋਸਣ ਪ੍ਰੋਗਰਾਮ ਤਹਿਤ ਹਰ ਹਫਤੇ ਇੱਕ ਦਿਨ ਦਿੱਤਾ ਜਾਵੇਗਾ। ਇਸ ਸਕੀਮ



ਤਹਿਤ ਵਿਦਿਆਰਥੀਆਂ ਨੂੰ ਬਾਜਰੇ ਦੇ ਲੱਡੂ, ਮੂੰਗਫਲੀ ਦੀ ਚਿੱਕੀ ਅਤੇ ਭੁੰਨੇ ਹੋਏ ਛੋਲੇ ਦਿੱਤੇ ਜਾਣਗੇ। ਇਸ ਨਵੀਂ ਪਹਿਲਕਦਮੀ ਲਈ ਸੂਬਾ ਸਰਕਾਰ ਨੇ ਪਹਿਲੇ ਪੜਾਅ ਵਿੱਚ 95 ਕਰੋੜ ਰੁਪਏ ਮਨਜ਼ੂਰ ਕੀਤੇ ਹਨ ਅਤੇ ਇਹ ਸਕੀਮ ਨਵੰਬਰ ਤੋਂ ਸੁਰੂ ਹੋ ਜਾਵੇਗੀ। ਯੂਪੀ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਹੁਣ ਵੀਰਵਾਰ ਨੂੰ ਮਿਡ-ਡੇ-ਮੀਲ ਦੇ ਨਾਲ ਪੌਸਟਿਕ ਨਾਸਤਾ ਮਿਲੇਗਾ। ਇਸ ਨਾਸਤੇ ਵਿੱਚ ਮੂੰਗਫਲੀ ਦੀ ਚਿੱਕੀ, ਬਾਜਰੇ ਦੇ ਲੱਡੂ ਅਤੇ ਭੁੰਨੇ ਹੋਏ ਛੋਲੇ ਸਾਮਲ ਹੋਣਗੇ, ਜਿਨ੍ਹਾਂ ਦੀ ਚੋਣ ਠੰਡੇ ਮੌਸਮ ਅਤੇ ਬੱਚਿਆਂ ਦੀ ਪਸੰਦ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਹੈ। ਇਸ ਯੋਜਨਾ ਨੂੰ ਲੈ ਕੇ ਬੇਸਿਕ ਐਜੂਕੇਸਨ ਵਿਭਾਗ ਦੀ ਸਮੀਖਿਆ ਬੈਠਕ 'ਚ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਨਿਰਦੇਸ ਦਿੱਤੇ ਸਨ ਕਿ ਇਸ ਨੂੰ ਨਵੰਬਰ ਤੋਂ ਲਾਗੂ ਕੀਤਾ ਜਾਵੇ। ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਹੁਣ ਤੱਕ 1.74 ਕਰੋੜ ਵਿਦਿਆਰਥੀਆਂ ਨੂੰ ਪ੍ਰਧਾਨ ਮੰਤਰੀ ਪੋਸਣ ਯੋਜਨਾ ਤਹਿਤ ਮਿਡ-ਡੇ-ਮੀਲ ਦਿੱਤਾ ਜਾ ਰਿਹਾ ਹੈ। ਇਸ ਸਕੀਮ ਵਿੱਚ ਹਰ ਰੋਜ ਵੱਖ-ਵੱਖ ਤਰ੍ਹਾਂ ਦਾ ਪੌਸਟਿਕ ਭੋਜਨ ਦਿੱਤਾ ਜਾਂਦਾ ਹੈ, ਜਿਸ ਨਾਲ ਬੱਚਿਆਂ ਦੀ ਰੁਚੀ ਬਣੀ ਰਹਿੰਦੀ ਹੈ। ਹੁਣ ਇਸ ਸਕੀਮ 'ਚ ਇੱਕ ਨਵਾਂ ਨਾਸਤਾ ਜੋੜਿਆ ਜਾਵੇਗਾ, ਜਿਸ ਨਾਲ ਬੱਚਿਆਂ ਨੂੰ ਹੋਰ ਵੀ ਪੋਸਣ ਮਿਲੇਗਾ। ਇਸ ਸਕੀਮ ਤਹਿਤ ਸੂਬੇ ਭਰ ਵਿੱਚ 3.72 ਲੱਖ ਰਸੋਈਏ ਨਿਯੁਕਤ ਕੀਤੇ ਗਏ ਹਨ, ਜੋ ਬੱਚਿਆਂ ਲਈ ਪੌਸਟਿਕ ਅਤੇ ਸਵਾਦਿਸਟ ਭੋਜਨ ਤਿਆਰ ਕਰਨਗੇ। ਇਨ੍ਹਾਂ ਰਸੋਈਏ ਨੂੰ ਹਰ ਮਹੀਨੇ 2000 ਰੁਪਏ ਮਾਣ ਭੱਤਾ ਮਿਲੇਗਾ ਅਤੇ ਉਨ੍ਹਾਂ ਨੂੰ ਸਾਲ ਵਿੱਚ ਇੱਕ ਵਾਰ ਵਰਦੀ ਲਈ 500 ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਇਨ੍ਹਾਂ ਰਸੋਈਏ ਨੂੰ ਸਿਖਲਾਈ ਵੀ ਦਿੱਤੀ ਜਾਵੇਗੀ ਤਾਂ ਜੋ ਉਹ ਬੱਚਿਆਂ ਲਈ ਵਧੀਆ ਖਾਣਾ ਤਿਆਰ ਕਰ ਸਕਣ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਨਿਰਦੇਸ ਦਿੱਤੇ ਹਨ ਕਿ ਇਸ ਯੋਜਨਾ ਦੀ ਨਿਯਮਤ ਤੌਰ 'ਤੇ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ ਅਤੇ ਨਾਸਤੇ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਸੋਸਲ ਆਡਿਟ ਵੀ ਕਰਵਾਇਆ ਜਾਣਾ ਚਾਹੀਦਾ ਹੈ।

# 40 ਕੁਆਰੀਆਂ ਕੁੜੀਆਂ ਗਰਭਵਤੀ ! ਪਿੰਡ 'ਚ ਮਚ ਗਈ ਹਲਚਲ, ਜਾਣੋ ਕਿਵੇਂ ਹੋਇਆ ਖੁਲਾਸਾ

**ਸਰਦੂਲ ਸਿੰਘ**

ਨੈਸਨਲ ਡੈਸਕ 12 ਨਵੰਬਰ। ਵਾਰਾਨਸੀ ਦੇ ਮਲਹੀਆ ਪਿੰਡ 'ਚ ਇਕ ਅਜੀਬ ਮਾਮਲਾ ਸਾਹਮਣੇ ਆਇਆ ਹੈ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੁਆਰਾ 40 ਕੁਆਰੀਆਂ ਲੜਕੀਆਂ ਨੂੰ ਗਰਭਵਤੀ ਘੋਸ਼ਿ?ਤ ਕੀਤਾ ਗਿਆ ਸੀ। ਇਹ ਘਟਨਾ ਉਦੋਂ ਵਾਪਰੀ ਜਦੋਂ ਲੜਕੀਆਂ ਨੂੰ ਇਹ ਸੂਚਿਤ ਕਰਨ ਵਾਲਾ ਸੁਨੇਹਾ ਮਿਲਿਆ ਕਿ ਉਹ ਪੋਸਣ ਟਰੈਕਰ ਵਿੱਚ ਸਫਲਤਾਪੂਰਵਕ ਰਜਿਸਟਰ ਹੋ ਗਈਆਂ ਹਨ ਅਤੇ ਆਂਗਣਵਾੜੀ ਕੇਂਦਰ ਤੋਂ ਗਰਭਵਤੀ ਔਰਤਾਂ ਲਈ ਸੇਵਾਵਾਂ ਜਿਵੇਂ ਕਿ ਦੁੱਧ ਚੁੰਘਾਉਣਾ, ਸਿਹਤ ਜਾਂਚ, ਟੀਕਾਕਰਨ ਅਤੇ ਪੌਸਟਿਕ ਭੋਜਨ ਪ੍ਰਾਪਤ ਕਰ ਸਕਦੀਆਂ ਹਨ। ਇਹ ਸੁਨੇਹਾ ਮਿਲਣ ਤੋਂ ਬਾਅਦ ਲੜਕੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਦਹਿਸਤ ਫੈਲ ਗਈ। ਇਸ ਮਾਮਲੇ ਦੀ ਸੂਚਨਾ ਪਿੰਡ ਦੇ ਮੁਖੀ ਰਾਹੀਂ ਮੁੱਖ ਵਿਕਾਸ ਅਧਿਕਾਰੀ (ਸੀਡੀਓ) ਨੂੰ ਦਿੱਤੀ ਗਈ ਅਤੇ ਫਿਰ ਜਾਂਚ ਸੁਰੂ ਕੀਤੀ ਗਈ। ਜਾਂਚ 'ਚ ਸਾਹਮਣੇ ਆਇਆ ਕਿ ਆਂਗਣਵਾੜੀ ਵਰਕਰ ਨੇ ਗਲਤੀ ਨਾਲ ਇਨ੍ਹਾਂ ਲੜਕੀਆਂ ਨੂੰ ਗਰਭਵਤੀ ਔਰਤਾਂ ਦੀ ਰਜਿਸਟਰੇਸਨ ਪ੍ਰਣਾਲੀ 'ਚ ਦਰਜ ਕਰ ਲਿਆ ਸੀ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀਆਂ ਸੇਵਾਵਾਂ ਆਮ ਤੌਰ 'ਤੇ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਲਈ ਹੁੰਦੀਆਂ ਹਨ, ਪਰ ਇੱਕ



ਮਨੁੱਖੀ ਗਲਤੀ ਕਾਰਨ ਆਂਗਣਵਾੜੀ ਵਰਕਰ ਨੇ ਵੋਟਰ ਰਜਿਸਟ੍ਰੇਸਨ ਲਈ ਰਜਿਸਟਰ ਕਰ ਰਹੀਆਂ ਲੜਕੀਆਂ ਨੂੰ ਨਿਊਟ੍ਰੀਸਨ ਟਰੈਕਰ 'ਚ ਦਰਜ ਕਰ ਕੇ ਇਹ ਸੰਦੇਸ ਭੇਜ ਦਿੱਤਾ ਕਿ ਉਹ ਗਰਭਵਤੀ ਹਨ। ਮੈਸੇਜ 'ਚ ਲਿਖਿਆ ਸੀ ਕਿ ਵਧਾਈਆਂ! ਤੁਹਾਡੇ ਬੱਚੇ ਨੂੰ ਨਿਊਟ੍ਰੀਸਨ ਟਰੈਕਰ ਵਿੱਚ ਸਫਲਤਾਪੂਰਵਕ ਰਜਿਸਟਰ ਕੀਤਾ ਗਿਆ ਹੈ ਅਤੇ ਤੁਸੀਂ ਆਂਗਣਵਾੜੀ ਕੇਂਦਰ ਤੋਂ ਦੁੱਧ ਚੁੰਘਾਉਣ ਦੀ ਸਲਾਹ, ਵਿਕਾਸ ਮਾਪ, ਸਿਹਤ ਸੇਵਾਵਾਂ ਅਤੇ ਟੀਕੇ ਲੈ ਸਕਦੇ ਹੋ। ਇਸ ਤੋਂ ਇਲਾਵਾ ਇੱਕ ਹੋਰ ਸੰਦੇਸ ਵਿੱਚ ਇਹ ਵੀ ਕਿਹਾ ਗਿਆ ਕਿ ਇਨ੍ਹਾਂ ਲੜਕੀਆਂ ਨੂੰ ਟੇਕ ਹੋਮ ਰਾਸਨ () ਦਿੱਤਾ ਗਿਆ ਹੈ। ਪਿੰਡ ਦੇ ਮੁਖੀ ਦੇ ਪਤੀ ਅਮਿਤ ਪਟੇਲ ਨੇ ਦੱਸਿਆ ਕਿ ਇਹ ਸੁਨੇਹਾ ਮਿਲਣ ਤੋਂ ਬਾਅਦ ਉਹ ਚਿੰਤਤ ਹੋ ਗਏ ਅਤੇ ਆਂਗਣਵਾੜੀ ਵਰਕਰ ਨੂੰ ਇਸ ਬਾਰੇ ਪੁੱਛਿਆ। ਕਾਰਕੁਨ ਨੇ ਇਸ ਗਲਤੀ ਨੂੰ ਸਵੀਕਾਰ ਕਰ ਲਿਆ ਪਰ ਜਦੋਂ ਇਹ ਸੰਦੇਸ 35-40 ਲੜਕੀਆਂ ਨੂੰ ਭੇਜਿਆ ਗਿਆ ਤਾਂ ਸਵਾਲ ਇਹ ਉੱਠਦਾ ਹੈ ਕਿ ਇੰਨੀ ਵੱਡੀ ਗਲਤੀ ਕਿਵੇਂ ਹੋ ਸਕਦੀ ਹੈ। ਪ੍ਰਧਾਨ ਨੇ ਕਿਹਾ ਕਿ ਇਸ ਮਾਮਲੇ ਦੀ ਸ਼ਿ?ਕਾਇਤ ਸੀ.ਡੀ.ਪੀ.ਓ. ਨੂੰ ਕੀਤੀ ਗਈ ਹੈ ਅਤੇ ਉਨ੍ਹਾਂ ਨੇ ਸਰਕਾਰ ਤੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਂਗਣਵਾੜੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਜਿਹੀਆਂ ਗਲਤੀਆਂ ਨਹੀਂ ਹੋਣੀਆਂ ਚਾਹੀਦੀਆਂ, ਕਿਉਂਕਿ ਸਰਕਾਰ ਦੀ ਪੋਸਣ ਯੋਜਨਾ ਸਹੀ ਢੰਗ ਨਾਲ ਲੋੜਵੰਦਾਂ ਤੱਕ ਪੁੱਜਣੀ ਚਾਹੀਦੀ ਹੈ।

## ਸ਼ਰਾਬ ਦੇ ਨਸ਼ੇ ਨੇ ਭੁਲਾਈ ਸੁਰਤ, ਗਰਮ ਦੁੱਧ ਦੀ ਕੜਾਹੀ 'ਚ ਡਿੱਗਿਆ ਨੌਜਵਾਨ

ਨੈਸਨਲ ਡੈਸਕ 12 ਨਵੰਬਰ। ਕਾਨਪੁਰ ਦੇ ਬਾਬੂ ਪੁਰਵਾ ਇਲਾਕੇ 'ਚ ਸਨੀਵਾਰ ਰਾਤ ਨਸੇ ਦੀ ਹਾਲਤ 'ਚ ਇਕ ਨੌਜਵਾਨ ਦੁੱਧ ਦੀ ਕੜਾਹੀ 'ਚ ਡਿੱਗ ਗਿਆ, ਜਿਸ ਕਾਰਨ ਉਹ ਬੁਰੀ ਤਰ੍ਹਾਂ ਨਾਲ ਝੁਲਸ ਗਿਆ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਹ ਘਟਨਾ ਦੁਕਾਨ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋ ਗਈ। ਇਹ ਘਟਨਾ ਕਾਨਪੁਰ ਦੇ ਕਿਦਵਈ ਨਗਰ ਚੌਰਾਹੇ ਨੇੜੇ ਸਥਿਤ ਹਰੀ ਓਮ ਸਵੀਟਸ ਦੀ ਦੁਕਾਨ 'ਤੇ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਸੁਮੇਰਪੁਰ (ਹਮੀਰਪੁਰ) ਦਾ ਰਹਿਣ ਵਾਲਾ ਮਨੋਜ ਕੁਮਾਰ ਸਰਾਬ ਪੀ ਕੇ ਦੁਕਾਨ 'ਤੇ ਆਇਆ ਅਤੇ ਦੁੱਧ ਦੀ ਕੜਾਹੀ ਕੋਲ ਖੜ੍ਹਾ ਸੀ। ਉਸ ਨੇ ਅਚਾਨਕ ਕੜਾਹੀ 'ਚ ਹੱਥ ਪਾ ਲਿਆ, ਜਿਸ ਕਾਰਨ ਪੈਨ ਪਲਟ ਗਿਆ ਅਤੇ ਦੁੱਧ ਨੌਜਵਾਨ 'ਤੇ ਡਿੱਗ ਪਿਆ। ਇਸ ਹਾਦਸੇ ਵਿੱਚ ਉਹ ਗੰਭੀਰ ਰੂਪ ਵਿੱਚ ਝੁਲਸ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਨੌਜਵਾਨ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਪਰ ਐਤਵਾਰ ਨੂੰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮਨੋਜ ਕੁਮਾਰ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਕਾਨਪੁਰ 'ਚ ਇਕੱਲਾ ਰਹਿੰਦਾ ਸੀ ਅਤੇ ਸਨੀਵਾਰ ਰਾਤ ਨੂੰ ਦੁਕਾਨ 'ਤੇ ਨਾਸਤਾ ਕਰਨ ਗਿਆ ਸੀ।




ਕੜਾਹੀ ਡਿੱਗਣ ਦੀ ਘਟਨਾ ਬਾਰੇ ਉਸ ਨੂੰ ਪਤਾ ਨਹੀਂ ਹੈ। ਪੁਲਸ ਨੇ ਐਤਵਾਰ ਸਵੇਰੇ ਦੱਸਿਆ ਕਿ ਉਸ ਦੇ ਬੇਟੇ ਦੀ ਮੌਤ ਹੋ ਗਈ। ਦੁਕਾਨ ਮਾਲਕ ਜਤਿੰਦਰ ਸਾਹੂ ਨੇ ਦੱਸਿਆ ਕਿ ਨੌਜਵਾਨ ਸਾਮ ਤੋਂ ਸਰਾਬ ਦੇ ਨਸੇ 'ਚ ਧੁੱਤ ਸੀ ਅਤੇ ਦੋ ਵਾਰ ਦੁਕਾਨ ਨੇੜੇ ਆਇਆ ਤਾਂ ਉਸ ਉਥੋਂ ਭਜਾ ਦਿੱਤਾ। ਬਾਅਦ 'ਚ ਉਹ ਫਿਰ ਦੁਕਾਨ 'ਤੇ ਆਇਆ ਅਤੇ ਸਰਾਬੀ ਹਾਲਤ 'ਚ ਕੜਾਹੀ ਦੇ ਨੇੜੇ ਚਲਾ ਗਿਆ। ਇਸ ਦੌਰਾਨ ਕੜਾਬੀ ਪਲਟ ਗਈ। ਉਨ੍ਹਾਂ ਨੌਜਵਾਨ 'ਤੇ ਪਾਣੀ ਪਾ ਦਿੱਤਾ ਅਤੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਨੇ ਨੌਜਵਾਨ ਨੂੰ ਐਂਬੂਲੈਂਸ ਰਾਹੀਂ ਉਰਸਾਲਾ ਹਸਪਤਾਲ ਭੇਜਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਸਰਾਬੀ ਨੌਜਵਾਨ ਖੁਦ ਕੜਾਬੀ ਦੇ ਨੇੜੇ ਚਲਾ ਗਿਆ ਸੀ, ਜਿਸ ਕਾਰਨ ਕੜਾਹੀ ਪਲਟ ਗਈ ਅਤੇ ਉਸ ਦੀ ਮੌਤ ਹੋ ਗਈ। ਇਹ ਸਾਰੀ ਘਟਨਾ ਦੁਕਾਨ ਦੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ।

## ਉਦੈਪੁਰ ਦੇ ਸਾਹੀ ਪਰਿਵਾਰ ਦੇ ਸਾਬਕਾ ਮੈਂਬਰ ਮਹਿੰਦਰ ਸਿੰਘ ਮੇਵਾੜ ਦਾ ਦਿਹਾਂਤ

ਨੈਸ਼ਨਲ ਡੈਸਕ 12 ਨਵੰਬਰ। ਸਾਬਕਾ ਸੰਸਦ ਮੈਂਬਰ ਅਤੇ ਸਾਬਕਾ ਮੇਵਾੜ ਸਾਹੀ ਪਰਿਵਾਰ ਦੇ ਮੈਂਬਰ ਮਹਿੰਦਰ ਸਿੰਘ ਮੇਵਾੜ ਦਾ ਐਤਵਾਰ ਨੂੰ ਉਦੈਪੁਰ ਦੇ ਇਕ ਨਿੱਜੀ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਹ 83 ਸਾਲਾਂ ਦੇ ਸਨ। ਮਹਾਨ ਯੋਧਾ ਮਹਾਰਾਣਾ ਪ੍ਰਤਾਪ ਦੇ ਵੰਸਜ ਮਹਿੰਦਰ ਸਿੰਘ ਮੇਵਾੜ ਪਿਛਲੇ ਕਈ ਦਿਨਾਂ ਤੋਂ ਉਦੈਪੁਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਸਨ। ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਐਤਵਾਰ ਨੂੰ ਉਨ੍ਹਾਂ ਨੇ ਆਖਰੀ ਸਾਹ ਲਿਆ। ਮੁੱਖ ਮੰਤਰੀ ਭਜਨ ਲਾਲ ਸਰਮਾ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਪ੍ਰਧਾਨ ਮਦਨ ਰਾਠੌਰ ਅਤੇ ਚਿਤੌੜਗੜ੍ਹ ਦੇ ਸੰਸਦ ਮੈਂਬਰ ਸੀਪੀ ਜੋਸੀ ਸਮੇਤ ਕਈ ਨੇਤਾਵਾਂ ਨੇ ਮਹਿੰਦਰ ਸਿੰਘ ਮੇਵਾੜ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਰਮਾ ਨੇ 'ਐਕਸ' 'ਤੇ ਲਿਖਿਆ, "ਸਾਬਕਾ ਸੰਸਦ ਮੈਂਬਰ ਮਹਾਰਾਣਾ ਮਹਿੰਦਰ ਸਿੰਘ ਮੇਵਾੜ ਦੇ ਦਿਹਾਂਤ ਦੀ ਖਬਰ ਸੁਣ ਕੇ ਦੁਖੀ ਹਾਂ। ਪ੍ਰਮਾਤਮਾ ਤੋਂ ਪ੍ਰਾਰਥਨਾ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਥਾਨ ਪ੍ਰਦਾਨ ਕਰਨ ਅਤੇ ਪਰਿਵਾਰ ਨੂੰ ਇਹ ਅਥਾਹ ਦੁੱਖ ਸਹਿਣ ਦਾ ਬਲ ਬਖਸਣ। ਦੱਸਣਯੋਗ ਹੈ ਕਿ ਮੇਵਾੜ 1989 ਵਿਚ ਭਾਜਪਾ ਦੇ ਉਮੀਦਵਾਰ ਵਜੋਂ ਚਿਤੌੜਗੜ੍ਹ ਸੰਸਦੀ ਸੀਟ ਤੋਂ ਲੋਕ ਸਭਾ ਲਈ ਚੁਣੇ ਗਏ ਸਨ। ਉਨ੍ਹਾਂ ਦਾ ਪੁੱਤਰ ਵਿਸਵਰਾਜ ਸਿੰਘ ਨਾਥਦੁਆਰਾ ਵਿਧਾਨ ਸਭਾ ਹਲਕੇ ਤੋਂ ਭਾਜਪਾ ਵਿਧਾਇਕ ਹੈ ਅਤੇ ਨੂੰਹ ਮਹਿਮਾ ਕੁਮਾਰੀ ਰਾਜਸਮੰਦ ਲੋਕ ਸਭਾ ਸੀਟ ਤੋਂ ਭਾਜਪਾ ਦੀ ਸੰਸਦ ਮੈਂਬਰ ਹੈ।

# ਭਗਵਾ ਰੰਗ 'ਚ ਰੰਗੇ ਜਾਣਗੇ ਸਰਕਾਰੀ ਕਾਲਜ

**ਕਿਸ਼ਨ ਪਾਲ**

ਜੈਪੁਰ 12 ਨਵੰਬਰ। ਕਾਇਆਕਲਪ ਯੋਜਨਾ ਦੇ ਤਹਿਤ 20 ਸਰਕਾਰੀ ਕਾਲਜਾਂ ਨੂੰ ਆਪਣੀਆਂ ਇਮਾਰਤਾਂ ਅਤੇ ਪ੍ਰਵੇਸ ਹਾਲਾਂ ਦੇ ਅਗਲੇ ਹਿੱਸੇ ਨੂੰ ਭਗਵਾ ਰੰਗ ਵਿਚ ਪੇਂਟ ਕਰਨ ਦੇ ਆਦੇਸ਼ ਦਿੱਤੇ ਹਨ, ਜਿਸ ਨਾਲ ਵਿਦਿਅਕ ਸੰਸਥਾਵਾਂ ਦੇ ਵਾਤਾਵਰਣ ਵਿਚ ਸਕਾਰਾਤਮਕਤਾ ਆਵੇਗੀ। 'ਕਾਇਆਕਲਪ' ਯੋਜਨਾ ਦੇਸ ਵਿਚ ਜਨਤਕ ਸਿਹਤ ਸੁਵਿਧਾਵਾਂ ਵਿਚ ਸਫਾਈ, ਸਵੱਛਤਾ ਅਤੇ ਇਨਫੈਕਸ਼ਨ ਕੰਟਰੋਲ ਨੂੰ ਉਤਸਾਹਿਤ ਕਰਨ ਲਈ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਦੀ ਇਕ ਰਾਸਟਰੀ ਪਹਿਲ ਹੈ। ਇਸ ਦੇ ਨਾਲ ਹੀ ਵਿਰੋਧੀ ਧਿਰ ਕਾਂਗਰਸ ਨੇ ਸੂਬਾ ਸਰਕਾਰ ਦੇ ਇਸ ਕਦਮ ਦੀ ਆਲੋਚਨਾ ਕਰਦਿਆਂ ਇਸ ਨੂੰ ਵਿਦਿਅਕ ਅਦਾਰਿਆਂ ਦਾ ਸਿਆਸੀਕਰਨ ਕਰਨ ਦੀ ਕੋਸਿ?ਸ ਦੱਸਿਆ ਹੈ। ਰਾਜਸਥਾਨ ਕਾਲਜ ਸਿੱਖਿਆ ਕਮਿਸਨਰੇਟ ਨੇ ਇਹ ਆਦੇਸ਼ ਜਾਰੀ ਕੀਤਾ ਹੈ। ਕਾਲਜ ਸਿੱਖਿਆ ਵਿਭਾਗ ਦੇ ਸੰਯੁਕਤ ਡਾਇਰੈਕਟਰ (ਯੋਜਨਾ) ਵਿਜੇਂਦਰ ਕੁਮਾਰ ਸਰਮਾ ਨੇ ਪਿਛਲੇ ਮਹੀਨੇ ਇਸ ਸਬੰਧੀ ਹੁਕਮ ਜਾਰੀ ਕੀਤਾ ਸੀ। ਇਸ ਤਹਿਤ ਕਾਲਜ ਦੀਆਂ ਇਮਾਰਤਾਂ ਦੇ ਸਾਹਮਣੇ ਅਤੇ ਪ੍ਰਵੇਸ ਦੁਆਰ ਦਾ ਰੰਗ 'ਵਾਈਟ ਗੋਲਡ' ਅਤੇ 'ਓਰੇਂਜ ਕਰਾਊਨ' ਕੀਤਾ ਜਾਵੇਗਾ। ਆਦੇਸ 'ਚ ਕਿਹਾ ਗਿਆ ਹੈ,"ਕਾਲਜ ਉੱਚ ਸਿੱਖਿਆ ਦੇ ਮੁੱਖ ਕੇਂਦਰ ਹਨ। ਕਾਲਜ ਦਾ ਅਕਾਦਮਿਕ ਮਾਹੌਲ ਅਤੇ ਦ੍ਰਿਸ਼ ਅਜਿਹਾ ਹੋਣਾ ਚਾਹੀਦਾ ਹੈ ਕਿ ਵਿਦਿਆਰਥੀ ਕਾਲਜ 'ਚ ਪ੍ਰਵੇਸ਼ ਕਰਦੇ ਹੀ ਸਕਾਰਾਤਮਕ ਮਹਿਸੂਸ ਕਰਨ। ਉੱਚ ਸਿੱਖਿਆ ਬਾਰੇ ਸਮਾਜ 'ਚ ਇਕ ਚੰਗਾ ਸੁਨੇਹਾ ਜਾਣਾ




ਚਾਹੀਦਾ ਹੈ ਅਤੇ ਇਸ ਲਈ ਕਾਲਜਾਂ 'ਚ ਇਕ ਸਕਾਰਾਤਮਕ, ਸਾਫ-ਸੁਥਰਾ, ਸਿਹਤਮੰਦ ਅਤੇ ਵਿੱਦਿਅਕ ਮਾਹੌਲ ਸਿਰਜਣ ਲਈ ਕਾਲਜਾਂ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ।" ਸੰਯੁਕਤ ਡਾਇਰੈਕਟਰ ਦੇ ਆਦੇਸ਼ 'ਚ ਕਿਹਾ ਗਿਆ ਹੈ ਕਿ ਸਕੀਮ ਦੇ ਪਹਿਲੇ ਪੜਾਅ 'ਚ ਹਰੇਕ ਡਿਵੀਜਨ ਦੇ 2 ਸਰਕਾਰੀ ਕਾਲਜ ਸਾਮਲ ਹਨ ਅਤੇ 20 ਕਾਲਜਾਂ ਦੀਆਂ ਇਮਾਰਤਾਂ ਦੇ ਸਾਹਮਣੇ ਦੇ ਹਿੱਸੇ ਅਤੇ ਪ੍ਰਵੇਸ ਹਾਲਾਂ ਨੂੰ 'ਏਸੀਅਨ ਪੇਂਟਸ ਵ੍ਹਾਈਟ ਗੋਲਡ 8292' ਅਤੇ 'ਏਸੀਅਨ ਪੇਂਟਸ ਓਰੇਂਜ' ਨਾਲ ਪੇਂਟ ਕੀਤਾ ਜਾਵੇਗਾ। ਕਾਂਗਰਸ ਦੇ ਪ੍ਰਦੇਸ਼ ਜਨਰਲ ਸਕੱਤਰ ਸਵਰਨੀਮ ਚਤੁਰਵੇਦੀ ਨੇ ਇਸ ਨੂੰ ਲੈ ਕੇ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਇਹ ਕਾਲਜਾਂ 'ਚ ਸਿੱਖਿਆ ਦਾ 'ਸਿਆਸੀਕਰਨ' ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ,"ਭਾਜਪਾ ਸਰਕਾਰ ਲੋਕਾਂ ਨਾਲ ਕੀਤੇ ਗਏ ਚੋਣ ਵਾਅਦਿਆਂ ਨੂੰ ਪੂਰਾ ਕਰਨ 'ਚ ਅਸਫਲ ਰਹੀ ਹੈ। ਸਰਕਾਰ ਕੋਲ ਆਪਣੀਆਂ ਉਪਲੱਬਧੀਆਂ ਦੇ ਰੂਪ 'ਚ ਦੱਸਣ ਲਈ ਕੁਝ ਵੀ ਨਹੀਂ ਹੈ ਅਤੇ ਧਿਆਨ ਹਟਾਉਣ ਲਈ, ਉਹ ਇਸ ਤਰ੍ਹਾਂ ਦੇ ਕਦਮਾਂ ਦਾ ਸਹਾਰਾ ਲੈ ਰਹੀ ਹੈ।"

## ਸਕੂਲ ਦੇ ਪਹਿਲੇ ਦਿਨ ਨੂੰ ਬਣਾਇਆ ਯਾਦਗਾਰ, ਵੇਖਦਾ ਰਹਿ ਗਿਆ ਹਰ ਕੋਈ

ਬਹਾਦਰਗੜ੍ਹ 12 ਨਵੰਬਰ। ਹਰਿਆਣਾ ਦੇ ਬਹਾਦਰਗੜ੍ਹ ਵਿਚ ਇਕ ਅਨੋਖਾ ਮਾਮਲਾ ਦੇਖਣ ਨੂੰ ਮਿਲਿਆ, ਜਿਸ ਨੇ ਸਮਾਜ 'ਚ ਸਿੱਖਿਆ ਪ੍ਰਤੀ ਪ੍ਰੇਰਨਾਦਾਇਕ ਸੁਨੇਹਾ ਦਿੱਤਾ ਹੈ। ਦਰਅਸਲ ਬਹਾਦਰਗੜ੍ਹ ਦੇ ਪਰਿਵਾਰ ਨੇ ਆਪਣੇ ਪੁੱਤਰ ਦੇ ਸਕੂਲ ਦੇ ਪਹਿਲੇ ਦਿਨ ਨੂੰ ਯਾਦਗਾਰ ਬਣਾਉਣ ਲਈ ਕੁਝ ਅਜਿਹਾ ਕੀਤਾ। ਜਿਸ ਦੀ ਪੂਰੇ ਪਿੰਡ ਵਿਚ ਚਰਚਾ ਹੋ ਰਹੀ ਹੈ। ਪਰਿਵਾਰਕ ਮੈਂਬਰ ਬੱਚੇ ਨੂੰ ਘੋੜੀ 'ਤੇ ਬਿਠਾ ਕੇ ਬੈਂਡ ਦੇ ਨਾਲ ਸਕੂਲ ਲੈ ਗਏ। ਜਾਣਕਾਰੀ ਅਨੁਸਾਰ ਬਹਾਦਰਗੜ੍ਹ ਦੇ ਦਯਾਨੰਦ ਨਗਰ ਦਾ ਰਹਿਣ ਵਾਲਾ ਵਿਵੇਕ ਆਯੁਰਵੈਦਿਕ ਦਵਾਈਆਂ ਵੇਚਣ ਦਾ ਕੰਮ ਕਰਦਾ ਹੈ। ਵਿਵੇਕ ਦਾ ਕਹਿਣਾ ਹੈ ਕਿ ਉਸ ਦਾ ਪੁੱਤਰ ਅਨਮੋਲ ਸਾਹਿਬ 3 ਸਾਲ ਦਾ ਹੈ, ਉਹ ਹੁਣ ਤੱਕ ਘਰ ਹੀ ਰਹਿੰਦਾ ਸੀ। ਉਸ ਨੇ ਫੈਸਲਾ ਕੀਤਾ ਸੀ ਕਿ ਆਪਣੇ ਪੁੱਤਰ ਅਨਮੋਲ ਦੇ ਸਕੂਲ ਦੇ ਪਹਿਲੇ ਦਿਨ ਨੂੰ ਖਾਸ ਬਣਾਉਣ ਲਈ ਉਹ ਕੁਝ ਅਜਿਹਾ ਕਰੇਗਾ ਜੋ ਹਮੇਸਾ ਯਾਦਗਾਰ ਰਹੇਗਾ। ਉਸ ਨੇ ਅਨਮੋਲ ਨੂੰ ਲਾੜੇ ਦੀ ਤਰ੍ਹਾਂ ਸਜਾਇਆ, ਜਿਸ ਤੋਂ ਬਾਅਦ ਅਨਮੋਲ ਨੂੰ ਬੈਂਡ-ਵਾਜਿਆਂ ਦੇ ਨਾਲ ਘੋੜੀ 'ਤੇ ਸਕੂਲ ਛੱਡ ਦਿੱਤਾ। ਅਨਮੋਲ ਦੇ ਪਰਿਵਾਰ ਦੇ ਨਾਲ-ਨਾਲ ਗੁਆਂਢੀ ਵੀ ਸਾਮਲ ਹੋਏ ਅਤੇ ਬੈਂਡ ਦੀ ਧੁਨ 'ਤੇ ਡਾਂਸ ਕੀਤਾ।

## ਪੰਜਾਬ ਦੇ ਬੱਚੇ ਦੀ ਛੋਟੀ ਉਮਰ 'ਚ ਵੱਡੀ ਪ੍ਰਾਪਤੀ, ਵੱਡੀਆਂ ਮੱਲਾਂ ਮਾਰ ਜਿਲ੍ਹੇ ਦਾ ਕੀਤਾ ਨਾਂ ਰੌਸ਼ਨ

ਮੋਗਾ 12 ਨਵੰਬਰ। ਮੋਗਾ ਸ਼ਹਿਰ ਦੇ ਇਕ ਨਿੱਜੀ ਸਕੂਲ ਵਿਚ ਪੜ੍ਹਦੇ ਵਿਦਿਆਰਥੀ ਕਾਰਤੀਕੇਯ ਨੇ ਬਹੁਤ ਛੋਟੀ ਉਮਰ ਵਿਚ ਵੱਡੀਆਂ ਮੱਲਾਂ ਮਾਰਦੇ ਹੋਏ ਆਪਣੇ ਮਾਤਾ-ਪਿਤਾ ਸਮੇਤ ਮੋਗਾ ਜ਼ਿਲ੍ਹੇ ਦੇ ਨਾਮ ਰੌਸ਼ਨ ਕੀਤਾ ਹੈ। ਛੇ ਸਾਲਾ ਕਾਰਤੀਕੇਯ ਜੋ ਸਥਾਨਕ ਸ਼ਹਿਰ ਦੇ ਨਿੱਜੀ ਸਕੂਲ ਵਿਚ




ਪਹਿਲੀ ਕਲਾਸ ਦਾ ਵਿਦਿਆਰਥੀ ਹੈ, ਜਿਸ ਨੇ ਬੀਤੀ 8 ਅਕਤੂਬਰ ਨੂੰ 50 ਸਵਾਲਾਂ ਦੇ ਜੋੜ ਅਤੇ ਘਟਾਓ (5 ਕਤਾਰਾਂ) ਨੂੰ ਸਭ ਤੋਂ ਤੇਜ਼ ਹੱਲ ਕਰਨ ਦਾ ਵਿਸ਼ਵ ਰਿਕਾਰਡ ਕਾਰਤੀਕੇਯ ਮੰਗਲਾ ਨੇ ਵਰਲਡ ਰਿਕਾਰਡ ਦਰਜ ਕਰਦਿਆਂ ਵਰਲਡ ਵਾਈਡ ਬੁੱਕ ਆਫ ਰਿਕਾਰਡ 'ਚ ਨਾਮ ਦਰਜ ਕਰਵਾਇਆ ਹੈ। ਕਾਰਤੀਕੇਯ 6 ਸਾਲ 6 ਮਹੀਨੇ 12 ਦਿਨ ਦੀ ਉਮਰ ਵਿਚ 1 ਮਿੰਟ 23 ਸਕਿੰਟਾਂ ਵਿਚ 5 ਕਤਾਰਾਂ ਵਿਚ ਜੋੜ ਅਤੇ ਘਟਾਓ ਦੇ 50 ਸਵਾਲਾਂ ਨੂੰ ਹੱਲ ਕੀਤਾ ਅਤੇ ਵਿਸ਼ਵ ਵਿਆਪੀ ਰਿਕਾਰਡ ਬੁੱਕ ਲਈ ਇਕ ਰਿਕਾਰਡ ਕਾਇਮ ਕੀਤਾ ਹੈ, ਜੋ ਮੋਗਾ ਜ਼ਿਲ੍ਹੇ ਲਈ ਬਹੁਤ ਮਾਣ ਵਾਲੀ ਗੱਲ ਹੈ। ਕਾਰਤੀਕੇਯ ਵੱਲੋਂ ਵਰਲਡ ਵਾਈਡ ਬੁੱਕ ਆਫ ਰਿਕਾਰਡ 'ਚ ਨਾਮ ਦਰਜ ਕਰਵਾਉਣ 'ਤੇ ਸਮਾਜ ਸੇਵੀ ਸੰਸਥਾਵਾਂ ਦੇ ਇਲਾਵਾ ਰਾਜਨੀਤਿਕ ਆਗੂ ਅਤੇ ਸ਼ਹਿਰ ਵਾਸੀ ਕਾਰਤੀਕੇਯ ਦੀ ਇਸ ਉਪਲਬੱਧ 'ਤੇ ਉਸ ਦੇ ਪਿਤਾ ਮਹੇਸ਼ ਮੰਗਲਾ ਅਤੇ ਮਾਤਾ ਪ੍ਰੀਤੀ ਮੰਗਲਾ ਨੂੰ ਵਧਾਈ ਦੇ ਰਹੇ ਹਨ। ਇਸ ਮੌਕੇ ਕਾਰਤੀਕੇਯ ਨੇ ਦੱਸਿਆ ਕਿ ਉਹ ਮੋਗਾ ਸ਼ਹਿਰ ਦਾ ਨਾਮ ਸੋਨੂੰ ਸੂਦ ਅਤੇ ਕ੍ਰਿਕਟਰ ਹਰਮਨਪ੍ਰੀਤ ਕੌਰ ਦੀ ਤਰ੍ਹਾਂ ਇੰਡੀਆ ਲੈਵਲ 'ਤੇ ਨਾਮ ਚਮਕਾਉਣਾ ਹੀ ਉਸ ਦਾ ਇੱਕੋ ਇਕ ਟੀਚਾ ਹੈ ਅਤੇ ਉਸ ਨੂੰ ਉਹ ਪੂਰਾ ਕਰ ਕੇ ਦਮ ਲਵੇਗਾ। ਕਾਰਤੀਕੇਯ ਨੇ 'ਜਗ ਬਾਣੀ' ਦੇ ਇਸ ਪ੍ਰਤੀਨਿਧੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਇਹ ਸਭ ਕੁਝ ਸਥਾਨਕ ਸ਼ਹਿਰ ਵਿਚ ਸਥਿਤ ਇਕ ਸੰਸਥਾ ਯੂ.ਸੀ.ਐੱਮ.ਏ.ਐੱਸ ਦੇ ਮੈਡਮ ਅਲਕਾ ਗਰਗ ਤੋਂ ਸਿੱਖਿਆ ਪ੍ਰਾਪਤ ਕੀਤੀ ਹੈ ਅਤੇ ਉਸਦੀਆਂ ਵੱਡੀਆਂ ਭੈਣਾਂ ਆਈਨਾ, ਮੰਗਲਾ ਤੇ ਪ੍ਰੇਰਨਾ ਦਾ ਸੂਤਰ ਬਣੀਆਂ।

# ਰਾਜਸਥਾਨ ਲਗਾਤਾਰ ਰਾਈਜ ਕਰੇ, ਇਸ ਲਈ 'ਰਾਈਜ਼ਿੰਗ ਰਾਜਸਥਾਨ'

**ਏਜੰਸੀਆਂ**

ਨੈਸਨਲ ਡੈਸਕ 12 ਨਵੰਬਰ। ਸਾਰੇ ਕਿਆਸਾਂ 'ਤੇ ਰੋਕ ਲਾਉਂਦੇ ਹੋਏ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਅਗਲੇ ਮਹੀਨੇ ਆਪਣੇ ਕਾਰਜਕਾਲ ਦਾ ਇਕ ਸਾਲ ਪੂਰਾ ਕਰਨ ਜਾ ਰਹੇ ਹਨ। ਸ਼ਨੀਵਾਰ ਨੂੰ ਉਨ੍ਹਾਂ ਪੰਜਾਬ ਕੇਸਰੀ/ਜਗ ਬਾਣੀ ਦੇ ਅਕੂ ਸ਼੍ਰੀਵਾਸਤਵ ਤੇ ਮੁਕੇਸ਼ ਮੀਣਾ ਨਾਲ ਹੋਈ ਵਿਸ਼ੇਸ਼ ਗੱਲਬਾਤ 'ਚ ਸਾਰੇ ਮੁੱਦਿਆਂ 'ਤੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਦਾ ਸਪਸ਼ਟ ਮੰਨਣਾ ਹੈ ਕਿ ਅਗਲੇ ਕੁਝ ਹੀ ਸਾਲਾਂ 'ਚ ਸੂਬੇ ਵਿਚ ਬਿਜਲੀ-ਪਾਣੀ ਲੋੜੀਂਦੀ ਮਾਤਰਾ ਵਿਚ ਮੁਹੱਈਆ ਹੋਣਗੇ ਅਤੇ ਅਸੀਂ ਆਤਮਨਿਰਭਰ ਬਣਾਂਗੇ। ਅਸੀਂ ਗੱਲ ਨਹੀਂ, ਕੰਮ ਕਰ ਕੇ ਜਨਤਾ ਦਾ ਦਿਲ ਜਿੱਤ ਰਹੇ ਹਾਂ। ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨਾਲ 'ਜਗ ਬਾਣੀ' ਦੀ ਵਿਸ਼ੇਸ਼ ਗੱਲਬਾਤ-ਰਾਜਸਥਾਨ ਲਗਾਤਾਰ ਵਿਕਾਸ ਕਰੇ, ਇਸ ਲਈ ਰਾਈਜਿ?ਗ ਰਾਜਸਥਾਨ ਕਰਵਾ ਰਹੇ ਹਾਂ, ਜੋ ਅਗਲੇ 4 ਸਾਲ ਹੋਰ ਚੱਲੇਗਾ। ਪਹਿਲੇ ਹੀ ਸਾਲ 'ਚ ਰਾਈਜਿ?ਗ ਰਾਜਸਥਾਨ ਦੇ ਮਾਧਿਅਮ ਰਾਹੀਂ ਉੱਦਮੀਆਂ ਤੇ ਨਿਵੇਸ਼ਕਾਂ ਨੂੰ ਬਿਹਤਰ ਮਾਹੌਲ ਤੇ ਸਹੂਲਤਾਂ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਜੋ ਸੂਬੇ ਵਿਚ ਉਦਯੋਗ-ਧੰਦੇ ਸਥਾਪਤ ਹੋਣ ਅਤੇ ਨੌਜਵਾਨਾਂ ਨੂੰ ਰੋਜਗਾਰ ਮਿਲ ਸਕੇ। ਰਾਈਜਿ?ਗ ਰਾਜਸਥਾਨ ਦੇ ਪਹਿਲੇ ਪੜਾਅ 'ਚ 18 ਲੱਖ ਕਰੋੜ ਰੁਪਏ ਦੇ ਐੱਮ. ਓ. ਯੂ. ਹੋ ਚੁੱਕੇ ਹਨ। ਮੈਂ ਵੇਖਿਆ ਹੈ ਕਿ ਰਾਜਸਥਾਨ ਦੀ ਜਨਤਾ ਕੰਮ 'ਤੇ ਭਰੋਸਾ ਕਰਦੀ ਹੈ। ਅਸੀਂ 11 ਮਹੀਨਿਆਂ ਵਿਚ ਰਾਜਸਥਾਨ 'ਚ ਜੋ ਅਸਲ ਲੋੜ ਦੇ ਵਿਸ਼ੇ ਹਨ, ਉਨ੍ਹਾਂ 'ਤੇ ਕੰਮ ਕੀਤਾ ਹੈ। ਇਨ੍ਹਾਂ ਵਿਚ ਪਾਣੀ ਪਹਿਲੀ ਸਮੱਸਿਆ ਹੈ। ਆਮ ਲੋਕਾਂ ਨੂੰ ਪੀਣ ਲਈ ਪਾਣੀ ਅਤੇ ਕਿਸਾਨਾਂ ਨੂੰ ਸਿੰਚਾਈ ਲਈ। ਸੂਬੇ ਵਿਚ ਸਟੱਡੀ ਕਰ ਕੇ ਪਾਣੀ ਦੀ ਸਮੱਸਿਆ ਦਾ ਹੱਲ ਕਿਵੇਂ ਕੱਢਿਆ ਜਾਵੇ, ਉਸ 'ਤੇ ਕੰਮ ਕਰ ਰਹੇ ਹਾਂ। ਪੂਰਬੀ ਰਾਜਸਥਾਨ ਨੂੰ ਈ. ਆਰ. ਸੀ. ਪੀ. ਦਾ ਪਾਣੀ ਮੁਹੱਈਆ ਕਰਵਾਉਣ ਲਈ ਐੱਮ. ਓ. ਯੂ. ਕੀਤਾ ਗਿਆ ਹੈ। ਸ਼ੇਖਾਵਾਟੀ 'ਚ ਯਮੁਨਾ ਦਾ ਪਾਣੀ ਮਿਲੇਗਾ। ਦੂਜੀ ਪ੍ਰਮੁੱਖ ਸਮੱਸਿਆ ਬਿਜਲੀ ਦੀ ਹੈ। ਕਿਸਾਨਾਂ, ਉਦਯੋਗਾਂ, ਘਰੇਲੂ ਖਪਤਕਾਰਾਂ ਨੂੰ ਬਿਜਲੀ ਕਿਵੇਂ ਮੁਹੱਈਆ ਕਰਵਾਈ ਜਾਵੇ, ਇਸ 'ਤੇ ਫੋਕਸ ਕੀਤਾ ਗਿਆ ਹੈ। ਬਿਜਲੀ ਦੇ ਸੈਕਟਰ 'ਚ 5 ਲੱਖ ਕਰੋੜ ਰੁਪਏ ਦੇ ਐੱਮ. ਓ. ਯੂ. ਹੋਣਗੇ, ਜਿਸ ਨਾਲ ਸਾਲ 2027 ਤਕ ਕਿਸਾਨਾਂ ਨੂੰ ਦਿਨ ਵੇਲੇ ਨਿਰਵਿਘਨ ਬਿਜਲੀ ਮਿਲੇਗੀ। ਕਾਂਗਰਸ ਨੇ ਪਿਛਲੇ 5 ਸਾਲਾਂ 'ਚ ਇਕ ਯੂਨਿਟ ਵੀ ਬਿਜਲੀ ਪੈਦਾ ਨਹੀਂ ਕੀਤੀ। ਅਸੀਂ ਕੰਮ 'ਤੇ ਵਿਸ਼ਵਾਸ ਕਰਦੇ ਹਾਂ। ਜਨਤਾ ਦੇ ਹਿੱਤ ਵਿਚ ਕੰਮ ਕੀਤਾ ਜਾ ਸਕਦਾ ਹੈ। ਉਸ ਨੂੰ ਧਿਆਨ ਵਿਚ ਰੱਖ ਕੇ ਕੰਮ ਕਰ ਰਹੇ ਹਾਂ। ਅਜੇ 11 ਮਹੀਨਿਆਂ ਵਿਚ ਸੂਬੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਬਜਟ ਦਿੱਤਾ ਹੈ ਅਤੇ ਬਿਨਾਂ ਭੇਦਭਾਵ ਦੇ ਕੰਮ ਕਰਵਾਏ ਹਨ। ਸਾਨੂੰ ਕਾਂਗਰਸ ਦੀ ਬੁਰਾਈ ਕਰਨ ਨਾਲ ਕੋਈ ਮਤਲਬ ਨਹੀਂ। ਤੁਸੀਂ ਵੇਖਿਆ ਹੋਵੇਗਾ ਕਿ ਅਸੀਂ ਵਿਰੋਧੀ ਧਿਰ 'ਤੇ ਹਮਲਾ ਨਹੀਂ ਕਰਦੇ, ਅਸੀਂ ਆਪਣੇ ਕੰਮ 'ਤੇ ਫੋਕਸ ਕਰਦੇ ਹਾਂ। ਇਸੇ ਤੋਂ ਜਨਤਾ ਖੁਸ਼ ਹੈ। ਉਪ-ਚੋਣਾਂ ਸਬੰਧੀ ਅਸੀਂ



ਪੂਰੀ ਤਿਆਰੀ ਨਾਲ ਮੈਦਾਨ ਵਿਚ ਹਾਂ। ਅਸੀਂ ਸੰਕਲਪ ਪੱਤਰ ਵਿਚ ਜਿਹੜੇ ਵਾਅਦੇ ਪੂਰੇ ਕੀਤੇ ਹਨ, ਉਨ੍ਹਾਂ ਨੂੰ ਅਤੇ ਬਜਟ ਵਿਚ ਕੀਤੇ ਗਏ ਕੰਮ ਨੂੰ ਲੈ ਕੇ ਜਨਤਾ ਵਿਚਕਾਰ ਜਾ ਰਹੇ ਹਾਂ। ਜਨਤਾ ਸਾਡੇ ਕੰਮ ਤੋਂ ਖੁਸ਼ ਹੈ। ਸਾਡੀ ਕੋਸ਼ਿਸ਼ ਹੈ ਕਿ ਉਦਯੋਗਪਤੀ ਤੇ ਵੱਡੇ ਵਪਾਰੀ ਰਾਜਸਥਾਨ ਦਾ ਰੁਖ ਕਰਨ। ਅਸੀਂ ਉਨ੍ਹਾਂ ਨੂੰ ਉਹ ਸਾਰੀਆਂ ਸਹੂਲਤਾਂ ਦੇਵਾਂਗੇ, ਜੋ ਹੋਰ ਸੂਬੇ ਦੇ ਰਹੇ ਹਨ। ਦੇਖੋ ਬਹੁਤ ਕੁਝ ਹੋ ਰਿਹਾ ਹੈ। ਅੱਗੇ ਵੀ ਇਸ ਤੋਂ ਹੋਰ ਚੰਗਾ ਹੋਵੇਗਾ। ਸਾਰੇ ਵਿਭਾਗਾਂ ਨੂੰ ਕਾਰਜ ਯੋਜਨਾ ਤਿਆਰ ਕਰਨ ਅਤੇ ਐਲਾਨਾਂ ਦੀ ਸੂਚੀ ਬਣਾਉਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਸ਼ੁਰੂਆਤੀ ਦਿਨਾਂ 'ਚ ਲੱਗਭਗ 3 ਸਾਲ ਮੈਂ ਪੱਤਰਕਾਰਤਾ ਵੀ ਕੀਤੀ ਹੈ। ਸਾਲ 1993-94 ਦੇ ਦੌਰ 'ਚ ਭਰਤਪੁਰ 'ਚ ਖਬਰਾਂ ਬਣਾਉਣ ਅਤੇ ਭੇਜਣ ਦਾ ਕੰਮ ਕਰਦਾ ਸੀ। ਪਹਿਲਾਂ ਹੱਥ ਨਾਲ ਖਬਰਾਂ ਲਿਖਦਾ, ਫਿਰ ਉਸ ਦਾ ਬੰਡਲ ਬਣਾਉਂਦਾ, ਉਸ ਨੂੰ ਬੱਸ ਵਿਚ ਦੇਣ ਜਾਂਦਾ ਅਤੇ ਬਦਲੇ 'ਚ ਬੱਸ ਵਾਲੇ ਨੂੰ ਮੂੰਗਫਲੀ ਦੀ ਥੈਲੀ ਫੜਾ ਦਿੰਦਾ। ਵੱਖਰਾ ਹੀ ਜਨੂੰਨ ਸੀ ਉਸ ਦੌਰ ਵਿਚ। ਹੱਥ ਨਾਲ ਖਬਰ ਲਿਖ ਕੇ 2 ਵਜੇ ਪਹਿਲਾਂ ਆਗਰਾ ਜਾਣ ਵਾਲੀ ਬੱਸ ਵਿਚ ਦੇਣੀ ਹੁੰਦੀ ਸੀ। ਪੱਤਰਕਾਰਤਾ ਲਈ ਪਿੰਡ 'ਚੋਂ ਜਲਦੀ ਨਿਕਲਣਾ ਹੁੰਦਾ ਸੀ। ਉਹ ਦੌਰ ਹੀ ਵੱਖਰਾ ਸੀ। ਉਨ੍ਹੀਂ ਦਿਨੀਂ ਅਖਬਾਰਾਂ ਕੋਲ ਫੈਕਸ ਨਹੀਂ ਹੁੰਦੇ ਸਨ। ਇਸ ਲਈ ਖਬਰਾਂ ਭੇਜਣ ਦਾ ਇਹੀ ਇਕ ਤਰੀਕਾ ਸੀ ਅਤੇ ਕਈ ਵਾਰ ਤਾਂ ਖਬਰ 2 ਦਿਨ ਬਾਅਦ ਲੱਗਦੀ ਸੀ। ਇਸ ਤੋ ਇਲਾਵਾ ਮੈਨੂੰ ਕਵਿਤਾਵਾਂ ਲਿਖਣ ਦਾ ਵੀ ਸ਼ੌਕ ਸੀ।

# ਹੁਣ ਨਹੀਂ ਮਿਲੇਗਾ ਵਿਆਜ, ਸਰਕਾਰ ਨੇ ਬਦਲੇ ਨਿਯਮ-ਇਸ ਯੋਜਨਾ 'ਚ ਨਿਵੇਸ਼ਕਾਂ ਨੂੰ ਹੋਵੇਗਾ ਨੁਕਸਾਨ

**ਏਜੰਸੀਆਂ**

ਨਵੀਂ ਦਿੱਲੀ 12 ਨਵੰਬਰ। ਪੋਸਟ ਆਫਿਸ ਦੀਆਂ ਛੋਟੀਆਂ ਬੱਚਤ ਸਕੀਮਾਂ ਦੀ ਵਰਤੋਂ ਦੇਸ ਦੇ ਕਰੋੜਾਂ ਲੋਕ ਵਿੱਤੀ ਸੁਰੱਖਿਆ ਲਈ ਕਰਦੇ ਹਨ। ਸਮੇਂ-ਸਮੇਂ 'ਤੇ ਇਨ੍ਹਾਂ ਸਕੀਮਾਂ 'ਚ ਬਦਲਾਅ ਹੁੰਦੇ ਰਹਿੰਦੇ ਹਨ ਅਤੇ ਹਾਲ ਹੀ 'ਚ ਵੱਡੀ ਤਬਦੀਲੀ ਕੀਤੀ ਗਈ ਹੈ। ਹੁਣ ਨਿਵੇਸਕਾਂ ਨੂੰ ਰਾਸਟਰੀ ਬੱਚਤ ਯੋਜਨਾ (ਐੱਨ. ਐੱਸ. ਐੱਸ.) 'ਚ ਵਿਆਜ ਨਹੀਂ ਮਿਲੇਗਾ ਅਤੇ ਸਰਕਾਰ ਨੇ ਇਸ ਦੇ ਤਹਿਤ ਕੁਝ ਮਹੱਤਵਪੂਰਨ ਨਿਯਮਾਂ 'ਚ ਬਦਲਾਅ ਕੀਤਾ ਹੈ। ਅੱਜ ਅਸੀਂ ਤੁਹਾਨੂੰ ਇਸ ਤਬਦੀਲੀ ਨਾਲ ਸਬੰਧਤ ਸਾਰੀ ਜਾਣਕਾਰੀ ਵਿਸਥਾਰ ਵਿੱਚ ਦੇਵਾਂਗੇ, ਤਾਂ ਜੋ ਤੁਸੀਂ ਆਪਣੇ ਨਿਵੇਸ ਨੂੰ ਬਿਹਤਰ ਤਰੀਕੇ ਨਾਲ ਸਮਝ ਸਕੋ। ਰਾਸਟਰੀ ਬੱਚਤ ਯੋਜਨਾ () ਇੱਕ ਬੱਚਤ ਯੋਜਨਾ ਸੀ ਜੋ 1987 ਵਿੱਚ ਸੁਰੂ ਕੀਤੀ ਗਈ ਸੀ। ਇਸਦਾ ਉਦੇਸ ਨਿਵੇਸਕਾਂ ਨੂੰ ਇੱਕ ਸੁਰੱਖਿਅਤ ਅਤੇ ਸਥਿਰ ਨਿਵੇਸ ਵਿਕਲਪ ਪ੍ਰਦਾਨ ਕਰਨਾ ਸੀ ਜਿਸ ਵਿੱਚ ਉਹਨਾਂ ਨੂੰ ਚੰਗਾ ਵਿਆਜ ਮਿਲੇਗਾ। ਇਸ ਤਹਿਤ ਜਮ੍ਹਾ ਰਾਸੀ 'ਤੇ ਵਿਸੇਸ ਆਮਦਨ ਕਰ ਛੋਟ ਵੀ ਮਿਲਦੀ ਸੀ, ਜਿਸ ਕਾਰਨ ਇਹ ਸਕੀਮ ਹੋਰ ਵੀ ਆਕਰਸਕ ਬਣ ਗਈ ਸੀ। ਇਸ ਸਕੀਮ ਤਹਿਤ 7.5% ਸਲਾਨਾ ਵਿਆਜ ਮਿਲਦਾ ਸੀ, ਜੋ 1 ਅਕਤੂਬਰ 2024 ਤੋਂ ਬੰਦ ਹੋ ਗਿਆ ਹੈ। ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਇੱਕ ਆਦੇਸ ਜਾਰੀ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ 1 ਅਕਤੂਬਰ, 2024 ਤੋਂ ਰਾਸਟਰੀ ਬੱਚਤ ਯੋਜਨਾ (ਐਨਐਸਐਸ) ਦੇ ਤਹਿਤ ਜਮ੍ਹਾ ਰਾਸੀ 'ਤੇ ਵਿਆਜ ਦਾ ਭੁਗਤਾਨ ਰੋਕ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਸਰਕਾਰ ਨੇ ਉਨ੍ਹਾਂ ਸਾਰੇ ਨਿਵੇਸਕਾਂ ਨੂੰ 30 ਸਤੰਬਰ 2024 ਤੱਕ ਆਪਣਾ ਪੈਸਾ ਕਢਵਾਉਣ ਦੀ ਸਲਾਹ ਦਿੱਤੀ ਹੈ ਕਿਉਂਕਿ 1 ਅਕਤੂਬਰ ਤੋਂ ਬਾਅਦ ਉਨ੍ਹਾਂ ਨੂੰ ਕੋਈ ਵਿਆਜ ਨਹੀਂ ਮਿਲੇਗਾ। ਇਹ ਬਦਲਾਅ ਉਨ੍ਹਾਂ ਨਿਵੇਸਕਾਂ ਲਈ ਵੱਡਾ ਝਟਕਾ ਹੋ ਸਕਦਾ ਹੈ, ਜਿਨ੍ਹਾਂ ਨੇ ਇਸ ਯੋਜਨਾ 'ਚ ਲੰਬੇ ਸਮੇਂ ਤੋਂ ਨਿਵੇਸ ਕੀਤਾ ਸੀ। ਜਿਨ੍ਹਾਂ ਨਿਵੇਸਕਾਂ ਕੋਲ ਪਹਿਲਾਂ ਹੀ ਨੈਸਨਲ ਸੇਵਿੰਗਜ ਸਕੀਮ (ਐਨਐਸਐਸ) ਦੇ ਤਹਿਤ ਜਮ੍ਹਾਂ ਹਨ, ਉਨ੍ਹਾਂ ਨੂੰ ਆਪਣੇ ਫੰਡ ਵਾਪਸ ਲੈਣ ਦੀ ਸਲਾਹ ਦਿੱਤੀ ਜਾ ਰਹੀ ਹੈ। ਸਰਕਾਰ ਨੇ ਸਪੱਸਟ ਕਿਹਾ ਹੈ ਕਿ ਇਸ ਤਰੀਕ ਤੋਂ ਬਾਅਦ ਵਿਆਜ ਦੀ ਅਦਾਇਗੀ ਬੰਦ ਕਰ ਦਿੱਤੀ ਜਾਵੇਗੀ। ਜੇਕਰ ਤੁਸੀਂ ਇਸ ਸਕੀਮ ਦੇ ਤਹਿਤ ਨਿਵੇਸ ਕੀਤਾ ਹੈ, ਤਾਂ ਇਹ ਤੁਹਾਡੀਆਂ ਜਮ੍ਹਾਂ ਰਕਮਾਂ ਨੂੰ ਸੁਰੱਖਿਅਤ ਢੰਗ ਨਾਲ ਵਾਪਸ ਲੈਣ ਦਾ ਸਮਾਂ ਹੈ। ਇਸ ਤੋਂ ਇਲਾਵਾ ਤੁਸੀਂ ਆਪਣੀ ਜਰੂਰਤ ਮੁਤਾਬਕ ਫੈਸਲਾ ਲੈ ਸਕਦੇ ਹੋ। ਸਰਕਾਰ ਨੇ ਨਿਵੇਸਕਾਂ ਨੂੰ ਆਪਣੀ ਕੇਵਾਈਸੀ (ਨੋ ਯੂਅਰ ਕਸਟਮਰ) ਜਾਣਕਾਰੀ ਨੂੰ ਅਪਡੇਟ ਕਰਨ ਦੀ ਬੇਨਤੀ ਕੀਤੀ ਹੈ। ਜੇਕਰ ਤੁਸੀਂ ਅਜੇ ਤੱਕ ਆਪਣੇ ਖਾਤੇ ਦਾ ਕੇਵਾਈਸੀ ਅਪਡੇਟ ਨਹੀਂ ਕੀਤਾ ਹੈ, ਤਾਂ ਇਸ ਪ੍ਰਕਿਰਿਆ ਨੂੰ ਜਲਦੀ ਤੋਂ ਜਲਦੀ ਪੂਰਾ ਕਰੋ, ਤਾਂ ਜੋ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਤੋਂ ਬਚਿਆ ਜਾ ਸਕੇ। ਬਹੁਤ ਸਾਰੇ ਲੋਕ ਅਤੇ (ਰਾਸਟਰੀ ਬੱਚਤ ਸਰਟੀਫਿਕੇਟ) ਵਿਚਕਾਰ ਉਲਝਣ ਵਿੱਚ ਪੈ ਜਾਂਦੇ ਹਨ, ਪਰ ਇਹ ਦੋਵੇਂ ਸਕੀਮਾਂ ਵੱਖਰੀਆਂ ਹਨ। ਸਕੀਮ 1987 ਤੋਂ 2002 ਤੱਕ ਚੱਲੀ ਅਤੇ 1992 ਤੋਂ ਬਾਅਦ ਇਸ ਵਿੱਚ ਨਵੇਂ ਨਿਵੇਸ ਦੀ ਇਜਾਜਤ ਨਹੀਂ ਦਿੱਤੀ ਗਈ। ਪਰ, ਸਰਕਾਰ



2002 ਤੋਂ ਹੁਣ ਤੱਕ ਇਸ ਸਕੀਮ ਵਿੱਚ ਨਿਵੇਸ ਕਰਨ ਵਾਲਿਆਂ ਨੂੰ ਵਿਆਜ ਦਿੰਦੀ ਰਹੀ ਹੈ। ਇਸ ਦੇ ਨਾਲ ਹੀ, ਇੱਕ ਵੱਖਰੀ ਸਕੀਮ ਹੈ ਜਿਸ ਵਿੱਚ ਅੱਜ ਵੀ ਨਿਵੇਸ ਕੀਤਾ ਜਾ ਸਕਦਾ ਹੈ ਅਤੇ ਇਸ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਇਸ ਲਈ, ਵਿੱਚ ਨਿਵੇਸ ਕਰਨ ਵਾਲਿਆਂ ਲਈ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਇੱਥੇ ਵਿਆਜ ਦਰ ਅਤੇ ਭੁਗਤਾਨ ਪ੍ਰਕਿਰਿਆ ਵਰਗੇ ਕਈ ਵਿਕਲਪ ਹਨ। ਸਕੀਮ 1987 ਵਿੱਚ ਸੁਰੂ ਕੀਤੀ ਗਈ ਸੀ ਅਤੇ 1992 ਤੱਕ ਖੁੱਲ੍ਹੀ ਰਹੀ। ਇਹ ਫਿਰ ਅਸਥਾਈ ਤੌਰ 'ਤੇ ਦੁਬਾਰਾ ਖੋਲ੍ਹਿਆ ਗਿਆ ਸੀ, ਅਤੇ ਅੰਤ ਵਿੱਚ 2002 ਵਿੱਚ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ। ਹਾਲਾਂਕਿ, ਇਸ ਤੋਂ ਬਾਅਦ ਵੀ, ਇਸ ਸਕੀਮ ਵਿੱਚ ਪਹਿਲਾਂ ਹੀ ਨਿਵੇਸ ਕਰਨ ਵਾਲਿਆਂ ਨੂੰ ਵਿਆਜ ਦੇਣਾ ਜਾਰੀ ਰਿਹਾ। ਸਕੀਮ ਨੇ ਜਮ੍ਹਾਂਕਰਤਾਵਾਂ ਨੂੰ ਪ੍ਰਤੀ ਸਾਲ 40,000 ਰੁਪਏ ਤੱਕ ਨਿਵੇਸ ਕਰਨ ਦੀ ਇਜਾਜਤ ਦਿੱਤੀ, ਜੋ ਆਮਦਨ ਕਰ ਛੋਟ ਪ੍ਰਾਪਤ ਕਰਨ ਦੇ ਯੋਗ ਸੀ। ਪਹਿਲਾਂ ਇਸ ਸਕੀਮ ਤਹਿਤ 11% ਵਿਆਜ ਦਰ ਮਿਲਦੀ ਸੀ, ਜਿਸ ਨੂੰ ਬਾਅਦ ਵਿੱਚ ਘਟਾ ਕੇ 7.5% ਸਲਾਨਾ ਕਰ ਦਿੱਤਾ ਗਿਆ। ਜੇਕਰ ਤੁਸੀਂ 1 ਅਕਤੂਬਰ, 2024 ਤੋਂ ਪਹਿਲਾਂ ਸਕੀਮ ਵਿੱਚ ਪੈਸੇ ਜਮ੍ਹਾ ਕਰਵਾਏ ਹਨ, ਤਾਂ ਤੁਹਾਨੂੰ ਵਿਆਜ ਮਿਲੇਗਾ, ਜੋ ਕਿ 7.5% ਪ੍ਰਤੀ ਸਾਲ ਹੋਵੇਗਾ। ਇਸ ਲਈ, ਜੇਕਰ ਤੁਸੀਂ 30 ਸਤੰਬਰ, 2024 ਤੱਕ ਆਪਣੀ ਜਮ੍ਹਾਂ ਰਕਮ ਵਾਪਸ ਲੈਂਦੇ ਹੋ, ਤਾਂ ਤੁਹਾਨੂੰ ਪੂਰੀ ਰਕਮ ਅਤੇ ਵਿਆਜ ਮਿਲੇਗਾ। ਪਰ, ਜੇਕਰ ਤੁਸੀਂ 1 ਅਕਤੂਬਰ, 2024 ਤੋਂ ਬਾਅਦ ਨਵਾਂ ਖਾਤਾ ਖੋਲ੍ਹਦੇ ਹੋ ਜਾਂ ਵਿੱਚ ਜਮ੍ਹਾਂ ਕਰਦੇ ਹੋ, ਤਾਂ ਹੁਣ ਤੁਹਾਨੂੰ ਵਿਆਜ ਦਾ ਭੁਗਤਾਨ ਨਹੀਂ ਮਿਲੇਗਾ। ਇਹ ਬਦਲਾਅ ਨਿਵੇਸਕਾਂ ਲਈ ਮਹੱਤਵਪੂਰਨ ਹੋ ਸਕਦਾ ਹੈ ਅਤੇ ਉਨ੍ਹਾਂ ਨੂੰ ਨਵੀਆਂ ਯੋਜਨਾਵਾਂ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ। ਸਕੀਮ ਤੋਂ ਵਾਪਸ ਲਏ ਗਏ ਫੰਡਾਂ 'ਤੇ ਟੈਕਸ ਉਸੇ ਸਾਲ ਅਦਾ ਕੀਤਾ ਜਾਂਦਾ ਹੈ ਜਿਸ ਵਿੱਚ ਰਕਮ ਕਢਵਾਈ ਜਾਂਦੀ ਹੈ। ਹਾਲਾਂਕਿ, ਜੇਕਰ ਕੋਈ ਨਿਵੇਸਕ ਆਪਣਾ ਪੈਸਾ ਖਾਤੇ ਵਿੱਚ ਛੱਡਦਾ ਹੈ, ਤਾਂ ਇਸ 'ਤੇ ਕਮਾਇਆ ਵਿਆਜ ਉਦੋਂ ਤੱਕ ਟੈਕਸ-ਮੁਕਤ ਰਹੇਗਾ ਜਦੋਂ ਤੱਕ ਪੈਸਾ ਖਾਤੇ ਵਿੱਚ ਰਹਿੰਦਾ ਹੈ। ਇਸ ਤੋਂ ਇਲਾਵਾ, ਜੇਕਰ ਜਮ੍ਹਾਂਕਰਤਾ ਦੀ ਮੌਤ ਹੋ ਜਾਂਦੀ ਹੈ ਅਤੇ ਉਸਦੇ ਪਰਿਵਾਰਕ ਮੈਂਬਰ ਜਾਂ ਵਾਰਸ ਰਕਮ ਵਾਪਸ ਲੈ ਲੈਂਦੇ ਹਨ, ਤਾਂ ਸਾਰੀ ਰਕਮ ਟੈਕਸ-ਮੁਕਤ ਮੰਨੀ ਜਾਵੇਗੀ। ਹੁਣ ਤੁਹਾਨੂੰ ਆਪਣੀ ਨਿਵੇਸ ਰਣਨੀਤੀ 'ਤੇ ਮੁੜ ਵਿਚਾਰ ਕਰਨਾ ਪਵੇਗਾ ਅਤੇ ਅਜਿਹੇ ਵਿਕਲਪਾਂ ਦੀ ਭਾਲ ਕਰਨੀ ਪਵੇਗੀ ਜੋ ਤੁਹਾਨੂੰ ਬਿਹਤਰ ਵਿਆਜ ਦਰਾਂ ਅਤੇ ਸੁਰੱਖਿਅਤ ਰਿਟਰਨ ਦੇ ਸਕਣ। ਤੁਸੀਂ (ਪਬਲਿਕ ਪ੍ਰੋਵੀਡੈਂਟ ਫੰਡ), ਪੋਸਟ ਆਫਿਸ ਸੇਵਿੰਗਜ ਅਕਾਊਂਟ ਅਤੇ ਨੈਸਨਲ ਸੇਵਿੰਗਜ ਸਰਟੀਫਿਕੇਟ () ਵਰਗੀਆਂ ਸਕੀਮਾਂ ਵਿੱਚ ਨਿਵੇਸ ਕਰ ਸਕਦੇ ਹੋ। ਕੇਂਦਰ ਸਰਕਾਰ ਵੱਲੋਂ ਕੀਤੇ ਗਏ ਇਸ ਐਲਾਨ ਨੇ ਉਨ੍ਹਾਂ ਸਾਰੇ ਨਿਵੇਸਕਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਨ੍ਹਾਂ ਨੇ ਪਹਿਲਾਂ ਨੈਸਨਲ ਸੇਵਿੰਗਜ ਸਕੀਮ (ਐੱਨ. ਐੱਸ. ਐੱਸ.) 'ਚ ਨਿਵੇਸ ਕੀਤਾ ਸੀ। ਇਸ ਸਕੀਮ ਵਿੱਚ ਵਿਆਜ ਦਾ ਭੁਗਤਾਨ 1 ਅਕਤੂਬਰ, 2024 ਤੋਂ ਬੰਦ ਹੋ ਜਾਵੇਗਾ, ਅਤੇ ਨਿਵੇਸਕਾਂ ਨੂੰ 30 ਸਤੰਬਰ ਤੱਕ ਆਪਣੇ ਫੰਡ ਵਾਪਸ ਲੈਣ ਦੀ ਸਲਾਹ ਦਿੱਤੀ ਜਾ ਰਹੀ ਹੈ।